JOSHI LAW OFFICE
Barrister, Solicitor & Notary Public
• Immigration
• Real Estate
• Commercial Law
• Affidavit
• Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6



To view our online newspaper visit punjabipost.ca/epaper | Vol 21* Issue 199 | Friday, October 14, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ


## ਅੰਦਰ ਇਹ ਵੀ ਪੜ੍ਹੋ

ਮੂਰ ਵੱਲੋਂ ਓਨਟਾਰੀਓ ਵਾਸੀਆਂ ਨੂੰ ਸਿਆਲਾਂ ਵਿੱਚ ਮਾਸਕ ਪਾ ਕੇ ਰੱਖਣ ਦੀ ਸਲਾਹ



ਪੰਨਾ 02

ਕੱਟੜਪੰਥੀ ਵਹਿਣ ਦੇ ਵਿਰੁੱਧ ਬੋਲਣ ਦਾ ਮਹੂਰਤ ਨਿਕਲੇਗਾ ਕਦੋਂ !

ਜਤਿੰਦਰ ਪਨੂੰ ਦੀ ਕਲਮ ਤੋਂ



ਪੰਨਾ 08

# 12+ ਓਨਟਾਰੀਓ ਵਾਸੀ ਸੋਮਵਾਰ ਤੋਂ ਲਵਾ ਸਕਣਗੇ ਕੋਵਿਡ-19 ਸਬੰਧੀ ਬਾਇਵੇਲੈਂਟ ਬੂਸਟਰ ਸ਼ੌਟਸ

ਓਨਟਾਰੀਓ, 13 ਅਕਤੂਬਰ (ਪੋਸਟ ਬਿਊਰੋ) : ਸੋਮਵਾਰ ਤੋਂ ਸ਼ੁਰੂ ਕਰਕੇ ਓਨਟਾਰੀਓ ਵਾਸੀ, ਜਿਨ੍ਹਾਂ ਦੀ ਉਮਰ 12 ਸਾਲ ਤੇ ਇਸ ਤੋਂ ਉੱਪਰ ਹੋਵੇਗੀ, ਫਾਈਜ਼ਰ-ਬਾਇਓਐਨਟੈਕ ਦੇ ਬਾਇਵੇਲੈਂਟ ਕੋਵਿਡ-19 ਬੂਸਟਰ ਸ਼ੌਟ ਲੈ ਸਕਣਗੇ।

ਇਸ ਸਬੰਧ ਵਿੱਚ ਅਪੁਆਇੰਟਮੈਂਟਸ ਪ੍ਰੋਵਿੰਸ ਦੇ ਕੋਵਿਡ-19 ਵੈਕਸੀਨ ਪੋਰਟਲ ਰਾਹੀਂ ਜਾਂ ਆਪਣੇ ਬੁਕਿੰਗ ਸਿਸਟਮਜ਼ ਦੀ ਵਰਤੋਂ ਕਰਨ ਵਾਲੀਆਂ ਪਬਲਿਕ ਹੈਲਥ ਯੂਨਿਟਸ ਰਾਹੀਂ ਕੀਤੀ ਜਾ ਸਕੇਗੀ। ਇਨ੍ਹਾਂ ਤੋਂ ਇਲਾਵਾ ਕੁੱਝ ਹੈਲਥ ਕੇਅਰ ਪ੍ਰੋਵਾਈਡਰਜ਼ ਤੇ ਫਾਰਮੇਸੀਜ਼ ਵੀ ਇਸ ਤਰ੍ਹਾਂ ਦੀਆਂ ਅਪੁਆਇੰਟਮੈਂਟਸ ਬੁੱਕ ਕਰ ਸਕਦੀਆਂ ਹਨ। ਪ੍ਰੋਵਿੰਸ ਨੇ ਦੱਸਿਆ ਕਿ ਇਸ ਹਫਤੇ ਫੈਡਰਲ ਸਰਕਾਰ ਕੋਲੋਂ ਉਸ ਨੂੰ ਫਾਈਜ਼ਰ ਬਾਇਵੇਲੈਂਟ ਓਮਾਈਕ੍ਰੋਨ ਵੈਕਸੀਨ ਦੀ



ਪਹਿਲੀ ਖੇਪ ਹਾਸਲ ਹੋ ਜਾਵੇਗੀ। ਇਸ ਵੈਕਸੀਨ ਨੂੰ ਹੈਲਥ ਕੈਨੇਡਾ ਵੱਲੋਂ ਪਿਛਲੇ ਹਫਤੇ ਮਨਜ਼ੂਰੀ ਦਿੱਤੀ ਗਈ ਸੀ।

ਇਹ ਵੈਕਸੀਨ 12 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਮਨਜ਼ੂਰ ਕੀਤੀ ਗਈ ਹੈ। ਇਸ ਨੂੰ ਮੁੱਢਲੀ ਵੈਕਸੀਨ ਸੀਰੀਜ਼ ਦੀ ਦੂਜੀ ਡੋਜ਼ ਜਾਂ ਪਿੱਛੇ ਜਿਹੇ ਦਿੱਤੇ ਗਏ ਬੂਸਟਰ ਸ਼ੌਟ ਤੋਂ ਤਿੰਨ ਤੋਂ ਛੇ ਮਹੀਨੇ ਬਾਅਦ ਤੱਕ ਦਿੱਤਾ ਜਾ ਸਕਦਾ ਹੈ। ਪੰਜ ਹਫਤੇ ਪਹਿਲਾਂ ਮਨਜ਼ੂਰ ਕੀਤਾ ਗਿਆ ਮੌਡਰਨਾ ਦਾ ਕੌਂਬੀਨੇਸ਼ਨ ਸ਼ੌਟ ਅਸਲੀ ਵਾਇਰਸ ਤੇ ਪਹਿਲੇ ਓਮਾਇਕ੍ਰੋਨ ਵੇਰੀਐਂਟ ਨੂੰ ਨਿਸ਼ਾਨਾ ਬਣਾਉਂਦਾ ਹੈ ਜਦਕਿ ਫਾਈਜ਼ਰ ਦੇ ਸ਼ੌਟਸ ਬੀਏ.4 ਤੇ ਬੀਏ.5 ਸਟਰੇਨਜ਼ ਲਈ ਕਾਰਗਰ ਹਨ।

ਪ੍ਰੋਵਿੰਸ ਦਾ ਇਹ ਵੀ ਕਹਿਣਾ ਹੈ ਕਿ 60 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਜੇ ਕੋਵਿਡ-19 ਦੇ ਲੱਛਣ ਨਜ਼ਰ ਆਉਂਦੇ ਹਨ ਤਾਂ ਉਹ ਪੈਕਸਲੋਵਿਡ ਵਰਗੇ ਐਂਟੀਵਾਇਰਲ ਟਰੀਟਮੈਂਟਸ ਲੈ ਸਕਦੇ ਹਨ। ਇਸ ਦੇ ਨਾਲ ਹੀ ਓਨਟਾਰੀਓ ਵਿੱਚ ਹੈਲਥ ਅਧਿਕਾਰੀਆਂ ਵੱਲੋਂ ਲੋਕਾਂ ਨੂੰ ਫਲੂ ਸੀਜ਼ਨ ਵਿੱਚ ਹੋਣ ਵਾਲੀਆਂ ਸਾਹ ਸਬੰਧੀ ਬਿਮਾਰੀਆਂ ਤੋਂ ਵੀ ਆਗਾਹ ਕਰਵਾਇਆ ਜਾ ਰਿਹਾ ਹੈ। ਸਿਹਤ ਅਧਿਕਾਰੀਆਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਪਹਿਲੀ ਨਵੰਬਰ ਤੋਂ ਹੈਲਥ ਕੇਅਰ ਪ੍ਰੋਵਾਈਡਰਜ਼, ਪਬਲਿਕ ਹੈਲਥ ਯੂਨਿਟਸ ਤੇ ਕੁੱਝ ਫਾਰਮੇਸੀਜ਼ ਵੱਲੋਂ ਫਲੂ ਸ਼ੌਟਸ ਵੀ ਮੁਹੱਈਆ ਕਰਵਾਏ ਜਾਣਗੇ।

# ਜੱਜ ਦੀ ਸਿਫਾਰਿਸ਼ ਉੱਤੇ ਹਾਕੀ ਕੈਨੇਡਾ ਦੇ ਬੋਰਡ ਨੇ ਦਿੱਤਾ ਸੀ ਅਸਤੀਫਾ?

ਓਟਵਾ, 13 ਅਕਤੂਬਰ (ਪੋਸਟ ਬਿਊਰੋ) : ਹਾਕੀ ਕੈਨੇਡਾ ਦੇ ਪ੍ਰੈਜ਼ੀਡੈਂਟ/ਸੀਈਓ ਤੇ ਬੋਰਡ ਵੱਲੋਂ ਮੰਗਲਵਾਰ ਨੂੰ ਆਪਣੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਗਿਆ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਸੁਪਰੀਮ ਕੋਰਟ ਦੇ ਸਾਬਕਾ ਜੱਜ ਦੀ ਸਿਫਾਰਿਸ਼ ਉੱਤੇ ਹਾਕੀ ਕੈਨੇਡਾ ਦੇ ਬੋਰਡ ਵੱਲੋਂ ਇਹ ਫੈਸਲਾ ਲਿਆ ਗਿਆ ਸੀ।

ਹਾਕੀ ਕੈਨੇਡਾ ਵੱਲੋਂ ਵੀਰਵਾਰ ਨੂੰ ਉਹ ਮੈਮੋ ਜਾਰੀ ਕੀਤਾ ਗਿਆ ਜਿਹੜਾ ਜੱਜ ਥਾਮਸ ਕਰੌਮਵੈੱਲ ਨੇ ਆਰਗੇਨਾਈਜ਼ੇਸ਼ਨ ਦੀ ਗਵਰਨੈੱਸ ਸਬੰਧੀ ਮੁਲਾਂਕਣ ਕੀਤੀ ਗਈ ਅੰਤਰਿਮ ਰਿਪੋਰਟ ਨਾਲ ਭੇਜਿਆ ਸੀ। ਸੋਮਵਾਰ ਦੀ ਤਾਰੀਕ ਨੂੰ ਜਾਰੀ ਹੋਏ ਇਸ ਮੈਮੋ ਵਿੱਚ ਜੱਜ ਕਰੌਮਵੈੱਲ ਨੇ ਆਖਿਆ ਕਿ ਹਾਕੀ ਕੈਨੇਡਾ ਅਹਿਮ ਸਟੇਕਹੋਲਡਰਜ਼



ਦਾ ਭਰੋਸਾ ਗੁਆ ਚੁੱਕੀ ਹੈ ਤੇ ਇਸ ਤਰ੍ਹਾਂ ਦੀ ਤਬਦੀਲੀ ਵੱਲ ਧਿਆਨ ਦੇਣਾ ਬਣਦਾ ਹੈ।

ਕਰੌਮਵੈੱਲ ਵੱਲੋਂ ਇਹ ਸਿਫਾਰਿਸ਼ ਵੀ ਕੀਤੀ ਗਈ ਦੱਸੀ ਜਾਂਦੀ ਹੈ ਕਿ ਹਾਕੀ ਕੈਨੇਡਾ ਇੱਕ ਅਜਿਹਾ ਬੋਰਡ ਤੇ ਬੋਰਡ ਚੇਅਰ ਨਿਯੁਕਤ ਕਰਨ ਦਾ ਇੰਤਜ਼ਾਰ ਕਰੇ ਜਿਹੜਾ ਤਬਦੀਲੀ ਬੋਰਡ ਵਜੋਂ ਇੱਕ ਸਾਲ ਲਈ ਸੇਵਾ ਨਿਭਾਉਣ ਲਈ ਤਿਆਰ ਹੋਵੇ। ...ਬਾਕੀ ਪੰਨਾ 2 'ਤੇ

# ਐਮਰਜੈਂਸੀ ਆਧਾਰ 'ਤੇ ਐਂਟਰੀ ਵੀਜ਼ਾ ਜਾਰੀ ਕਰਨ ਲਈ ਕਾਇਮ ਕੀਤੇ ਜਾਣਗੇ ਸਪੈਸ਼ਲ ਕਾਊਂਟਰ




ਟੋਰਾਂਟੋ, 13 ਅਕਤੂਬਰ (ਪੋਸਟ ਬਿਊਰੋ) : ਐਮਰਜੰਸੀ ਆਧਾਰ ਉੱਤੇ ਐਂਟਰੀ ਵੀਜ਼ਾ ਲਈ ਤੇਜ਼ੀ ਨਾਲ ਅਰਜ਼ੀਆਂ ਨੂੰ ਨਿਪਟਾਉਣ ਵਾਸਤੇ ਟੋਰਾਂਟੋ ਤੇ ਬਰੈਂਪਟਨ ਵਿੱਚ ਬੀਐਲਐਸ ਸੈਂਟਰਾਂ ਉੱਤੇ ਸਪੈਸ਼ਲ ਕਾਊਂਟਰ ਕਾਇਮ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਤਰ੍ਹਾਂ ਦੀਆਂ ਅਰਜ਼ੀਆਂ ਸਵੀਕਾਰਨ ਲਈ 17 ਅਕਤੂਬਰ, 2022 ਤੋਂ ਸਪੈਸ਼ਲ ਕਾਊਂਟਰਜ਼ ਸ਼ੁਰੂ ਕੀਤੇ ਜਾਣਗੇ। ਇਸ ਲਈ ਬਿਨੈਕਾਰਾਂ ਨੂੰ ਅਗਾਊਂ ਹੀ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਤਰ੍ਹਾਂ ਦੀਆਂ ਅਰਜ਼ੀਆਂ ਜਮ੍ਹਾਂ ਕਰਵਾਉਣ ਲਈ ਸਿੱਧੇ ਕਾਊਂਸਲੇਟ ਨਾ ਜਾਣ।

ਤਤਕਾਲ ਪਰਿਵਾਰਕ ਮੈਂਬਰਾਂ (ਸਿਰਫ ਮਾਪਿਆਂ, ਗ੍ਰੈਂਡਪੇਰੈਂਟਸ ਤੇ ਭੈਣ-ਭਰਾਵਾਂ)ਦੀ ਮੌਤ ਦੇ ਸਬੰਧ ਵਿੱਚ ਵੀਜ਼ਾ ਅਰਜ਼ੀਆਂ ਵੀਕਡੇਅਜ਼ ਉੱਤੇ ਸਵੇਰੇ 8:00 ਵਜੇ ਤੋਂ 11:00 ਵਜੇ ਤੱਕ ਤੇ ਸ਼ਨਿੱਚਰਵਾਰ ਨੂੰ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਬੀਐਲਐਸ ਸੈਂਟਰਾਂ ਉੱਤੇ 1448 ਲਾਅਰੈਂਸ ਐਵਨਿਊ ਈ, ਯੂਨਿਟ 6 ਏ, ਟੋਰਾਂਟੋ ਓਨਟਾਰੀਓ ਐਮ4ਏ 2ਵੀ6 ਤੇ 60 ਗਿਲਿੰਘਮ ਡਰਾਈਵ, ਯੂਨਿਟ 403, ਬਰੈਂਪਟਨ, ਓਨਟਾਰੀਓ ਐਲ6ਐਕਸ 4ਐਕਸ7 ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ।

ਅਜਿਹੇ ਬਿਨੈਕਾਰ ਅੱਗੇ ਸੇਧ ਲੈਣ ਲਈ ਲੋੜੀਂਦੇ ਦਸਤਾਵੇਜ਼ਾਂ ਨਾਲ ਬੀਐਲਐਸ ਵਿਖੇ ਸਕਿਊਰਿਟੀ ਕਰਮਚਾਰੀਆਂ ਤੱਕ ਪਹੁੰਚ ਕਰ ਸਕਦੇ ਹਨ। ਕਿਰਪਾ ਕਰਕੇ ਇਹ ਵੀ ਨੋਟ ਕੀਤਾ ਜਾਵੇ ਕਿ ਜ਼ਰੂਰੀ ਲੋੜੀਂਦੇ ਦਸਤਾਵੇਜ਼ਾਂ ਦੇ ਨਾਲ ਨਾਲ ਬਿਨੈਕਾਰਾਂ ਨੂੰ ਹੇਠ ਲਿਖੇ ਦਸਤਾਵੇਜ਼ ਵੀ ਜਮ੍ਹਾਂ ਕਰਵਾਉਣੇ ਹੋਣਗੇ :

1. ਡੈੱਥ ਸਰਟੀਫਿਕੇਟਸ/ਮੈਡੀਕਲ ਦਸਤਾਵੇਜ਼, ਜਿਨ੍ਹਾਂ ਤੋਂ ਇਸ ਗੱਲ ਦੀ ਪੁਸ਼ਟੀ ਹੋਵੇ ਕਿ ਮੌਤ ਪਿਛਲੇ 72 ਘੰਟਿਆਂ ਦੇ ਅੰਦਰ ਅੰਦਰ ਹੋਈ ਹੈ
2. ਮ੍ਰਿਤਕ ਦੀ ਫੋਟੋ ਆਈਡੀ ਦੀ ਕਾਪੀ
3. ਬਿਨੈਕਾਰ ਨਾਲ ਮ੍ਰਿਤਕ ਦੇ ਰਿਸ਼ਤੇ ਦੇ ਸਬੂਤ ਦੀ ਕਾਪੀ

ਇੱਕ ਵਾਰੀ ਅਰਜ਼ੀ ਸਵੀਕਾਰੇ ਜਾਣ ਤੇ ਫੀਸ ਬੀਐਲਐਸ ਵਿਖੇ ਜਮ੍ਹਾਂ ਕਰਵਾ ਦਿੱਤੇ ਜਾਣ ਤੋਂ ਬਾਅਦ ਬਿਨੈਕਾਰ ਅਦਾਇਗੀ ਦੇ ਸਬੂਤ (ਜੇ ਉਸੇ ਦਿਨ ਟਰੈਵਲ ਕਰ ਰਿਹਾ ਹੋਵੇ ਤਾਂ ਏਅਰ ਟਿਕਟ ਦੇ ਨਾਲ )ਨਾਲ ਆਪਣੀ ਅਰਜ਼ੀ ਵੀਕਡੇਅਜ਼ ਉੱਤੇ ਦੁਪਹਿਰ ਦੇ 2:00 ਵਜੇ ਤੱਕ ਤੇ ਸ਼ਨਿੱਚਰਵਾਰ ਨੂੰ ਦੁਪਹਿਰ ਦੇ 12:00 ਵਜੇ ਤੱਕ ਕਾਊਂਸਲੇਟ ਲਿਆ ਸਕਦਾ ਹੈ ਤਾਂ ਕਿ ਉਸੇ ਦਿਨ ਵੀਜ਼ਾ ਜਾਰੀ ਕੀਤਾ ਜਾ ਸਕੇ। ...ਬਾਕੀ ਪੰਨਾ 2 'ਤੇ


AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

NOW HIRING !!!
ALLKIND INSURANCE
• Life Insurance • Super Visa Insurance
• Critical illness Ins • Mortgage Insurance
• Travel & Visitor Ins • Disability Insurance
• RESP & TFSA & RRSP • Funeral Insurance
SIMRAN SAINI
416.994.7272
www.allkindinsurance.com

OURR HOME & APPLIANCES
UPGRADE TO SMART SCREEN FRIDGE IN JUST $499
FALL
For Ourr Exclusive Deals
PRICE $4699
KitchenAid moffat MAYTAG LG SAMSUNG Electrolux JENNAIR BOSCH Whirlpool
416-551-5553
WWW.OURRHOMEAPPLIANCES.COM

Pure Vegetarian
MUFFIN'S
INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

INSURANCE
Home Auto
Business Trucking
Life Insurance Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
• Supervisa / Visitor Insurance
• Life / Mortgage/Funeral Insurance
• Disability Insurance
• Critical Illness Insurance
• RESP / RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
905-362-0755

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
416 938 4598

# ਹੁਣ ਹਫਤੇ ਵਿੱਚ 20 ਘੰਟੇ ਤੋਂ ਵੱਧ ਸਮੇਂ ਲਈ ਕੰਮ ਕਰ ਸਕਣਗੇ ਕੌਮਾਂਤਰੀ ਵਿਦਿਆਰਥੀ

ਓਟਵਾ, 13 ਅਕਤੂਬਰ (ਪੋਸਟ ਬਿਊਰੋ) : ਅਰਥਚਾਰੇ ਨੂੰ ਲੀਹ ਉੱਤੇ ਲਿਆਉਣ ਤੇ ਵਿਕਾਸ ਲਈ ਵਰਕਰਜ਼ ਨੂੰ ਲੱਭਣ ਤੇ ਆਪਣੇ ਵਰਕਰਜ਼ ਨੂੰ ਕੰਮ ਉੱਤੇ ਬਣਾਈ ਰੱਖਣ ਲਈ ਇੰਪਲੌਇਰਜ਼ ਨੂੰ ਕਾਫੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੌਜੂਦਾ ਲੇਬਰ ਸਬੰਧੀ ਲੋੜਾਂ ਨੂੰ ਪੂਰਾ ਕਰਨ ਲਈ ਕੈਨੇਡਾ ਸਰਕਾਰ ਵੱਲੋਂ ਸਖ਼ਤ ਕਦਮ ਚੁੱਕੇ ਜਾ ਰਹੇ ਹਨ।

ਬੀਤੇ ਦਿਨੀਂ ਇਸ ਸਬੰਧ ਵਿੱਚ ਇਮੀਗ੍ਰੇਸ਼ਨ ਮੰਤਰੀ ਸ਼ਾਨ ਫਰੇਜ਼ਰ ਨੇ ਐਲਾਨ ਕੀਤਾ ਹੈ ਕਿ ਸਰਕਾਰ ਪੋਸਟ ਸੈਕੰਡਰੀ ਕੌਮਾਂਤਰੀ ਵਿਦਿਆਰਥੀਆਂ ਦੇ ਪੜ੍ਹਾਈ ਦੇ ਨਾਲ ਨਾਲ ਹਫਤੇ ਵਿੱਚ 20 ਘੰਟੇ ਕੰਮ ਕਰਨ ਦੀ ਸ਼ਰਤ ਨੂੰ



ਆਰਜ਼ੀ ਤੌਰ ਉੱਤੇ ਖ਼ਤਮ ਕਰਨ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਹੁਣ ਇਹ ਕੌਮਾਂਤਰੀ ਵਿਦਿਆਰਥੀ ਪੜ੍ਹਾਈ ਦੇ ਨਾਲ ਨਾਲ ਜਿੰਨੀ ਦੇਰ ਲਈ ਕੰਮ ਕਰਨਾ ਚਾਹੁਣਗੇ ਕਰ ਸਕਣਗੇ। ਇਸ ਤੋਂ ਭਾਵ ਹੈ ਕਿ ਜਿਹੜੇ ਕੌਮਾਂਤਰੀ ਵਿਦਿਆਰਥੀ ਕੈਨੇਡਾ ਵਿੱਚ ਹਨ ਤੇ ਜਿਨ੍ਹਾਂ ਨੂੰ ਆਪਣੇ ਸਟਡੀ ਪਰਮਿਟ ਨਾਲ ਕੰਮ ਕਰਨ ਦਾ ਅਧਿਕਾਰ ਵੀ ਮਿਲਿਆ ਹੋਇਆ ਹੈ ਹੁਣ ਉਨ੍ਹਾਂ ਲਈ ਹਰ ਹਫਤੇ 20 ਘੰਟੇ ਕੰਮ ਕਰਨ ਦਾ ਨਿਯਮ ਹਟਾਅ ਦਿੱਤਾ ਜਾਵੇਗਾ। ਇਹ ਨਿਯਮ 15 ਨਵੰਬਰ 2022 ਤੋਂ ਸ਼ੁਰੂ ਹੋਵੇਗਾ ਤੇ 31 ਦਸੰਬਰ 2023 ਤੱਕ ਚੱਲੇਗਾ।

ਇਨ੍ਹਾਂ ਤੋਂ ਇਲਾਵਾ ਜਿਹੜੇ ਵਿਦੇਸ਼ੀ ਨਾਗਰਿਕ, ਪਹਿਲਾਂ ਹੀ ਆਪਣੀ ਸਟਡੀ ਪਰਮਿਟ ਐਪਲੀਕੇਸ਼ਨ ਜਮ੍ਹਾਂ ਕਰਵਾ ਚੁੱਕੇ ਹਨ ਤੇ ਉਨ੍ਹਾਂ ਦੀ ਅਰਜੀ ਮਨਜ਼ੂਰ ਹੋ ਜਾਂਦੀ ਹੈ ਤਾਂ ਉਨ੍ਹਾਂ ਨੂੰ ਵੀ ਇਸ ਆਰਜ਼ੀ ਤਬਦੀਲੀ ਤੋਂ ਫਾਇਦਾ ਹੋਵੇਗਾ।

## ਕਵੀਂਸਵੁੱਡ ਕਾਲਜ ਦੇ ਡਿਪਲੋਮਾ ਕੋਰਸ ਕੈਨੇਡਾ ਵਿਚ ਭਵਿੱਖ ਲਈ ਸਹਾਈ

ਕਨੇਡਾ ਵਿੱਚ ਖੁਸ਼ ਰਹਿਣ ਅਤੇ ਬਿਹਤਰ ਭਵਿੱਖ ਬਣਾਉਣ ਲਈ ਤੁਸੀਂ ਕਵੀਂਸਵੁੱਡ ਕਾਲਜ ਦੁਆਰਾ ਪੇਸ਼ ਕੀਤੇ ਡਿਪਲੋਮਾ ਕੋਰਸਾਂ ਵਿੱਚ ਸ਼ਾਮਲ ਹੋ ਸਕਦੇ ਹੋ। ਜੇਕਰ ਤੁਸੀਂ ਵਿਜ਼ਟਿਰ ਹੋ, ਕੈਨੇਡਾ ਲਈ ਨਵੇਂ ਹੋ, ਕੰਮ ਤੋਂ ਮੁਅੱਤਲ ਹੋ, ਲੇਬਰ ਮਾਰਕੀਟ ਨੂੰ ਛੱਡਣਾ ਚਾਹੁੰਦੇ ਹੋ ਫਿਰ ਕੁਈਨਸਵੁੱਡ ਕਾਲਜ ਤੁਹਾਡੇ ਹੁਨਰ ਨੂੰ ਅਪਗ੍ਰੇਡ ਕਰਨ ਲਈ ਸਹੀ ਜਗ੍ਹਾ ਹੈ। ਕੁਈਨਸਵੁੱਡ ਕਾਲਜ ਪਰਸਨਲ ਸਪੋਰਟ ਵਰਕਰ, ਫੂਡ ਸਰਵਿਸ ਵਰਕਰ, ਆਫਿਸ ਐਡਮਿਨਿਸਟ੍ਰੇਸ਼ਨ ਅਤੇ ਮੈਡੀਕਲ ਆਫਿਸ ਐਡਮਿਨਿਸਟ੍ਰੇਸ਼ਨ ਡਿਪਲੋਮਾ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦਾ ਹੈ।ਇਹਨਾਂ ਕੋਰਸਾਂ ਲਈ ਇੱਕ ਵਿਸ਼ੇਸ਼ ਛੂਟ (ਧਸਿਚੋੁਨਟ ੌਾਇਰ) ਪੇਸ਼ਕਸ਼ ਹੈ ਜੋ ਸਿਰਫ 30 ਸਤੰਬਰ ਤੱਕ ਯੋਗ ਹੈ।ਇਸ ਪੇਸ਼ਕਸ਼ ਦਾ ਲਾਭ ਲੈਣ ਲਈ 30 ਤੋਂ ਪਹਿਲਾਂ ਉਹਨਾਂ ਨਾਲ ਸੰਪਰਕ ਕਰੋ।ਛੋਟੇ ਕੋਰਸਾਂ ਲਈ ਇਹ ਅਕਾਊਂਟਿੰਗ, ਬੇਸਿਕ ਤੋਂ ਐਡਵਾਂਸਡ ਕੰਪਿਊਟਰ ਕੋਰਸ, ਬੁੱਕ ਕੀਪਿੰਗ, ਕਵਿੱਕਬੁੱਕ, ਅੰਗਰੇਜ਼ੀ ਭਾਸ਼ਾ ਦੇ ਕੋਰਸ, ਡਾਟਾ ਐਂਟਰੀ, ਆਈਲੈਟਸ ਅਤੇ ਸਲਪੀਪ ਦੀ ਪੇਸ਼ਕਸ਼ ਕਰਦਾ ਹੈ। ਛੋਟੇ ਕੋਰਸ ਵੀ ਨੌਕਰੀਆਂ ਪ੍ਰਾਪਤ ਕਰਨ ਲਈ ਲਾਭਦਾਇਕ ਹਨ।ਵਧੇਰੇ ਜਾਣਕਾਰੀ ਲਈ, ਤੁਸੀਂ 905-872-0088 ਤੇ ਕਾਲ ਕਰ ਸਕਦੇ ਹੋ।

# ਐਮਰਜੰਸੀ ਆਧਾਰ ’ਤੇ ਐਂਟਰੀ ਵੀਜ਼ਾ ਜਾਰੀ ਕਰਨ ਲਈ ਕਾਇਮ ਕੀਤੇ ਜਾਣਗੇ ਸਪੈਸ਼ਲ ਕਾਊਂਟਰ

...ਪੰਨਾ 1 ਦਾ ਬਾਕੀ

ਬਿਨੈਕਾਰ ਆਪਣੀ ਅਰਜ਼ੀ ਬੀਐਲਐਸ ਸੈਂਟਰ ਉੱਤੇ ਛੱਡ ਕੇ ਜਾਣ ਦਾ ਬਦਲ ਵੀ ਚੁਣ ਸਕਦਾ ਹੈ, ਅਜਿਹੀ ਸੂਰਤ ਵਿੱਚ ਵੀਜ਼ਾ ਅਗਲੇ ਕੰਮ ਵਾਲੇ ਦਿਨ ਜਾਰੀ ਕੀਤਾ ਜਾਵੇਗਾ। ਗੰਭੀਰ ਮੈਡੀਕਲ ਐਮਰਜੰਸੀ ਕੇਸਾਂ ਦੇ ਮਾਮਲੇ ਵਿੱਚ ਜਿੱਥੇ ਕਿਸੇ ਪਰਿਵਾਰਕ ਮੈਂਬਰ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ, ਬਿਨੈਕਾਰ ਨੂੰ ਕਾਊਂਸਲੇਟ ਦੀ ਵੈੱਬਸਾਈਟ https://www.cgitoronto.gov.in/sampark/enquiry.php?id=9 ਉੱਤੇ ਸੰਪਰਕ ਪੋਰਟਲ ਉੱਤੇ ਕਾਊਂਸਲੇਟ ਨਾਲ ਐਮਰਜੰਸੀ ਅਪੁਆਇੰਟਮੈਂਟ ਲਈ ਬੇਨਤੀ ਦੀ ਅਰਜ਼ੀ ਜਮ੍ਹਾਂ ਕਰਵਾਉਣੀ ਹੋਵੇਗੀ ਤੇ ਇਸ ਦੇ ਨਾਲ ਹੀ ਇਸ ਬੇਨਤੀ ਨੂੰ ਕਾਊਂਸਲੇਟ ਵੱਲੋਂ ਸਵੀਕਾਰ ਕੀਤੇ ਜਾਣ ਦੀ ਉਡੀਕ ਕਰਨੀ ਹੋਵੇਗੀ। ਫਿਰ ਬਿਨੈਕਾਰ, ਉੱਤੇ ਦੱਸੇ ਗਏ ਵੇਰਵਿਆਂ ਦੇ ਅਧਾਰ ਉੱਤੇ ਬੀਐਲਐਸ ਦੇ ਸਪੈਸ਼ਲ ਕਾਊਂਟਰਜ਼ ਉੱਤੇ ਸੰਪਰਕ ਦੀ ਮਨਜ਼ੂਰੀ ਦੀ ਕਾਪੀ ਨਾਲ ਆਪਣੀ ਅਰਜ਼ੀ ਜਮ੍ਹਾਂ ਕਰਵਾ ਸਕਦੇ ਹਨ। ਅਜਿਹੇ ਸਾਰੇ ਮਾਮਲਿਆਂ ਵਿੱਚ ਐਂਟਰੀ ਵੀਜ਼ਾ ਸਿੰਗਲ ਐਂਟਰੀ ਵਜੋਂ ਵੱਧ ਤੋਂ ਵੱਧ 90 ਦਿਨਾਂ ਲਈ ਦਿੱਤਾ ਜਾ ਸਕਦਾ ਹੈ।

# ਹਥਿਆਰਬੰਦ ਕਾਰਜੈਕਿੰਗ ਤੇ ਡਾਕੇ ਮਾਰਨ ਵਾਲੇ ਚਾਰ ਲੜਕਿਆਂ ਨੂੰ ਪੁਲਿਸ ਨੇ ਕੀਤਾ ਗ੍ਰਿਫਤਾਰ

ਟੋਰਾਂਟੋ, 13 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਤੇ ਯੌਰਕ ਰੀਜਨ ਵਿੱਚ ਕਈ ਹਥਿਆਰਬੰਦ ਕਾਰਜੈਕਿੰਗਜ਼ ਕਰਨ ਤੇ ਡਾਕੇ ਮਾਰਨ ਦੇ ਮਾਮਲੇ ਵਿੱਚ 14 ਤੋਂ 16 ਸਾਲ ਦੇ ਚਾਰ ਲੜਕਿਆਂ ਨੂੰ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ।



ਟੋਰਾਂਟੋ ਤੇ ਯੌਰਕ ਪੁਲਿਸ ਅਧਿਕਾਰੀਆਂ ਨੂੰ 19 ਸਤੰਬਰ ਤੇ 4 ਅਕਤੂਬਰ ਦਰਮਿਆਨ ਵੱਖ ਵੱਖ ਥਾਂਵਾਂ ਉੱਤੇ ਤਿੰਨ ਕਾਰਜੈਕਿੰਗਜ਼ ਤੇ ਅੱਠ ਫਾਰਮੇਸੀਜ਼ ਵਿੱਚ ਡਾਕੇ ਮਾਰਨ ਦੀਆਂ ਖਬਰਾਂ ਮਿਲੀਆਂ ਸਨ।ਪੁਲਿਸ ਨੇ ਦੱਸਿਆ ਕਿ ਇੱਕ ਜਾਂ ਦੋ ਹਥਿਆਰਬੰਦ ਲੜਕੇ ਗੱਡੀਆਂ ਤੱਕ ਪਹੁੰਚ ਕਰਦੇ ਸਨ ਤੇ ਗੱਡੀ ਵਿੱਚ ਸਵਾਰ ਵਿਅਕਤੀ ਨੂੰ ਹੈਂਡਗੰਨ ਵਿਖਾ ਕੇ ਕਾਰ ਦੀਆਂ ਚਾਬੀਆਂ, ਕਾਰ ਤੇ ਪ੍ਰਾਪਰਟੀ ਮੰਗਦੇ ਸਨ। ਫਿਰ ਇਨ੍ਹਾਂ ਲੜਕਿਆਂ ਦਾ ਗਰੁੱਪ ਚੋਰੀ ਦੀ ਗੱਡੀ ਵਿੱਚ ਹੀ ਸਵਾਰ ਹੋ ਕੇ ਉੱਥੋਂ ਭੱਜ ਜਾਂਦਾ ਸੀ।

ਇਹ ਵੀ ਸਾਹਮਣੇ ਆਇਆ ਕਿ ਇਨ੍ਹਾਂ ਲੜਕਿਆਂ ਵੱਲੋਂ ਹੀ ਚੋਰੀ ਦੀਆਂ ਗੱਡੀਆਂ ਵਿੱਚ ਸਵਾਰ ਹੋ ਕੇ ਕਈ ਫਾਰਮੇਸੀਜ਼ ਨੂੰ ਆਪਣਾ ਨਿਸ਼ਾਨਾ ਬਣਾਇਆ ਗਿਆ। ਅਧਿਕਾਰੀਆਂ ਵੱਲੋਂ ਇਨ੍ਹਾਂ ਨੂੰ ਟੇਕਓਵਰ ਸਟਾਈਲ ਦੇ ਡਾਕਿਆਂ ਦਾ ਨਾਂ ਦਿੱਤਾ ਗਿਆ ਹੈ। ਗਰੁੱਪ ਦਾ ਇੱਕ ਮੈਂਬਰ ਹੈਂਡਗੰਨ ਵਿਖਾਉਂਦਾ ਸੀ ਤੇ ਨਾਲ ਦੀ ਨਾਲ ਕੈਸ਼ ਤੇ ਨਸ਼ੀਲੀਆਂ ਦਵਾਈਆਂ ਦੀ ਮੰਗ ਕਰਦਾ ਸੀ। ਇਸ ਤੋਂ ਤੁਰੰਤ ਬਾਅਦ ਹੀ ਉਹ ਮੌਕੇ ਤੋਂ ਫਰਾਰ ਹੋ ਜਾਂਦੇ ਸਨ। ਪੁਲਿਸ ਨੂੰ ਇਨ੍ਹਾਂ ਘਟਨਾਵਾਂ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਮਿਲੀ।

ਜਾਂਚ ਦੌਰਾਨ ਪੁਲਿਸ ਇਹ ਡਾਕੇ ਮਾਰਨ ਵਾਲੇ ਕੁੱਝ ਲੜਕਿਆਂ ਦੀ ਸ਼ਨਾਖ਼ਤ ਕਰਨ ਵਿੱਚ ਕਾਮਯਾਬ ਹੋ ਗਈ। 6 ਅਕਤੂਬਰ ਨੂੰ ਟੋਰਾਂਟੋ ਤੇ ਯੌਰਕ ਰੀਜਨ ਦੇ ਅਧਿਕਾਰੀਆਂ ਨੇ ਇਨ੍ਹਾਂ ਵਿੱਚੋਂ ਇੱਕ ਲੜਕੇ ਨੂੰ ਚੋਰੀ ਦੀ ਗੱਡੀ ਵਿੱਚ ਦਾਖਲ ਹੁੰਦਿਆਂ ਪਾਇਆ, ਇਹ ਗੱਡੀ ਪਿੱਛੇ ਜਿਹੇ ਹੀ ਕਾਰਜੈਕ ਕੀਤੀ ਗਈ ਸੀ। ਪੁਲਿਸ ਵੱਲੋਂ ਕਾਰ ਦੀ ਪੈੜ ਨੱਪੀ ਗਈ ਤੇ ਉਸ ਵਿੱਚ ਸਵਾਰ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਚੋਰੀ ਦੀ ਗੱਡੀ ਵਿੱਚੋਂ ਪੁਲਿਸ ਨੂੰ ਹੈਂਡਗੰਨ ਦੀ ਰੈਪਲਿਕਾ ਮਿਲੀ ਤੇ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਵੀ ਮਿਲੇ। 14 ਸਾਲ ਦੇ ਤਿੰਨ ਲੜਕਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਨ੍ਹਾਂ ਉੱਤੇ ਹਥਿਆਰਾਂ ਨਾਲ ਡਾਕਾ ਮਾਰਨ ਸਮੇਤ ਕਈ ਹੋਰ ਚਾਰਜਿਜ਼ ਵੀ ਲਾਏ ਗਏ ਹਨ।ਇੱਕ ਹੋਰ 16 ਸਾਲਾ ਲੜਕੇ ਨੂੰ ਵੀ ਹਥਿਆਰ ਨਾਲ ਡਾਕਾ ਮਾਰਨ ਦੇ 11 ਮਾਮਲਿਆਂ ਸਮੇਤ ਕਈ ਹੋਰ ਚਾਰਜਿਜ਼ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ।

# ਬਰੈਂਪਟਨ ਵਿੱਚ ਗੋਲੀ ਲੱਗਣ ਕਾਰਨ ਇੱਕ ਜ਼ਖ਼ਮੀ



ਬਰੈਂਪਟਨ, 13 ਅਕਤੂਬਰ (ਪੋਸਟ ਬਿਊਰੋ) : ਬਰੈਂਪਟਨ ਵਿੱਚ ਇੱਕ ਰਿਹਾਇਸ਼ੀ ਬਿਲਡਿੰਗ ਦੇ ਬਾਹਰ ਚੱਲੀ ਗੋਲੀ ਵਿੱਚ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ। ਉਸ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਸਟੀਲਜ਼ ਐਵਨਿਊ ਤੇ ਮੇਨ ਸਟਰੀਟ ਇਲਾਕੇ ਵਿੱਚ ਕੈਰੌਲਾਇਸ ਬੁਲੇਵਾਰਡ ਉੱਤੇ ਸਥਿਤ ਇਮਾਰਤ ਦੇ ਉੱਪਰੀ ਤੇ ਆਊਟਡਰ ਪਾਰਕਿੰਗ ਲੌਟ ਵਿੱਚ ਰਾਤੀਂ 1:00 ਵਜੇ ਗੋਲੀ ਚੱਲੀ। ਪੈਰਾਮੈਡਿਕਸ ਨੇ ਦੱਸਿਆ ਕਿ ਜ਼ਖ਼ਮੀ ਵਿਅਕਤੀ ਦੇ ਗੋਲੀਆਂ ਲੱਗਣ ਕਾਰਨ ਉਸ ਦੀ ਹਾਲਤ ਕਾਫੀ ਖਰਾਬ ਸੀ ਤੇ ਉਸ ਨੂੰ ਇਲਾਜ ਲਈ ਟਰੌਮਾ ਸੈਂਟਰ ਲਿਜਾਇਆ ਗਿਆ।ਅਜੇ ਤੱਕ ਕਿਸੇ ਮਸ਼ਕੂਕ ਜਾਂ ਕਿਸੇ ਗੱਡੀ ਦਾ ਵੇਰਵਾ ਜਾਰੀ ਨਹੀਂ ਕੀਤਾ ਗਿਆ।

# ਜੱਜ ਦੀ ਸਿਫਾਰਿਸ਼ ਉੱਤੇ ਹਾਕੀ ਕੈਨੇਡਾ ਦੇ ਬੋਰਡ ਨੇ ਦਿੱਤਾ ਸੀ ਅਸਤੀਫਾ?

...ਪੰਨਾ 1 ਦਾ ਬਾਕੀ

ਇਹ ਨਵਾਂ ਬੋਰਡ ਆਰਗੇਨਾਈਜ਼ੇਸ਼ਨ ਦੀ ਸੀਨੀਅਰ ਮੈਨੇਜਮੈਂਟ ਟੀਮ ਸਬੰਧੀ ਜਨਤਾ ਦੇ ਕਈ ਤੌਖ਼ਲਿਆਂ ਨੂੰ ਦੂਰ ਕਰਨ ਦੇ ਸਮਰੱਥ ਵੀ ਹੋਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਹਾਕੀ ਕੈਨੇਡਾ ਨੇ ਮੰਗਲਵਾਰ ਨੂੰ ਇਹ ਐਲਾਨ ਕੀਤਾ ਸੀ ਕਿ ਉਨ੍ਹਾਂ ਦੇ ਪ੍ਰੈਜ਼ੀਡੈਂਟ ਤੇ ਸੀਈਓ ਸਕੌਟ ਸਮਿੱਥ ਨੇ ਆਪਣਾ ਅਹੁਦਾ ਛੱਡ ਦਿੱਤਾ ਹੈ ਤੇ ਸਮੁੱਚੇ ਬੋਰਡ ਆਫ ਡਾਇਰੈਕਟਰਜ਼ ਵੱਲੋਂ ਵੀ ਅਸਤੀਫਾ ਦੇ ਦਿੱਤਾ ਗਿਆ ਹੈ। ਇਹ ਬੋਰਡ 17 ਦਸੰਬਰ ਨੂੰ ਹਾਕੀ ਕੈਨੇਡਾ ਦੀ ਸਾਲਾਨਾ ਜਨਰਲ ਮੀਟਿੰਗ ਮੌਕੇ ਨਵਾਂ ਬੋਰਡ ਚੁਣੇ ਜਾਣ ਤੱਕ ਕੰਮ ਕਰਦਾ ਰਹੇਗਾ।

# ਹਿੱਟ ਐਂਡ ਰੰਨ ਮਾਮਲੇ ਵਿੱਚ ਬਜ਼ੁਰਗ ਮਹਿਲਾ ਦੀ ਹੋਈ ਮੌਤ

ਮਿਸੀਸਾਗਾ, 13 ਅਕਤੂਬਰ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਹਿੱਟ ਐਂਡ ਰੰਨ ਹਾਦਸੇ ਵਿੱਚ ਇੱਕ ਬਜ਼ੁਰਗ ਮਹਿਲਾ ਦੀ ਮੌਤ ਹੋ ਗਈ।

ਵੀਰਵਾਰ ਸਵੇਰੇ 5:30 ਵਜੇ ਪੀਲ ਪੁਲਿਸ ਟੌਮਕਨ ਤੇ ਬ੍ਰਿਟੇਨੀਆ ਰੋਡਜ਼ ਇਲਾਕੇ ਵਿੱਚ ਵਾਪਰੇ ਹਾਦਸੇ ਦੀ ਖਬਰ ਮਿਲਣ ਉੱਤੇ ਮੌਕੇ ਉੱਤੇ ਪਹੁੰਚੀ। ਪੈਰਾਮੈਡਿਕਸ ਨੇ ਦੱਸਿਆ ਕਿ ਉਨ੍ਹਾਂ ਦੇ ਹਾਦਸੇ ਵਾਲੀ ਥਾਂ ਉੱਤੇ ਪਹੁੰਚਣ ਉੱਤੇ ਮਹਿਲਾ ਉਨ੍ਹਾਂ ਨੂੰ ਬਿਨਾਂ ਸਾਹ-ਸਤ ਦੇ ਮਿਲੀ। ਉਸ ਨੂੰ ਹਸਪਤਾਲ ਲਿਜਾਇਆ ਗਿਆ ਪਰ ਉੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਪੁਲਿਸ ਅਨੁਸਾਰ ਮਸ਼ਕੂਕ ਗੱਡੀ ਲੈ ਕੇ ਟੌਮਕਨ ਰੋਡ ਉੱਤੇ ਦੱਖਣ ਵੱਲ ਚਲਾ ਗਿਆ। ਪਰ ਗੱਡੀ ਸਬੰਧੀ ਕੋਈ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ। ਜਾਂਚ ਲਈ ਬ੍ਰਿਟੇਨੀਆ ਉੱਤੇ ਟੌਮਕਨ ਰੋਡ ਨੂੰ ਦੱਖਣ ਵਾਲੇ ਪਾਸੇ ਤੋਂ ਬੰਦ ਕਰ ਦਿੱਤਾ ਗਿਆ ਹੈ।

# ਮੂਰ ਵੱਲੋਂ ਓਨਟਾਰੀਓ ਵਾਸੀਆਂ ਨੂੰ ਸਿਆਲਾਂ ਵਿੱਚ ਮਾਸਕ ਪਾ ਕੇ ਰੱਖਣ ਦੀ ਸਲਾਹ



ਓਨਟਾਰੀਓ, 13 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਦੇ ਉੱਘੇ ਡਾਕਟਰ ਦਾ ਕਹਿਣਾ ਹੈ ਕਿ ਸਿਆਲਾਂ ਦੀ ਰੁੱਤ ਕਾਫੀ ਸਖ਼ਤ ਰਹਿਣ ਦੇ ਚੱਲਦਿਆਂ ਉਨ੍ਹਾਂ ਵੱਲੋਂ ਮਾਸਕਿੰਗ ਦੇ ਸਬੰਧ ਵਿੱਚ ਹੋਰ ਸਿਫਾਰਿਸ਼ਾਂ ਜਾਰੀ ਕੀਤੀਆਂ ਜਾਣਗੀਆਂ।

ਵੀਰਵਾਰ ਨੂੰ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ•ਕੀਰਨ ਮੂਰ ਨੇ ਆਖਿਆ ਕਿ ਪਿਛਲੇ ਕੁੱਝ ਹਫਤਿਆਂ ਤੋਂ ਪ੍ਰੋਵਿੰਸ ਵਿੱਚ ਕੋਵਿਡ-19 ਕਾਰਨ ਮਰੀਜ਼ਾਂ ਦੇ ਹਸਪਤਾਲਾਂ ਵਿੱਚ ਦਾਖਲ ਹੋਣ ਦੇ ਸਿਲਸਿਲੇ ਵਿੱਚ ਵਾਧਾ ਹੋਇਆ ਹੈ। ਨਿਜੀ ਸੰਪਰਕ ਕਾਰਨ ਫੈਲਣ ਵਾਲੇ ਇਸ ਤਰ੍ਹਾਂ ਦੇ ਕਿਸੇ ਵੀ ਵਾਇਰਸ ਦੇ ਖਤਰੇ ਨੂੰ ਘਟਾਉਣ ਲਈ ਅਸੀਂ ਮਾਸਕ ਪਾਉਣ ਸਬੰਧੀ ਸਿਫਾਰਿਸ਼ਾਂ ਕਰਨ ਬਾਰੇ ਵਿਚਾਰ ਕਰ ਰਹੇ ਹਾਂ।ਸਿਹਤ ਮੰਤਰਾਲੇ ਨਾਲ ਇਸ ਸਬੰਧੀ ਗੱਲ ਕਰਨ ਉੱਤੇ ਇਹ ਜਵਾਬ ਮਿਲਿਆ ਕਿ ਮੂਰ ਦੀਆਂ ਸਿਫਾਰਿਸ਼ਾਂ ਜਨਤਾ ਲਈ ਹੋਣਗੀਆਂ ਤੇ ਸਰਕਾਰ ਇਸ ਸਬੰਧ ਵਿੱਚ ਕੋਈ ਖਾਸ ਪਬਲਿਕ ਹੈਲਥ ਮਾਪਦੰਡ ਨਹੀਂ ਲਾਗੂ ਕਰਨ ਜਾ ਰਹੀ।

ਮੂਰ ਨੇ ਸਾਰੇ ਓਨਟਾਰੀਓ ਵਾਸੀਆਂ ਨੂੰ ਬੂਸਟਰ ਸ਼ੌਟ ਲਵਾਉਣ ਦੀ ਵੀ ਅਪੀਲ ਕੀਤੀ। ਉਨ੍ਹਾਂ ਆਖਿਆ ਕਿ ਕੱਲ੍ਹ 30,000 ਲੋਕਾਂ ਵੱਲੋਂ ਬੂਸਟਰ ਸ਼ੌਟ ਲਵਾਏ ਗਏ। ਇਹ ਗਿਣਤੀ ਹੋਰ ਵਧਣੀ ਚਾਹੀਦੀ ਹੈ। ਸਾਡੇ ਕੋਲ ਵੈਕਸੀਨ ਹੈ, ਵੈਕਸੀਨੇਟਰ ਹਨ ਤੇ ਅਸੀਂ ਰੋਜ਼ਾਨਾਂ 80,000 ਵਿਅਕਤੀਆਂ ਨੂੰ ਵੈਕਸੀਨੇਟ ਕਰ ਸਕਦੇ ਹਾਂ। ਇਸ ਤੋਂ ਇਲਾਵਾ ਮੂਰ ਨੇ ਇਨ੍ਹਾਂ ਸਿਆਲਾਂ ਵਿੱਚ ਇਨਫਲੂਐਂਜ਼ਾ ਦੇ ਓਨਟਾਰੀਓ ਹੈਲਥ ਕੇਅਰ ਸਿਸਟਮ ਉੱਤੇ ਪੈਣ ਵਾਲੇ ਅਸਰ ਉੱਤੇ ਵੀ ਚਿੰਤਾ ਪ੍ਰਗਟਾਈ ਤੇ ਉਨ੍ਹਾਂ ਲੋਕਾਂ ਨੂੰ ਆਪਣੀਆਂ ਸਾਰੀਆਂ ਵੈਕਸੀਨਜ਼ ਬਾਰੇ ਅਪ ਟੂ ਡੇਟ ਰਹਿਣ ਲਈ ਵੀ ਆਖਿਆ। ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਕੋਵਿਡ-19 ਕਾਰਨ ਓਨਟਾਰੀਓ ਵਿੱਚ ਹਸਪਤਾਲ ਦਾਖਲ ਹੋਣ ਵਾਲਿਆਂ ਦੀ ਗਿਣਤੀ ਪਿਛਲੇ ਦੋ ਮਹੀਨਿਆਂ ਵਿੱਚ ਸੱਭ ਤੋਂ ਜ਼ਿਆਦਾ ਸੀ।









# ਡੰਪ ਟਰੱਕ ਤੇ ਕਾਰ ਦੀ ਟੱਕਰ ਵਿੱਚ 2 ਹਲਾਕ, 1 ਜ਼ਖ਼ਮੀ



ਮਾਰਖਮ, 13 ਅਕਤੂਬਰ (ਪੋਸਟ ਬਿਊਰੋ) : ਬੁੱਧਵਾਰ ਦੁਪਹਿਰ ਨੂੰ ਮਾਰਖਮ ਵਿੱਚ ਇੱਕ ਡੰਪ ਟਰੱਕ ਤੇ ਕਾਰ ਦਰਮਿਆਨ ਹੋਏ ਹਾਦਸੇ ਵਿੱਚ ਦੋ ਵਿਅਕਤੀ ਮਾਰੇ ਗਏ ਜਦਕਿ ਇੱਕ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਇਸ ਦੀ ਪੁਸ਼ਟੀ ਯੌਰਕ ਰੀਜਨਲ ਪੁਲਿਸ ਵੱਲੋਂ ਕੀਤੀ ਗਈ।

ਹਾਦਸੇ ਵਿੱਚ ਮਾਰੇ ਗਏ ਦੋਵੇਂ ਵਿਅਕਤੀ ਬਾਲਗ ਸਨ ਤੇ ਉਨ੍ਹਾਂ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੈਰਾਮੈਡਿਕਸ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ।

ਇਹ ਹਾਦਸਾ ਦੁਪਹਿਰੇ 2:00 ਵਜੇ ਤੋਂ ਠੀਕ ਬਾਅਦ ਮਾਰਖਮ ਰੋਡ ਤੇ ਐਲਸਨ ਸਟਰੀਟ ਦੇ ਕੋਨੇ ਵਿੱਚ ਵਾਪਰਿਆ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਹਾਦਸਾ ਕਿਉਂ ਵਾਪਰਿਆ ਤੇ ਇਹ ਵੀ ਪਤਾ ਨਹੀਂ ਲੱਗ ਸਕਿਆ ਕਿ ਕਿਸੇ ਖਿਲਾਫ ਕੋਈ ਚਾਰਜਿਜ਼ ਪੈਂਡਿੰਗ ਹਨ ਜਾਂ ਨਹੀਂ।

# ਨੌਰਥ ਯੌਰਕ ਵਿੱਚ ਵਾਪਰੇ ਤੀਹਰੇ ਗੋਲੀਕਾਂਡ ਦੀ ਜਾਂਚ ਕਰ ਰਹੀ ਹੈ ਪੁਲਿਸ




ਟੋਰਾਂਟੋ, 13 ਅਕਤੂਬਰ (ਪੋਸਟ ਬਿਊਰੋ) : ਨੌਰਥ ਯੌਰਕ ਵਿੱਚ ਵਾਪਰੇ ਤੀਹਰੇ ਗੋਲੀਕਾਂਡ ਵਿੱਚ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ। ਇਨ੍ਹਾਂ ਤਿੰਨਾਂ ਵਿਅਕਤੀਆਂ ਦੀ ਹਾਲਤ ਗੰਭੀਰ ਤੋਂ ਲੈ ਕੇ ਜਾਨਲੇਵਾ ਤੱਕ ਹੈ।

ਪੁਲਿਸ ਨੇ ਦੱਸਿਆ ਕਿ ਐਤਵਾਰ ਰਾਤ ਨੂੰ ਕਈ ਗੋਲੀਆਂ ਚੱਲਣ ਦੀਆਂ ਖਬਰਾਂ ਮਿਲਣ ਤੋਂ ਬਾਅਦ ਜਦੋਂ ਉਹ ਫਿੰਚ ਐਵਨਿਊ ਵੈਸਟ ਤੇ ਆਲਨੈੱਸ ਸਟਰੀਟ ਏਰੀਆ ਵਿੱਚ ਪਹੁੰਚੇ ਤਾਂ ਉੱਥੇ ਉਨ੍ਹਾਂ ਨੂੰ ਇਹ ਤਿੰਨੇ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲੇ।

ਪੁਲਿਸ ਨੂੰ ਇਸ ਇਲਾਕੇ ਵਿੱਚੋਂ ਗੋਲੀਆਂ ਦੇ ਕਈ ਖੋਲ ਵੀ ਮਿਲੇ ਹਨ। ਪਰ ਅਜੇ ਤੱਕ ਮਸ਼ਕੂਕਾਂ ਬਾਰੇ ਪੁਲਿਸ ਵੱਲੋਂ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ।

# ਘਰ ਵਿੱਚ ਚੱਲੀ ਗੋਲੀ, ਦੋ ਪੁਲਿਸ ਅਧਿਕਾਰੀਆਂ ਦੀ ਹੋਈ ਮੌਤ



ਓਨਟਾਰੀਓ, 13 ਅਕਤੂਬਰ (ਪੋਸਟ ਬਿਊਰੋ) : ਮੰਗਲਵਾਰ ਨੂੰ ਇਨਿਸਫਿਲ ਦੇ ਇੱਕ ਘਰ ਦੇ ਅੰਦਰ ਗੋਲੀ ਮਾਰੇ ਜਾਣ ਕਾਰਨ ਦੋ ਪੁਲਿਸ ਅਧਿਕਾਰੀਆਂ ਦੀ ਮੌਤ ਹੋ ਗਈ।

ਸਾਊਥ ਸਿਮਕੋਅ ਪੁਲਿਸ ਨੇ ਦੱਸਿਆ ਕਿ ਰਾਤੀਂ 8:00 ਵਜੇ ਤੋਂ ਠੀਕ ਪਹਿਲਾਂ 25ਵੀਂ ਸਾਈਡਰੋਡ ਤੇ 9ਵੀਂ ਲਾਈਨ ਇਲਾਕੇ ਵਿੱਚ ਸੋਮਰਜ਼ ਬੁਲੇਵਾਰਡ ਦੇ ਇੱਕ ਘਰ ਵਿੱਚ ਕਿਸੇ ਤਰ੍ਹਾਂ ਦੀ ਗੜਬੜ ਦੀ ਖਬਰ ਉਨ੍ਹਾਂ ਨੂੰ ਮਿਲੀ। ਇਸ ਤੋਂ ਤੁਰੰਤ ਬਾਅਦ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਦੇ ਦੋ ਅਧਿਕਾਰੀਆਂ ਨੂੰ ਘਰ ਦੇ ਅੰਦਰ ਗੋਲੀ ਮਾਰੀ ਗਈ ਤੇ ਪੁਲਿਸ ਨਾਲ ਮੁਕਾਬਲੇ ਕਾਰਨ ਇੱਕ ਮਸ਼ਕੂਕ ਦੀ ਵੀ ਮੌਤ ਹੋ ਗਈ।

ਇਲਾਕੇ ਵਿੱਚ ਰਹਿਣ ਵਾਲੇ ਲੋਕਾਂ ਵਿੱਚੋਂ ਇੱਕ ਨੇ ਦੱਸਿਆ ਕਿ ਉਸ ਨੂੰ ਛੇ ਜਾਂ ਸੱਤ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਆਈਆਂ। ਗੋਲੀਆਂ ਚੱਲਣ ਤੋਂ ਕੁੱਝ ਦੇਰ ਬਾਅਦ ਹੀ ਪੁਲਿਸ ਸਾਇਰਨ ਸੁਣਾਈ ਦੇਣ ਲੱਗੇ ਤੇ ਸੜਕਾਂ ਉੱਤੇ ਵੱਡੀ ਮਾਤਰਾ ਵਿੱਚ ਪੁਲਿਸ ਨਜ਼ਰ ਆਉਣ ਲੱਗੀ। ਇੱਕ ਜ਼ਖ਼ਮੀ ਅਧਿਕਾਰੀ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਇੱਕ ਅਧਿਕਾਰੀ ਦੀ ਮੌਤ ਹੋ ਗਈ ਤੇ ਦੂਜੇ ਨੂੰ ਏਅਰਲਿਫਟ ਕਰਕੇ ਟਰੌਮਾ ਸੈਂਟਰ ਲਿਜਾਇਆ ਗਿਆ। ਉਹ ਵੀ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਦਮ ਤੋੜ ਗਿਆ।

ਇਸ ਮਾਮਲੇ ਦੀ ਜਾਂਚ ਪ੍ਰੋਵਿੰਸ ਦੀ ਸਪੈਸ਼ਲ ਇਨਵੈਸਟੀਗੇਸ਼ਨਜ਼ ਯੂਨਿਟ (ਐਸਆਈਯੂ) ਵੱਲੋਂ ਕੀਤੀ ਜਾ ਰਹੀ ਹੈ। ਯੌਰਕ ਰੀਜਨਲ ਪੁਲਿਸ ਵੀ ਆਪਣੇ ਪੱਧਰ ਉੱਤੇ ਜਾਂਚ ਕਰ ਰਹੀ ਹੈ।

# ਪੌਲੀਐਵਰ ਨੇ ਜਾਰੀ ਕੀਤੀ ਪਾਰਲੀਆਮੈਂਟਰੀ ਕ੍ਰਿਟਿਕਸ ਦੀ ਲਿਸਟ

ਓਟਵਾ, 13 ਅਕਤੂਬਰ (ਪੋਸਟ ਬਿਊਰੋ) : ਕੰਜ਼ਰਵੇਟਿਵ ਆਗੂ ਪਿਅਰ ਪੌਲੀਐਵਰ ਨੇ ਆਪਣੀ ਸ਼ੈਡੋ ਕੈਬਨਿਟ ਦਾ ਖੁਲਾਸਾ ਕਰਦਿਆਂ ਅੱਜ ਆਪਣੇ ਪਾਰਲੀਆਮੈਂਟਰੀ ਕ੍ਰਿਟਿਕਸ ਦੀ ਲਿਸਟ ਜਾਰੀ ਕੀਤੀ। ਉਨ੍ਹਾਂ ਵੱਲੋਂ ਅਲਬਰਟਾ ਤੋਂ ਕੰਜ਼ਰਵੇਟਿਵ ਐਮਪੀ ਜਸਰਾਜ ਸਿੰਘ ਹੱਲਾਂ ਨੂੰ ਪਾਰਟੀ ਦਾ ਨਵਾਂ ਫਾਇਨਾਂਸ ਕ੍ਰਿਟਿਕ ਚੁਣਿਆ ਗਿਆ ਹੈ। ਅਜਿਹਾ ਕਰਕੇ ਪੌਲੀਐਵਰ ਨੇ ਹੱਲਾਂ ਨੂੰ ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਦੀ ਟੱਕਰ ਉੱਤੇ ਲਿਆ ਖੜ੍ਹਾ ਕੀਤਾ ਹੈ।

ਪੌਲੀਐਵਰ ਨੇ 51 ਕ੍ਰਿਟਿਕਸ ਤੇ 20 ਹੋਰ ਐਸੋਸਿਏਟ ਕ੍ਰਿਟਿਕਸ ਨੂੰ ਨਿਯੁਕਤ ਕੀਤਾ। ਪਰ ਇਸ ਸੂਚੀ ਵਿੱਚੋਂ ਕੁੱਝ ਅਹਿਮ ਨਾਂਵਾਂ ਨੂੰ ਬਾਹਰ ਹੀ ਰਹਿਣ ਦਿੱਤਾ ਗਿਆ ਹੈ।ਇਨ੍ਹਾਂ ਵਿੱਚੋਂ ਐਮਪੀ ਐਡ ਫਾਸਟ, ਜਿਨ੍ਹਾਂ ਨੇ ਲੀਡਰਸ਼ਿਪ ਲਈ ਕਿਊਬਿਕ ਦੇ ਸਾਬਕਾ ਪ੍ਰੀਮੀਅਰ ਜੀਨ ਚਾਰੈਸਟ ਦਾ ਸਮਰਥਨ ਕੀਤਾ ਅਤੇ ਮਿਸ਼ੇਲ ਰੈਂਪਲ ਗਾਰਨਰ, ਜਿਨ੍ਹਾਂ ਨੇ ਪੈਟ੍ਰਿਕ ਬ੍ਰਾਊਨ ਲਈ ਲੀਡਰਸ਼ਿਪ ਕੈਂਪੇਨ ਕੋ-ਚੇਅਰ ਵਜੋਂ ਸੇਵਾ ਨਿਭਾਈ, ਦੇ ਨਾਂ ਵਰਨਣਯੋਗ ਹਨ। ਇਸ ਤੋਂ ਇਲਾਵਾ ਸਾਬਕਾ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੇ ਪਿਛਲੇ ਮਹੀਨੇ ਮੀਡੀਆ ਨੂੰ ਇਹ ਜਾਣਕਾਰੀ ਦੇ ਦਿੱਤੀ ਸੀ ਕਿ ਉਹ ਕ੍ਰਿਟਿਕ ਦੀ ਭੂਮਿਕਾ ਹਾਸਲ ਕਰਕੇ ਟੀਮ ਲਈ ਧਿਆਨ ਭਟਕਾਉਣ ਵਾਲਾ ਆਗੂ ਨਹੀਂ ਬਣਨਾ ਚਾਹੁੰਦੇ ਹਨ। ਇਸ ਲਈ ਉਨ੍ਹਾਂ ਨੂੰ ਵੀ ਇਸ ਲਿਸਟ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ। ਪੌਲੀਐਵਰ ਨੇ ਕਿਊਬਿਕ ਤੋਂ ਕੰਜ਼ਰਵੇਟਿਵ ਐਮਪੀ ਗੇਰਾਰਡ ਡੈਲਟਲ ਨੂੰ ਪਾਰਟੀ ਦਾ ਐਨਵਾਇਰਮੈਂਟ ਕ੍ਰਿਟਿਕ ਥਾਪਿਆ ਹੈ। ਮਨਿਸਟਰ ਆਫ ਐਨਵਾਇਰਮੈਂਟ ਐਂਡ ਕਲਾਈਮੇਟ ਚੇਂਜ ਸਟੀਵਨ ਗਿਲਬਾਲਟ ਵੀ ਕਿਊਬਿਕ ਤੋਂ ਹੀ ਹਨ।

ਸਾਬਕਾ ਲੀਡਰਸ਼ਿਪ ਉਮੀਦਵਾਰ ਲੈਸਲਿਨ ਲੂਈ ਨੂੰ ਇਨਫਰਾਸਟ੍ਰਕਚਰ ਐਂਡ ਕਮਿਊਨਿਟੀਜ਼ ਕ੍ਰਿਟਿਕ ਨਿਯੁਕਤ ਕੀਤਾ ਗਿਆ ਹੈ। ਰੌਬ ਮੂਰ ਨਵੇਂ ਜਸਟਿਸ ਕ੍ਰਿਟਿਕ ਤੇ ਐਮਪੀ ਜੇਮਜ਼ ਬੇਜਨ ਨੂੰ ਡਿਫੈਂਸ ਕ੍ਰਿਟਿਕ ਥਾਪਿਆ ਗਿਆ ਹੈ।ਆਪਣੀ ਲੀਡਰਸ਼ਿਪ ਕੈਂਪੇਨ ਦੌਰਾਨ ਵੈਕਸੀਨ ਸਬੰਧੀ ਲਾਜ਼ਮੀ ਨਿਯਮਾਂ ਨੂੰ ਖ਼ਤਮ ਕਰਨ ਦਾ ਤਹੱਈਆ ਪ੍ਰਗਟਾਉਣ ਵਾਲੇ ਪੌਲੀਐਵਰ ਨੇ ਸਿਵਲ ਲਿਬਰਟੀਜ਼ ਕ੍ਰਿਟਿਕ ਵਜੋਂ ਨਵੀਂ ਪੁਜ਼ੀਸ਼ਨ ਤਿਆਰ ਕੀਤੀ ਹੈ ਤੇ ਓਨਟਾਰੀਓ ਤੋਂ ਐਮਪੀ ਮੈਰੀਲਿਨ ਗਲੈਡੂ ਨੂੰ ਸਿਵਲ ਲਿਬਰਟੀਜ਼ ਕ੍ਰਿਟਿਕ ਵਜੋਂ ਚੁਣਿਆ ਗਿਆ ਹੈ।

## ਐਮਪੀ ਹੱਲਾਂ ਨੂੰ ਫਰੀਲੈਂਡ ਦੀ ਟੱਕਰ ਉੱਤੇ ਲਿਆ ਖੜ੍ਹਾ ਕੀਤਾ

ਕੰਜ਼ਰਵੇਟਿਵ ਕ੍ਰਿਟਿਕਸ ਦੀ ਮੁਕੰਮਲ ਸੂਚੀ ਹੇਠ ਲਿਖੇ ਅਨੁਸਾਰ ਹੈ :

Digital Government — Ben Lobb
Agriculture, Agri-Food and Food Security — John Barlow
Canadian Heritage — Rachael Thomas
Crown-Indigenous Relations — Jamie Schmale
Finance and Middle Class Prosperity — Jasraj Singh Hallan
Employment, Future Workforce Development and Disability Inclusion — Tracy Gray
Environment and Climate Change — Gérard Deltell
Families, Children and Social Development — Michelle Ferreri
Federal Economic Development Agency for Eastern, Central and Southern Ontario — Lianne Rood
Fisheries, Oceans and the Canadian Coast Guard — Clifford Small
Foreign Affairs — Michael Chong
Health — Stephen Ellis
Housing and Diversity and Inclusion — Scott Aitchison
Immigration, Refugees and Citizenship — Tom Kmiec
Federal Economic Development Agency for Northern Ontario (Associate, Crown-Indigenous Relations) — Eric Melillo
Innovation, Science and Industry — Rick Perkins
International Development — Garnett Genuis
International Trade — Kyle Seeback





Small Business Recovery and Growth — Brad Vis
Supply Chain Issues — Matt Jeneroux
Red Tape Reduction — Scot Davidson
Justice and Attorney General of Canada — Rob Moore
Civil Liberties — Marilyn Gladu
Mental Health and Suicide Prevention — Todd Doherty
Addictions — Laila Goodridge
Northern Affairs and Arctic Sovereignty; Canadian Northern Economic Development Agency — Bob Zimmer
Prairie Economic Development (Advisor to the Leader, Economy) — Pat Kelly
Pacific Economic Development — Tako van Popta
Sport; Economic Development of Canada for the Regions of Quebec — Richard Martel
National Defence — James Bezan
National Revenue — Adam Chambers
Natural Resources — Shannon Stubbs
Official Languages — Joel Godin
Atlantic Canada Opportunities Agency — Jake Stewart
Public Safety — Raquel Dancho
Public Services and Procurement — Kelly Block
Emergency Preparedness — Dane Lloyd
Rural Economic Development & Connectivity — Dan Mazier
Seniors — Anna Roberts
Tourism — Tony Baldinelli
Transport —Mark Strahl
Treasury Board — Stephanie Kusie
Veterans Affairs — Blake Richards
Women and Gender Equality and Youth — Karen Vecchio
Ethics and Accountable Government — Michael Barrett
Infrastructure and Communities — Leslyn Lewis
Labour — Chris Lewis
Indigenous Services — Gary Vidal
Pan-Canadian Trade and Competition — Ryan Williams
Hunting, Fishing and Conservation —Blaine Calkins
Democratic Reform — Michael Cooper

ਇਸ ਤੋਂ ਇਲਾਵਾ ਪੌਲੀਐਵਰ ਵੱਲੋਂ ਕੁੱਝ ਐਸੋਸਿਏਟ ਕ੍ਰਿਟਿਕ ਵੀ ਨਿਯੁਕਤ ਕੀਤੇ ਗਏ ਹਨ, ਜਿਨ੍ਹਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ :

Associate Finance and Middle Class Prosperity (Tax Reform) — Philip Lawrence
Associate Finance and Middle Class Prosperity (Affordable Government) — Marty Morantz
Associate Fisheries, Oceans and the Canadian Coast Guard (Recreational and West Coast) — Mel Arnold
Associate National Defence (Recruitment and Retention) — Shelby Kramp-Neuman
Associate Natural Resources (Nuclear) — Corey Tochor
Associate Women and Gender Equality and Youth — Dominique Vien
Associate Agriculture — Richard Lehoux
Associate Agriculture —Warren Steinley
Associate Canadian Heritage — Kevin Waugh
Associate Environment and Climate Change — Robert Kitchen
Associate Immigration, Refugees and Citizenship — Brad Redekopp
Associate Indigenous Services — Larry Brock
Associate Labour — Rosemarie Falk
Associate Ethics and Accountable Government — Jacques Gourde
Associate Veterans Affairs — Fraser Tolmie
Associate Transport — Dan Muys
Associate Public Safety — Doug Shipley
Associate Official Languages — Bernard Généreux
Associate International Trade (Adviser to the Leader, Canada/U.S. Relations) — Randy Hoback
Associate Justice and Attorney General — Frank Caputo
Chair, Public Accounts — John Williamson
Chair, Government Operations and Estimates — Kelly McCauley
Chair, Access to Information, Privacy and Ethics — John Brassard

# ਦੋ ਹਿੱਟ ਐਂਡ ਰੰਨ ਮਾਮਲਿਆਂ ਵਿੱਚ ਦੋ ਜ਼ਖ਼ਮੀ, ਡਰਾਈਵਰਾਂ ਦੀ ਭਾਲ ਕਰ ਰਹੀ ਹੈ ਪੁਲਿਸ

ਮਿਸੀਸਾਗਾ, 13 ਅਕਤੂਬਰ (ਪੋਸਟ ਬਿਊਰੋ) : ਮੰਗਲਵਾਰ ਰਾਤ ਨੂੰ ਮਿਸੀਸਾਗਾ ਵਿੱਚ ਦੋ ਵੱਖ ਵੱਖ ਹਿੱਟ ਐਂਡ ਰੰਨ ਮਾਮਲਿਆਂ ਵਿੱਚ ਦੋ ਰਾਹਗੀਰ ਜ਼ਖ਼ਮੀ ਹੋ ਗਏ ਤੇ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।


ਪਹਿਲੇ ਮਾਮਲੇ ਵਿੱਚ ਪੁਲਿਸ ਨੇ ਦੱਸਿਆ ਕਿ ਸ਼ਾਮੀਂ 6:45 ਦੇ ਨੇੜੇ ਤੇੜੇ ਅਰਜਨਟੀਨਾ ਰੋਡ ਤੇ ਵਿੰਸਟਨ ਚਰਚਿਲ ਬੁਲੇਵਾਰਡ ਉੱਤੇ ਇੱਕ ਮਹਿਲਾ ਨੂੰ ਟੱਕਰ ਮਾਰਨ ਤੋਂ ਬਾਅਦ ਇੱਕ ਚਿੱਟੇ ਰੰਗ ਦੀ ਸੇਡਾਨ ਦਾ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ। ਜ਼ਖ਼ਮੀ ਹਾਲਤ ਵਿੱਚ ਮਹਿਲਾ ਨੂੰ ਹਸਪਤਾਲ ਲਿਜਾਇਆ ਗਿਆ। ਉਸ ਦੀ ਹਾਲਤ ਗੰਭੀਰ ਪਰ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।



ਦੂਜੀ ਘਟਨਾ ਰਾਤੀਂ 8:00 ਵਜੇ ਡੈਰੀ ਰੋਡ ਤੇ ਡਿਕਸੀ ਰੋਡ ਸਾਊਥ ਉੱਤੇ ਵਾਪਰੀ ਜਿੱਥੇ ਇੱਕ ਗੱਡੀ ਵੱਲੋਂ ਇੱਕ ਹੋਰ ਰਾਹਗੀਰ ਨੂੰ ਟੱਕਰ ਮਾਰੀ ਗਈ। ਪੁਲਿਸ ਨੇ ਦੱਸਿਆ ਕਿ ਚਿੱਟੇ ਰੰਗ ਦੀ ਗੱਡੀ ਦਾ ਡਰਾਈਵਰ ਮੌਕੇ ਉੱਤੇ ਨਹੀਂ ਰੁਕਿਆ ਤੇ ਉਸ ਨੂੰ ਆਖਰੀ ਵਾਰੀ ਡੈਰੀ ਉੱਤੇ ਪੱਛਮ ਵੱਲ ਜਾਂਦਿਆਂ ਵੇਖਿਆ ਗਿਆ। ਰਾਹਗੀਰ ਨੂੰ ਲੋਕਲ ਹਸਪਤਾਲ ਭਰਤੀ ਕਰਵਾਇਆ ਗਿਆ।ਜ਼ਖ਼ਮੀ ਸ਼ਖ਼ਸ ਦੀ ਸਥਿਤੀ ਬਾਰੇ ਹੋਰ ਜਾਣਕਾਰੀ ਹਾਸਲ ਨਹੀਂ ਹੋਈ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :

BROKEN SPRINGS
CABLES & ROLLERS
GARAGE DOOR OPENERS

We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training

Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

REXDALE BODY SHOP
USED CAR SALE

CHEEMA
LOWEST PRICE IN TOWN
Towing Service Car Paint Starts $799*upto 100% Deductible Paid*
Specialization In:
★ All Kinds of Body Work
★ Auto Glass Windshield
★ Denting, Painting & Welding
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
SPECIAL PAINT JOB $779
RENTAL CAR PROVIDED

25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill (MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਦੋ ਗੱਡੀਆਂ ਦੀ ਟੱਕਰ ਤੋਂ ਬਾਅਦ ਪੁਲਿਸ ਨਾਲ ਝਗੜਣ ਵਾਲਾ ਮਸ਼ਕੂਕ ਗ੍ਰਿਫਤਾਰ

ਟੋਰਾਂਟੋ, 13 ਅਕਤੂਬਰ (ਪੋਸਟ ਬਿਊਰੋ) : ਸੋਮਵਾਰ ਰਾਤ ਨੂੰ ਟੋਰਾਂਟੋ ਦੇ ਪੂਰਬ ਵਿੱਚ ਦੋ ਗੱਡੀਆਂ ਦੀ ਟੱਕਰ ਵਿੱਚ ਦੋ ਪੁਲਿਸ ਅਧਿਕਾਰੀ ਜ਼ਖ਼ਮੀ ਹੋ ਗਏ ਤੇ ਇੱਕ ਵਿਅਕਤੀ, ਜੋ ਕਿ ਆਪਣੇ 20ਵਿਆਂ ਵਿੱਚ ਸੀ, ਨੂੰ ਗ੍ਰਿਫਤਾਰ ਕਰ ਲਿਆ ਗਿਆ।

ਰਾਤੀਂ 9:00 ਵਜੇ ਤੋਂ ਬਾਅਦ ਪੁਲਿਸ ਨੂੰ ਡੈਨਫੋਰਥ ਐਵਨਿਊ ਤੇ ਜੋਨਜ਼ ਐਵਨਿਊ ਉੱਤੇ ਹਾਦਸੇ ਦੀਆਂ ਖਬਰਾਂ ਮਿਲੀਆਂ। ਪੁਲਿਸ ਨੇ ਦੱਸਿਆ ਕਿ ਡੈਨਫੋਰਥ ਉੱਤੇ ਇੱਕ ਗੱਡੀ ਪੱਛਮ ਵੱਲ ਜਾ ਰਹੀ ਸੀ ਜਦੋਂ ਉਹ ਸੜਕ ਦੇ ਵਿਚਕਾਰਲੀ ਲਾਈਨ ਪਾਰ ਕਰਦੀ ਹੋਈ ਪੱਛਮ ਵੱਲੋਂ ਆ ਰਹੀ ਗੱਡੀ ਨਾਲ




ਸਿੱਧੀ ਜਾ ਟਕਰਾਈ।

ਹਾਦਸੇ ਤੋਂ ਬਾਅਦ ਪੁਲਿਸ ਅਧਿਕਾਰੀਆਂ ਦੇ ਮੌਕੇ ਉੱਤੇ ਪਹੁੰਚਣ ਤੋਂ ਪਹਿਲਾਂ ਹੀ ਗੱਡੀ ਦਾ ਡਰਾਈਵਰ ਕਥਿਤ ਤੌਰ ਉੱਤੇ ਪੈਦਲ ਹੀ ਜੋਨਜ਼ ਐਵਨਿਊ ਉੱਤੇ ਦੱਖਣ ਵੱਲ ਫਰਾਰ ਹੋ ਗਿਆ। ਪੁਲਿਸ ਨੇ ਦੱਸਿਆ ਕਿ ਚਸ਼ਮਦੀਦਾਂ ਵੱਲੋਂ ਡਰਾਈਵਰ ਸਬੰਧੀ ਵੇਰਵੇ ਦੀ ਜਾਣਕਾਰੀ ਦਿੱਤੀ ਗਈ ਤੇ ਜਿਸ ਦਿਸ਼ਾ ਵਿੱਚ ਉਹ ਭੱਜਿਆ ਸੀ ਉਸ ਬਾਰੇ ਜਾਣਕਾਰੀ ਦਿੱਤੀ ਗਈ। ਜੋਨਜ਼ ਤੇ ਬੋਲਟਬੀ ਐਵਨਿਊ ਨੇੜੇ ਉਹ ਵਿਅਕਤੀ ਪੁਲਿਸ ਨੂੰ ਮਿਲ ਗਿਆ। ਇੱਥੇ ਪੁਲਿਸ ਅਧਿਕਾਰੀਆਂ ਨਾਲ ਉਸ ਦੀ ਝੜਪ ਹੋਈ ਤੇ ਲੋਕਾਂ ਦੀ ਮਦਦ ਨਾਲ ਪੁਲਿਸ ਅਧਿਕਾਰੀਆਂ ਨੇ ਇਸ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ।

ਪੁਲਿਸ ਨੇ ਦੱਸਿਆ ਕਿ ਮਸ਼ਕੂਕ ਨਾਲ ਹੋਈ ਲੜਾਈ ਵਿੱਚ ਦੋ ਅਧਿਕਾਰੀ ਜ਼ਖ਼ਮੀ ਹੋ ਗਏ। ਇੱਕ ਅਧਿਕਾਰੀ ਦੀ ਹੱਢੀ ਟੁੱਟ ਗਈ ਤੇ ਦੂਜੇ ਨੂੰ ਮਾਮੂਲੀ ਸੱਟਾਂ ਲੱਗੀਆਂ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਟੋਰਾਂਟੋ ਦੇ ਹਾਈਵੇਅ ਉੱਤੇ ਧੂ-ਧੂ ਕਰਕੇ ਸੜਿਆ ਟਰੱਕ

ਟੋਰਾਂਟੋ, 13 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਦੇ ਮਸ਼ਰੂਫ ਹਾਈਵੇਅ ਉੱਤੇ ਇੱਕ ਕਾਰਗੋ ਟਰੱਕ ਮੰਗਲਵਾਰ ਨੂੰ ਧੂ-ਧੂ ਕਰਕੇ ਸੜ ਗਿਆ। ਇਹ ਘਟਨਾ ਮੰਗਲਵਾਰ ਦੁਪਹਿਰੇ 2:00 ਵਜੇ ਤੋਂ ਠੀਕ ਪਹਿਲਾਂ ਸੀਐਨਈ ਗ੍ਰਾਊਂਡਜ਼ ਨੇੜੇ ਗਾਰਡੀਨਰ ਐਕਸਪ੍ਰੈੱਸਵੇਅ ਉੱਤੇ ਪੱਛਮ ਵਾਲੀਆਂ ਲੇਨਜ਼ ਉੱਤੇ ਵਾਪਰੀ। ਪ੍ਰਾਪਤ ਹੋਈਆਂ ਤਸਵੀਰਾਂ ਅਨੁਸਾਰ ਅੱਗ ਦੀਆਂ ਲਪਟਾਂ ਵਿੱਚ ਘਿਰਿਆ ਟਰੱਕ ਸਾਫ ਨਜ਼ਰ ਆ ਰਿਹਾ ਹੈ ਤੇ ਕਾਰਗੋ ਏਰੀਆ ਤੋਂ ਕਾਲਾ ਸੰਘਣਾਂ ਧੂੰਆ ਉੱਠਦਾ ਵੀ ਨਜ਼ਰੀਂ ਪੈ ਰਿਹਾ ਹੈ।

ਟੋਰਾਂਟੋ ਪੁਲਿਸ ਨੇ ਦੱਸਿਆ ਕਿ ਇਸ ਦੌਰਾਨ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ। ਟਰੱਕ ਨੂੰ ਅੱਗ ਲੱਗਣ



ਕਾਰਨ ਹਾਈਵੇਅ ਉੱਤੇ ਟਰੈਫਿਕ ਵਿੱਚ ਡਿਲੇਅ ਜ਼ਰੂਰ ਹੋਈ। ਜੇਮਸਨ ਐਵਨਿਊ ਵੱਲ ਜਾਣ ਵਾਲੀਆਂ ਐਕਸਪ੍ਰੈੱਸਵੇਅ ਦੀਆਂ ਦੋ ਸੱਜੀਆਂ ਲੇਨਜ਼ ਇਸ ਘਟਨਾ ਕਾਰਨ ਬੰਦ ਹੋ ਗਈਆਂ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਟਰੱਕ ਕੀ ਲਿਜਾ ਰਿਹਾ ਸੀ ਤੇ ਇਸ ਵਿੱਚ ਅੱਗ ਕਿਉਂ ਲੱਗੀ।

# ਹਾਕੀ ਕੈਨੇਡਾ ਦੇ ਸੀ.ਈ.ਓ. ਅਤੇ ਬੋਰਡ ਆਫ ਡਾਇਰੈਕਟਰਜ਼ ਨੇ ਕੀਤਾ ਅਹੁਦਾ ਛੱਡਣ ਦਾ ਫੈਸਲਾ

ਓਟਵਾ, 13 ਅਕਤੂਬਰ (ਪੋਸਟ ਬਿਊਰੋ) : ਵਿਵਾਦਾਂ ਵਿੱਚ ਘਿਰੀ ਹਾਕੀ ਕੈਨੇਡਾ ਦੇ ਚੀਫ ਐਗਜ਼ੈਕਟਿਵ ਆਫੀਸਰ ਸਕੌਟ ਸਮਿੱਥ ਵੱਲੋਂ ਅਹੁਦਾ ਛੱਡਣ ਦਾ ਫੈਸਲਾ ਕੀਤਾ ਗਿਆ ਹੈ ਤੇ ਇਹ ਫੈਸਲਾ ਫੌਰੀ ਤੌਰ ਉੱਤੇ ਅਮਲ ਵਿੱਚ ਆਵੇਗਾ। ਇਸ ਦੇ ਨਾਲ ਹੀ ਹਾਕੀ ਕੈਨੇਡਾ ਦੇ ਬੋਰਡ ਆਫ ਡਾਇਰੈਕਟਰਜ਼ ਨੇ ਵੀ ਆਪਣੇ ਅਹੁਦੇ ਛੱਡਣ ਲਈ ਸਹਿਮਤੀ ਪ੍ਰਗਟਾਈ ਹੈ।

ਲੀਡਰਸ਼ਿਪ ਟੀਮ ਵਿੱਚ ਤਬਦੀਲੀ ਦਾ ਐਲਾਨ ਕਰਦਿਆਂ ਹਾਕੀ ਕੈਨੇਡਾ ਨੇ ਆਖਿਆ ਕਿ ਅਗਲੇ ਬੋਰਡ ਆਫ ਡਾਇਰੈਕਟਰਜ਼ ਵੱਲੋਂ ਨਵਾਂ ਸੀਈਓ ਨਿਯੁਕਤ ਕੀਤੇ ਜਾਣ ਤੱਕ ਆਰਗੇਨਾਈਜ਼ੇਸ਼ਨ ਦਾ ਕੰਮ ਕਾਜ ਚਲਾਉਣ ਲਈ ਅੰਤਰਿਮ ਮੈਨੇਜਮੈਂਟ ਕਮੇਟੀ ਜ਼ਿੰਮੇਵਾਰੀ ਸਾਂਭੇਗੀ। ਜ਼ਿਕਰਯੋਗ ਹੈ ਕਿ ਸਮਿੱਥ ਪਹਿਲੀ ਜੁਲਾਈ ਤੋਂ ਆਰਗੇਨਾਈਜ਼ੇਸ਼ਨ ਦੇ ਸੀਈਓ ਦੀ ਭੂਮਿਕਾ ਨਿਭਾਅ ਰਹੇ ਸਨ। ਬੋਰਡ ਆਫ ਡਾਇਰੈਕਟਰਜ਼ ਦੀ ਚੋਣ ਲਈ ਚੋਣ ਪਹਿਲਾਂ ਹੋਣੀ ਸੀ ਪਰ ਇਸ ਵਿੱਚ ਦੇਰ ਹੋ ਗਈ ਤੇ ਹੁਣ ਇਹ ਚੋਣ 17 ਦਸੰਬਰ ਨੂੰ ਨਿਰਧਾਰਤ ਹੈ।

ਜ਼ਿਕਰਯੋਗ ਹੈ ਕਿ ਇਸ ਸਾਲ ਮਈ ਵਿੱਚ ਟੀਐਸਐਨ ਵੱਲੋਂ ਇਹ ਰਿਪੋਰਟ ਕੀਤਾ ਗਿਆ ਸੀ ਕਿ 2018




ਵਿੱਚ ਕੈਨੇਡੀਅਨ ਵਰਲਡ ਜੂਨੀਅਰ ਹਾਕੀ ਟੀਮ ਦੇ ਕਈ ਮੈਂਬਰਾਂ ਵੱਲੋਂ ਲੰਡਨ, ਓਨਟਾਰੀਓ ਵਿੱਚ ਇੱਕ ਮਹਿਲਾ ਉੱਤੇ ਕਥਿਤ ਤੌਰ ਉੱਤੇ ਜਿਨਸੀ ਹਮਲਾ ਕੀਤਾ ਗਿਆ ਸੀ ਤੇ ਇਸ ਮਹਿਲਾ ਨਾਲ ਹਾਕੀ ਕੈਨੇਡਾ ਵੱਲੋਂ ਮਾਮਲਾ ਸੈਟਲ ਕਰ ਲਿਆ ਗਿਆ ਹੈ।

ਇਸ ਵਿਵਾਦ ਦੇ ਚੱਲਦਿਆਂ ਜੂਨ ਵਿੱਚ ਫੈਡਰਲ ਸਰਕਾਰ ਨੇ ਹਾਕੀ ਕੈਨੇਡਾ ਨੂੰ ਦਿੱਤੇ ਜਾਣ ਵਾਲੇ ਫੰਡਾਂ ਉੱਤੇ ਰੋਕ ਲਾ ਦਿੱਤੀ ਤੇ ਫਾਇਨਾਂਸ਼ੀਅਲ ਆਡਿਟ ਦੇ ਹੁਕਮ ਦਿੱਤੇ। ਉਸ ਮਹੀਨੇ ਫੈਡਰਲ ਸਿਆਸਤਦਾਨਾਂ ਨੇ ਕਥਿਤੀ ਜਿਨਸੀ ਹਮਲਿਆਂ ਤੇ ਉਨ੍ਹਾਂ ਨਾਲ ਨਜਿੱਠਣ ਲਈ ਕੀਤੀ ਜਾਣ ਵਾਲੀ ਅਦਾਇਗੀ ਸਬੰਧੀ ਹਾਕੀ ਕੈਨੇਡਾ ਦੇ ਢੰਗ ਤਰੀਕਿਆਂ ਦੀ ਪੁਣ-ਛਾਣ ਸ਼ੁਰੂ ਕੀਤੀ। ਇਸ ਤੋਂ ਸਾਹਮਣੇ ਆਇਆ ਕਿ ਕਥਿਤ ਜਿਨਸੀ ਹਮਲਿਆਂ ਵਰਗੇ ਮਾਮਲਿਆਂ ਨਾਲ ਨਜਿੱਠਣ ਲਈ ਆਰਗੇਨਾਈਜ਼ੇਸ਼ਨ ਵੱਲੋਂ ਨੈਸ਼ਨਲ ਇਕੁਇਟੀ ਫੰਡ, ਜਿਹੜਾ ਮਾਈਨਰ ਹਾਕੀ ਰਜਿਸਟ੍ਰੇਸ਼ਨ ਦੇ ਪੈਸਿਆਂ ਨਾਲ ਪੂਰਿਆ ਜਾਂਦਾ ਹੈ, ਦੀ ਵਰਤੋਂ ਕੀਤੀ ਜਾ ਰਹੀ ਹੈ।

ਇਸ ਤੋਂ ਕਈ ਦਿਨ ਬਾਅਦ 2003 ਵਿੱਚ ਕੈਨੇਡੀਅਨ ਵਰਲਡ ਜੂਨੀਅਰ ਹਾਕੀ ਟੀਮ ਦੇ ਮੈਂਬਰਾਂ ਦੀ ਸ਼ਮੂਲੀਅਤ ਵਾਲਾ ਇੱਕ ਹੋਰ ਜਿਨਸੀ ਹਮਲਾ ਸਾਹਮਣੇ ਆਇਆ। ਹਾਲਾਂਕਿ ਪੁਲਿਸ ਤੇ ਐਨਐਚਐਲ ਦੇ ਜਾਂਚਕਾਰ ਮਾਮਲੇ ਦੀ ਜਾਂਚ ਕਰ ਰਹੇ ਹਨ ਤੇ ਇਹ ਦੋਸ਼ ਅਜੇ ਅਦਾਲਤ ਵਿੱਚ ਵੀ ਸਿੱਧ ਨਹੀਂ ਹੋਏ ਹਨ। ਇੱਥੇ ਦੱਸਣਾ ਬਣਦਾ ਹੈ ਕਿ ਇੱਕ ਮੀਟਿੰਗ ਵਿੱਚ ਹਾਕੀ ਕੈਨੇਡਾ ਵੱਲੋਂ ਇਹ ਖੁਲਾਸਾ ਕੀਤਾ ਗਿਆ ਕਿ 1989 ਤੋਂ ਲੈ ਕੇ ਹੁਣ ਤੱਕ, ਇਸ ਵਿੱਚ ਲੰਡਨ ਵਾਲਾ ਮਾਮਲਾ ਸ਼ਾਮਲ ਨਹੀਂ ਹੈ, ਜਿਨਸੀ ਹਮਲਿਆਂ ਤੇ ਸ਼ੋਸ਼ਣ ਦੇ ਨੌਂ ਮਾਮਲਿਆਂ ਨੂੰ ਸੈਟਲ ਕਰਨ ਲਈ ਆਰਗੇਨਾਈਜ਼ੇਸ਼ਨ 7.6 ਮਿਲੀਅਨ ਡਾਲਰ ਅਦਾ ਕਰ ਚੁੱਕੀ ਹੈ। ਮਾਮਲਾ ਐਨਾ ਉਲਝ ਚੁੱਕਿਆ ਹੈ ਕਿ ਹਾਕੀ ਕੈਨੇਡਾ ਦੇ ਨਾਮੀ ਸਪਾਂਸਰਜ਼ ਵੱਲੋਂ ਵੀ ਆਪਣੇ ਹੱਥ ਪਿੱਛੇ ਖਿੱਚ ਲਏ ਗਏ ਹਨ।

# ਗੋਲੀ ਲੱਗਣ ਕਾਰਨ ਇੱਕ ਜ਼ਖ਼ਮੀ



ਟੋਰਾਂਟੋ, 13 ਅਕਤੂਬਰ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਕੁਈਨ ਤੇ ਸ਼ੇਰਬੌਰਨ ਸਟਰੀਟਸ ਉੱਤੇ ਚੱਲੀ ਗੋਲੀ ਕਾਰਨ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ। ਉਸ ਨੂੰ ਨਾਜ਼ੁਕ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ।

ਟੋਰਾਂਟੋ ਪੁਲਿਸ ਨੇ ਦੱਸਿਆ ਕਿ ਇਸ ਸ਼ੂਟਿੰਗ ਦੇ ਸਬੰਧ ਵਿੱਚ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਤੇ ਉਸ ਕੋਲੋਂ ਗੰਨ ਵੀ ਬਰਾਮਦ ਕਰ ਲਈ ਗਈ ਹੈ।

ਮੰਗਲਵਾਰ ਰਾਤ ਨੂੰ ਪੁਲਿਸ ਨੇ ਇਹ ਵੀ ਦੱਸਿਆ ਕਿ ਜ਼ਖ਼ਮੀ ਵਿਅਕਤੀ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਇਸ ਸਬੰਧ ਵਿੱਚ ਹੋਰ ਜਾਣਕਾਰੀ ਹਾਲ ਦੀ ਘੜੀ ਹਾਸਲ ਨਹੀਂ ਹੋ ਸਕੀ ਹੈ।

# ਇਸ ਸਾਲ ਸਪਾਂਸਰਸ਼ਿਪ ਲਈ 15 ਹਜ਼ਾਰ ਅਰਜ਼ੀਆਂ ਸਵੀਕਾਰ ਕਰੇਗਾ ਆਈਆਰਸੀਸੀ

ਬਰੈਂਪਟਨ, 13 ਅਕਤੂਬਰ (ਪੋਸਟ ਬਿਊਰੋ) : ਇਮੀਗ੍ਰੈਂਟਸ ਨੂੰ ਆਕਰਸ਼ਿਤ ਕਰਨ ਤੇ ਉਨ੍ਹਾਂ ਨੂੰ ਨਾਲ ਜੋੜੀ ਰੱਖਣ ਲਈ ਪਰਿਵਾਰਾਂ ਨੂੰ ਮੁੜ ਮਿਲਾਉਣਾ ਦੇਸ਼ ਦੀ ਸਫਲਤਾ ਵਿੱਚ ਅਹਿਮ ਯੋਗਦਾਨ ਪਾਉਂਦਾ ਹੈ। ਕੈਨੇਡਾ ਦਾ ਬਹੁਤ ਹੀ ਫਰਾਖ਼ਦਿਲ ਫੈਮਿਲੀ ਸਪਾਂਸਰਸ਼ਿਪ ਪ੍ਰੋਗਰਾਮ ਹੈ। ਇਹ ਪ੍ਰੋਗਰਾਮ ਕੈਨੇਡੀਅਨ ਨਾਗਰਿਕਾਂ ਤੇ ਪਰਮਾਨੈਂਟ ਰੈਜ਼ੀਡੈਂਟਸ ਨੂੰ ਆਪਣੇ ਮਾਪਿਆਂ ਤੇ ਗ੍ਰੈਂਡਪੇਰੈਂਟਸ ਨੂੰ ਪਰਮਾਨੈਂਟ ਰੈਜ਼ੀਡੈਂਟਸ ਵਜੋਂ ਕੈਨੇਡਾ ਸੱਦਣ ਦੀ ਖੁੱਲ੍ਹ ਦਿੰਦਾ ਹੈ।

ਇਮੀਗ੍ਰੇਸ਼ਨ ਮੰਤਰੀ ਸ਼ਾਨ ਫਰੇਜ਼ਰ ਦੇ ਪੱਖ ਉੱਤੇ ਮੈਂਬਰ ਪਾਰਲੀਆਮੈਂਟ ਸੋਨੀਆ ਸਿੱਧੂ ਨੇ ਐਮਪੀ ਸ਼ਫਕਤ ਅਲੀ ਦੀ ਹਾਜ਼ਰੀ ਵਿੱਚ ਅੱਜ ਐਲਾਨ ਕੀਤਾ ਕਿ ਇਸ ਸਾਲ ਪੇਰੈਂਟਸ ਐਂਡ ਗ੍ਰੈਂਡਪੇਰੈਂਟਸ ਪ੍ਰੋਗਰਾਮ ਤਹਿਤ ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟਿਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਸਪਾਂਸਰਸ਼ਿਪ ਸਬੰਧੀ 15,000 ਮੁਕੰਮਲ ਅਰਜ਼ੀਆਂ ਸਵੀਕਾਰ ਕਰਕੇ ਪਰਿਵਾਰਾਂ ਨੂੰ ਇੱਕਜੁੱਟ ਕਰਨ ਦੀ ਕੋਸ਼ਿਸ਼ ਜਾਰੀ ਰੱਖੇਗਾ। ਇਸ ਹਫਤੇ ਆਈਆਰਸੀਸੀ ਵੱਲੋਂ 23,100 ਸਮਰੱਥ ਤੇ ਚਾਹਵਾਨ ਸਪਾਂਸਰਜ਼ ਨੂੰ ਸੱਦੇ ਭੇਜੇ ਜਾਣਗੇ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਸੀਂ 15,000 ਅਰਜ਼ੀਆਂ ਦਾ ਆਪਣਾ ਟੀਚਾ ਪੂਰਾ ਕਰ ਸਕੀਏ। ਇਹ ਸੱਦੇ 2 ਹਫਤਿਆਂ ਦੇ ਅਰਸੇ ਵਿੱਚ ਭੇਜੇ ਜਾਣਗੇ।

ਸਪਾਂਸਰ ਕਰਨ ਲਈ ਨਵੀਆਂ ਅਰਜ਼ੀਆਂ ਮੰਗੇ ਜਾਣ ਦੀ ਥਾਂ ਆਈਆਰਸੀਸੀ 2020 ਵਾਲੇ



ਸਮਰੱਥ ਸਪਾਂਸਰਜ਼ ਦੇ ਪੂਲ ਵਿੱਚੋਂ ਹੀ ਸਮਰੱਥ ਸਪਾਂਸਰਜ਼ ਚੁਣੇਗਾ। 2021 ਇਨਟੇਕ ਲਈ ਵੀ ਇਹੋ ਪਹੁੰਚ ਅਪਨਾਈ ਜਾਵੇਗੀ। 2020 ਤੇ ਜਨਵਰੀ ਜਾਂ ਸਤੰਬਰ 2021 ਵਿੱਚ ਸਪਾਂਸਰ ਫਾਰਮ ਜਮ੍ਹਾਂ ਕਰਵਾ ਚੁੱਕੇ ਲੋਕਾਂ ਨੂੰ ਜੇ ਹੁਣ ਤੱਕ ਇਸ ਲਈ ਸੱਦਾ ਨਹੀਂ ਆਇਆ ਤਾਂ ਉਨ੍ਹਾਂ ਨੂੰ ਹੁਣ ਆਪਣਾ ਉਹ ਈਮੇਲ ਐਕਾਊਂਟ ਚੈੱਕ ਕਰਨ ਲਈ ਆਖਿਆ ਜਾ ਰਿਹਾ ਹੈ, ਜਿਹੜਾ ਉਨ੍ਹਾਂ ਫਾਰਮ ਭਰਦੇ ਸਮੇਂ ਜਮ੍ਹਾਂ ਕਰਵਾਇਆ ਸੀ।

ਇਸ ਤੋਂ ਇਲਾਵਾ ਮਹਾਂਮਾਰੀ ਕਾਰਨ ਕੈਨੇਡੀਅਨਜ਼ ਨੂੰ ਪੇਸ਼ ਆ ਰਹੀਆਂ ਵਿੱਤੀ ਦਿੱਕਤਾਂ ਨੂੰ ਧਿਆਨ ਵਿੱਚ ਰੱਖਦਿਆਂ ਆਈਆਰਸੀਸੀ ਨੇ ਪੇਰੈਂਟਸ ਐਂਡ ਗ੍ਰੈਂਡਪੇਰੈਂਟਸ ਸਪਾਂਸਰਸ਼ਿਪ ਲਈ ਘੱਟ ਤੋਂ ਘੱਟ ਆਮਦਨ ਦੀ ਸ਼ਰਤ ਰੱਖੀ ਹੈ। ਜਿਹੜੇ ਕੈਨੇਡੀਅਨ ਆਪਣੇ ਪੇਰੈਂਟਸ ਤੇ ਗ੍ਰੈਂਡਪੇਰੈਂਟਸ ਨਾਲ ਕੈਨੇਡਾ ਵਿੱਚ ਮੁੜ ਇੱਕਠੇ ਹੋਣਾ ਚਾਹੁੰਦੇ ਹਨ, ਪਰ ਜਿਨ੍ਹਾਂ ਨੂੰ ਇਸ ਸਾਲ ਸੱਦਾ ਨਹੀਂ ਮਿਲਿਆ, ਉਹ ਆਪਣੇ ਪੇਰੈਂਟਸ ਤੇ ਗ੍ਰੈਂਡਪੇਰੈਂਟਸ ਲਈ ਸੁਪਰ ਵੀਜ਼ਾ, ਮਲਟੀਪਲ ਐਂਟਰੀ ਵੀਜ਼ਾ (ਜਿਹੜਾ 10 ਸਾਲਾਂ ਲਈ ਵੈਲਿਡ ਹੋਵੇਗਾ) ਲੈ ਸਕਦੇ ਹਨ।

# ਮਹਿਲਾ ਨੂੰ ਘਸੁੰਨ ਮਾਰਨ ਵਾਲੇ ਮਸ਼ਕੂਕ ਦੀ ਭਾਲ ਕਰ ਰਹੀ ਹੈ ਪੁਲਿਸ

ਟੋਰਾਂਟੋ, 13 ਅਕਤੂਬਰ (ਪੋਸਟ ਬਿਊਰੋ) : ਸੋਮਵਾਰ ਸ਼ਾਮ ਨੂੰ ਡਾਊਨਟਾਊਨ ਟੋਰਾਂਟੋ ਵਿੱਚ ਮੂੰਹ ਉੱਤੇ ਘਸੁੰਨ ਮਾਰਨ ਦੇ ਦੋਸ਼ ਵਿੱਚ ਪੁਲਿਸ ਮਸ਼ਕੂਕ ਦੀ ਭਾਲ ਕਰ ਰਹੀ ਹੈ।

ਟੋਰਾਂਟੋ ਪੁਲਿਸ ਨੇ ਦੱਸਿਆ ਕਿ ਇਹ ਘਟਨਾ ਯੰਗ ਤੇ ਵੈਲਸਲੇਅ ਸਟਰੀਟਸ ਉੱਤੇ ਰਾਤੀਂ 9:00 ਵਜੇ ਵਾਪਰੀ। ਪ੍ਰਾਪਤ ਜਾਣਕਾਰੀ ਅਨੁਸਾਰ ਇੱਕ ਵਿਅਕਤੀ ਇੰਟਰਸੈਕਸ਼ਨ ਨੇੜੇ ਇੱਕ ਮਹਿਲਾ ਕੋਲ ਗਿਆ ਤੇ ਉਸ ਨੇ ਉਸ ਦੇ ਮੂੰਹ ਉੱਤੇ ਮੁੱਕਾ ਮਾਰਿਆ। ਇਸ ਤੋਂ ਬਾਅਦ ਇਹ



ਵਿਅਕਤੀ ਵੈਲਸਲੇਅ ਸਟਰੀਟ ਵੱਲ ਭੱਜ ਗਿਆ।

ਇਹ ਮਸ਼ਕੂਕ ਆਪਣੇ 40ਵਿਆਂ ਵਿੱਚ ਦੱਸਿਆ ਜਾਂਦਾ ਹੈ ਤੇ ਉਸ ਦਾ ਕੱਦ ਪੰਜ ਫੁੱਟ ਦਸ ਇੰਚ ਕੱਦ ਕਾਠੀ ਦਰਮਿਆਨੀ ਤੇ ਵਾਲ ਨਿੱਕੇ ਕੱਟੇ ਹੋਏ ਤੇ ਭੂਰੇ ਦੱਸੇ ਜਾਂਦੇ ਹਨ। ਉਸ ਨੂੰ ਆਖਰੀ ਵਾਰੀ ਕਾਲੇ ਰੰਗ ਦੀ ਹੁਡੀ, ਕਾਲੀ ਪੈਂਟ ਤੇ ਗ੍ਰੇਅ ਬੈਕਪੈਕ ਨਾਲ ਵੇਖਿਆ ਗਿਆ। ਪੁਲਿਸ ਵੱਲੋਂ ਮਸ਼ਕੂਕ ਦੀ ਫੋਟੋ ਵੀ ਜਾਰੀ ਕੀਤੀ ਗਈ ਹੈ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਮਹਿਲਾ ਤੇ ਮਸ਼ਕੂਕ ਇੱਕ ਦੂਜੇ ਨੂੰ ਜਾਣਦੇ ਸਨ ਜਾਂ ਨਹੀਂ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚੌਥੀ ਵੰਦੇ ਭਾਰਤ ਰੇਲ ਗੱਡੀ ਨੂੰ ਅੰਬ ਅੰਦੌਰਾ ਰੇਲਵੇ ਸਟੇਸ਼ਨ ਤੋਂ ਦਿੱਲੀ ਲਈ ਦਿਖਾਈ ਹਰੀ ਝੰਡੀ

ਊਨਾ, 13 ਅਕਤੂਬਰ (ਪੋਸਟ ਬਿਊਰੋ): ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਹਿਮਾਚਲ ਪ੍ਰਦੇਸ਼ ਨੂੰ ਵੰਦੇ ਭਾਰਤ ਐਕਸਪ੍ਰੈਸ ਰੇਲ ਗੱਡੀ ਭੇਂਟ ਕੀਤੀ ਹੈ। ਉਨ੍ਹਾਂ ਨੇ ਦੇਸ਼ ਦੀ ਚੌਥੀ ਵੰਦੇ ਭਾਰਤ ਰੇਲਗੱਡੀ ਨੂੰ ਊਨਾ ਦੇ ਅੰਬ ਅੰਦੌਰਾ ਰੇਲਵੇ ਸਟੇਸ਼ਨ ਤੋਂ ਰਾਜਧਾਨੀ ਦਿੱਲੀ ਲਈ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ‘ਤੇ ਹਿਮਾ-ਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੈ ਰਾਮ ਠਾਕੁਰ, ਰੇਲ ਮੰਤਰੀ ਅਸ਼ਵਨੀ ਵੈਸ਼ਨਵ ਅਤੇ ਕੇਂਦਰੀ ਮੰਤਰੀ ਅਤੇ ਹਮੀਰਪੁਰ ਤੋਂ ਸੰਸਦ ਮੈਂਬਰ ਅਨੁਰਾਗ ਠਾਕੁਰ ਵੀ ਮੌਜੂਦ ਸਨ। ਇਸ ਟਰੇਨ ਦੇ ਸ਼ੁਰੂ ਹੋਣ



ਨਾਲ ਹੁਣ ਦਿੱਲੀ ਤੋਂ ਚੰਡੀਗੜ੍ਹ ਦਾ ਸਫ਼ਰ ਸਿਰਫ਼ 3 ਘੰਟਿਆਂ ਵਿੱਚ ਪੂਰਾ ਹੋ ਜਾਵੇਗਾ। ਮੌਜੂਦਾ ਸਮੇਂ ਵਿੱਚ ਸ਼ਤਾਬਦੀ ਸੁਪਰਫਾਸਟ ਐਕਸਪ੍ਰੈਸ ਦੁਆਰਾ ਦਿੱਲੀ ਅਤੇ ਚੰਡੀਗੜ੍ਹ ਵਿਚਕਾਰ ਯਾਤਰਾ ਦਾ ਸਮਾਂ ਲਗਭਗ 3:30 ਘੰਟੇ ਹੈ। ਨਵੀਂ ਵੰਦੇ ਭਾਰਤ ਟ੍ਰੇਨ ਦੀ ਵੱਧ ਤੋਂ ਵੱਧ ਸਪੀਡ 180 ਕਿਲੋਮੀਟਰ ਪ੍ਰਤੀ ਘੰਟਾ ਹੈ, ਜੋ ਯਾਤਰੀਆਂ ਨੂੰ 5:30 ਘੰਟਿਆਂ ਵਿੱਚ ਦਿੱਲੀ ਤੋਂ ਹਿਮਾਚਲ ਦੇ ਅੰਬ ਅੰਦੌਰਾ ਤੱਕ ਲੈ ਜਾਵੇਗੀ। ਰੇਲਵੇ ਵੱਲੋਂ ਜਾਰੀ ਸ਼ਡਿਊਲ ਮੁਤਾਬਕ ਵੰਦੇ ਭਾਰਤ ਐਕਸਪ੍ਰੈਸ ਬੁੱਧਵਾਰ ਨੂੰ ਛੱਡ ਕੇ ਹਫ਼ਤੇ ਦੇ ਬਾਕੀ 6 ਦਿਨ ਚੱਲੇਗੀ।

# ਭਗਵੰਤ ਮਾਨ ਹਰਿਆਣਾ ਦੇ ਮੁੱਖ ਮੰਤਰੀ ਨਾਲ ਪਾਣੀਆਂ ਬਾਰੇ ਗੱਲਬਾਤ ਸਮੇਂ ਦਿੱਲੀ ਦੇ ਮੁੱਖ ਮੰਤਰੀ ਅਤੇ ਹਰਿਆਣਵੀ ਨੇਤਾਵਾਂ ਦੇ ਪ੍ਰਭਾਵ ਵਿਚ ਨਾ ਆਉਣ : ਰਵੀਇੰਦਰ

ਚੰਡੀਗੜ੍ਹ, 13 ਅਕਤੂਬਰ (ਪੋਸਟ ਬਿਊਰੋ): ਅਕਾਲੀ ਦਲ 1920 ਦੇ ਪ੍ਰਧਾਨ ਰਵੀਇੰਦਰ ਸਿੰਘ ਸਾਬਕਾ ਸਪੀਕਰ ਵਿਧਾਨ ਸਭਾ ਨੇ ਪੰਜਾਬ ਦੇ ਦਰਿਆਈ ਪਾਣੀਆਂ ਦੇ ਮਸਲੇ ਨੂੰ ਗੰਭੀਰ ਕਰਾਰ ਦਿੰਦਿਆਂ ਸੂਬੇ ਦੇ ਸਮੂਹ ਨੇਤਾਵਾਂ ਨੂੰ ਇੱਕ ਮੰਚ ਤੇ ਇਕੱਠੇ ਹੋਣ ਦੀ ਅਪੀਲ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੁਚੇਤ ਕੀਤਾ ਹੈ ਕਿ ਉਹ ਹਰਿਆਣਾ ਦੇ ਮੁੱਖ-ਮੰਤਰੀ ਨਾਲ ਗਲਬਾਤ ਕਰਨ ਸਮੇਂ ਹਰਿਆਣਵੀ ਨੇਤਾ ਅਤੇ “ਆਪ” ਸੁਪਰੀਮੋਂ ਅਰਵਿੰਦ ਕੇਜ਼ਰੀਵਾਲ ਦੇ ਪ੍ਰਭਾਵ ਹੇਠ ਨਾ ਆਉਣ ।ਸਾਬਕਾ ਸਪੀਕਰ ਨੇ ਸਪਸ਼ਟ ਕੀਤਾ ਕਿ 14 ਅਕਤੂਬਰ ਨੂੰ ਦੋਹਾਂ ਸੂਬਿਆਂ ਦੇ ਮੁੱਖ-ਮੰਤਰੀ ਬੜੀ ਅਹਿਮ ਬੈਠਕ ਕਰਨ ਜਾ ਰਹੇ ਹਨ ਜਦ ਖੇਤੀ ਪ੍ਰਧਾਨ ਸੂਬੇ ਪੰਜਾਬ ਕੋਲ ਇੱਕ ਬੂੰਦ ਪਾਣੀ ਦੇਣ ਜੋਗਾ ਨਹੀ ਰਿਹਾ ।80 ਫੀਸਦੀ ਦੇ ਪੰਜਾਬ ਦੀ ਖੇਤੀ ਕੋਲ ਦਰਿਆਈ ਪਾਣੀਆਂ ਦੇ ਸਿਵਾਏ ਹੋਰ ਕੋਈ ਵੀ ਕੁਦਰਤੀ ਸਾਧਨ ਨਹੀ ਪਰ ਕੇਂਦਰੀ ਹਾਕਮਾਂ ਇੱਕ ਗਿੱਣੀ ਮਿਣੀ ਸਾਜ਼ਿਸ਼ ਹੇਠ ਸਾਡੇ ਪਾਣੀ ਖੋਹੇ। ਪੰਜਾਬ ਦੀ ਵੰਡ ਸਮੇਂ ਹਰਿਆਣਾ,ਹਿਮਾਚਲ-ਪ੍ਰਦੇਸ਼ ਅਤੇ ਰਾਜ਼ਸਥਾਨ ਨੂੰ ਪੰਜਾਬੀਆਂ ਦੇ ਹੱਕ ਖੋਹ ਕੇ ਪਾਣੀ ਦੇ ਦਿਤਾ ਗਿਆ।ਸੂਬੇ ਦਾ ਪਾਣੀ ਪ੍ਰਦੂਸ਼ਤ ਹੋ ਚੁੱਕਾ ਹੈ।ਪੰਜਾਬ ਦੇ ਬਲਾਕ ਡਾਰਕ ਜ਼ੋਨ ਬਣ ਗਏ ਹਨ।ਇਸ ਵੇਲੇ ਹਰਿਆਣਾ ਤੇ ਗੁਜਰਾਤ ਚ ਚੋਣ ਹੋ ਰਹੀ ਹੈ । ਭਾਜਪਾ ਤੇ ਆਪ ਪਾਰਟੀ ਚੋਣਾਂ ਜਿੱਤਣ ਲਈ ਪੱਬਾਂ ਭਾਰ ਹਨ ਜੋ ਪੰਜਾਬ ਨੂੰ ਦਾਅ ਤੇ ਲਾਉਣਾ ਚਾਹੁੰਦੀਆਂ ਹਨ।ਮੌਜੂਦਾ ਸਿਆਸੀ ਹਲਾਤਾਂ ਅਤੇ ਅਤੀਤ ਦੇ ਰਾਜ਼ਨੀਤਕ ਹਲਾਤ ਸੁਚੇਤ ਕਰਦੇ ਹਨ ਕਿ ਪੰਜਾਬ ਨਾਲ ਸੁਰੂ ਤੋਂ ਧੋਖਾ ਹੁੰਦਾ ਰਿਹਾ ਹੈ ਤੇ ਕਿਸੇ ਵੀ ਸਿਆਸਤਦਾਨ ਤੇ ਹੁਕਮਰਾਨ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ।ਇਸ ਲਈ ਉਹ ਮੰਗ ਕਰਦੇ ਹਨ ਕਿ ਹਰਿਆਣਾਂ ਯਮੁਨਾ ਦਰਿਆ ਚੋਂ ਪੰਜਾਬ ਨੂੰ ਪਾਣੀ ਦੇਵੇ ਜੋ 1966 ਤੋਂ ਸੂਬੇ ਦਾ ਪਾਣੀ ਵਰਤ ਰਿਹਾ ਹੈ। ਉਨਾਂ ਰਿਪੇਰੀਅੰਨ ਸਿਧਾਂਤ ਅਪਨਾਉਣ ਦੀ ਮੰਗ ਕਰਦਿਆਂ ਕਿਹਾ ਕਿ ਪੰਜਾਬ ਸਰਹੱਦੀ ਸੂਬਾ ਹੈ ।ਪੰਜਾਬੀ ਕਿਸਾਨ ਮਜ਼ਦੂਰ ਤੇ ਹੋਰ ਕਾਰੋਬਾਰੀ ਲੋਕ ਖੇਤੀ ਆਸਰੇ ਹਨ।ਹੁਣ ਪੰਜਾਬ ਨਾਲ ਧੋਖਾ ਹੋਇਆ ਤਾਂ ਉਹ ਬਰਦਾਸ਼ਤ ਨਹੀਂ ਹੋਵੇਗਾ।ਸਾਬਕਾ ਸਪੀਕਰ ਨੇ ਪਾਣੀਆਂ ਸਬੰਧੀ ਸਰਵੇਖਣ ਕਰਵਾਉਣ ਲਈ ਜ਼ੋਰ ਦਿਤਾ ਹੈ ਤਾਂ ਜੋ ਪਤਾ ਲਗ ਸਕੇ ਕਿ ਪੰਜਾਬ ਕੋਲ ਕਿੰਨਾ ਪਾਣੀ ਹੈ,ਉਸ ਨੂੰ ਕਿੰਨੀ ਲੋੜ ਹੈ।ਕੀ ਉਸ ਦੇ ਦਰਿਆਵਾਂ ਦਾ ਪਾਣੀ ਫਾਲਤੂ ਹੈ? ਹਰਿਆਂਣਾ ,ਹਿਮਾਚਲ, ਰਾਜ਼ਸਥਾਨ ਕਿਸ ਅਧਾਰ ਤੇ ਪਾਣੀ ਦੀ ਮੰਗ ਕਰ ਰਹੇ ਹਨ।

# ਅੱਜ ਐੱਸ.ਵਾਈ.ਐੱਲ. ਵਿਵਾਦ ਸੰਬੰਧੀ ਪੰਜਾਬ ਅਤੇ ਹਰਿਆਣਾ ਆਹਮੋ-ਸਾਹਮਣੇ ਹੋਣਗੇ

ਚੰਡੀਗੜ੍ਹ, 13 ਅਕਤੂਬਰ (ਪੋਸਟ ਬਿਊਰੋ): ਸਤਲੁਜ-ਯਮੁਨਾ ਲਿੰਕ ਨਹਿਰ ਵਿਵਾਦ ਨੂੰ ਸੁਲਝਾਉਣ ਲਈ ਅੱਜ 14 ਅਕਤੂਬਰ ਨੂੰ ਪੰਜਾਬ ਅਤੇ ਹਰਿਆਣਾ ਆਹਮੋ-ਸਾਹਮਣੇ ਹੋਣਗੇ।ਭਲਕੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵਿਚਾਲੇ ਮੀਟਿੰਗ ਹੈ। ਪੰਜਾਬ ਸਰਕਾਰ ਇਸ ਕੇਸ ਵਿੱਚ ਸਾਲਾਂ ਤੋਂ ਚੱਲੀ ਆ ਰਹੀ ਅੜਚਣ ਨਾਲ ਸਬੰਧਤ ਗੁੰਝਲਦਾਰ ਤੱਥਾਂ ਵਿੱਚੋਂ ਲੰਘ ਚੁੱਕੀ ਹੈ। ਸੀਐਮ ਮਾਨ ਨੇ ਪੰਜਾਬ ਦੇ ਹਿੱਤਾਂ ਅਤੇ ਅਧਿਕਾਰਾਂ ਦੀ ਰਾਖੀ ਨੂੰ ਯਕੀਨੀ ਬਣਾਉਣ ਦੀ ਗੱਲ ਵੀ ਕਹੀ ਹੈ। ਹਾਲਾਂਕਿ, ਉਨ੍ਹਾਂ ਨੇ ਇਸ ਇੱਕ ਮੀਟਿੰਗ ਵਿੱਚ ਕਿਸੇ ਸਿੱਟੇ 'ਤੇ ਪਹੁੰਚਣ ਨੂੰ ਜਲਦਬਾਜੀ ਦੱਸਿਆ ਹੈ। ਇਹ ਬੈਠਕ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਹੋ ਰਹੀ ਹੈ। 15 ਅਕਤੂਬਰ ਨੂੰ ਦੋਵਾਂ



ਰਾਜਾਂ ਨੂੰ ਅਦਾਲਤ ਵਿੱਚ ਆਪਣਾ ਜਵਾਬ ਦਾਇਰ ਕਰਨਾ ਹੈ। ਇਸ ਦੇ ਨਾਲ ਹੀ ਇਸ ਮਾਮਲੇ 'ਚ ਪੰਜਾਬ ਸਰਕਾਰ ਦੇ ਸਖ਼ਤ ਰੁਖ ਕਾਰਨ ਮੰਨਿਆ ਜਾ ਰਿਹਾ ਹੈ ਕਿ ਉਹ ਇਕਤਰਫ਼ਾ ਅਧਿਕਾਰ ਜਾਂ ਸਹਿਮਤੀ 'ਤੇ ਗੱਲਬਾਤ ਕਰਨ ਦੇ ਮੂਡ 'ਚ ਨਹੀਂ ਹੈ ਪਰ ਅਦਾਲਤ 'ਚ ਦਿੱਤਾ ਗਿਆ ਜਵਾਬ ਦੋਵਾਂ ਲਈ ਬਹੁਤ ਅਹਿਮ ਹੈ।

TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

Harcharan S. Grover
Chartered Accountant

ਸਾਨੂੰ ਕਾਲ ਕਰੋ ਤੇ
ਆਪਣਾ ਟੈਕਸ ਬਚਾਓ



Call for Professional Advice
905.247.0193
info@grovercpa.ca

GroVerCPA
Professional Corporation

214-7895 Tranmere Drive, Mississauga ON L5S 1V9

ਅਵਾਹੁ ਸਜਨਾ ਹਉਂ ਦੇਖਾਂ ਦਰਸ਼ਨ ਤੇਰਾ ਰਾਮ

GURU NANAK NISHKAM SEWA CENTRE
CANADA
Regd.

ਹਮ ਚਾਕਰ ਗੋਬਿੰਦ ਕੇ ਠਾਕੁਰ ਮੇਰਾ ਭਾਰਾ

GURDWARA SAHIB
GURU NANAK NISHKAM SEWA CENTRE
NON-PROFIT ORGANIZATION
www.gurunanaknishkamsewa.org
12356 Mayfield and Bramalea Rd, Caledon

# ਯੂਕਰੇਨ ਲਈ ਕੈਨੇਡਾ ਨੇ 47 ਮਿਲੀਅਨ ਡਾਲਰ ਦੇ ਏਡ ਪੈਕੇਜ ਦਾ ਕੀਤਾ ਐਲਾਨ

ਓਟਵਾ, 13 ਅਕਤੂਬਰ (ਪੋਸਟ ਬਿਊਰੋ) : ਰੂਸ ਵੱਲੋਂ ਲਗਾਤਾਰ ਕੀਤੇ ਜਾ ਰਹੇ ਹਮਲਿਆਂ ਤੋਂ ਆਪਣੀ ਰੱਖਿਆ ਕਰਨ ਲਈ ਯੂਕਰੇਨ ਨੂੰ ਅਜੇ ਵੀ ਦੂਜੇ ਦੇਸ਼ਾਂ ਤੋਂ ਮਦਦ ਦੀ ਦਰਕਾਰ ਹੈ। ਇਸ ਦੇ ਮੱਦੇਨਜ਼ਰ ਬੁੱਧਵਾਰ ਨੂੰ ਕੈਨੇਡਾ ਨੇ ਐਲਾਨ ਕੀਤਾ ਕਿ ਉਹ ਆਪਣੇ ਯੂਰਪੀਅਨ ਭਾਈਵਾਲ ਯੁਕਰੇਨ ਨੂੰ 47 ਮਿਲੀਅਨ ਡਾਲਰ ਦਾ ਨਵਾਂ ਏਡ ਪੈਕੇਜ ਭੇਜੇਗਾ। ਇਸ ਵਿੱਚ ਹਥਿਆਰ, ਗੋਲੀ ਸਿੱਕੇ ਦੇ ਨਾਲ ਨਾਲ ਸਿਆਲਾਂ ਵਿੱਚ ਕੰਮ ਆਉਣ ਵਾਲੇ ਦਸਤਾਨੇ ਤੇ ਕੱਪੜੇ ਆਦਿ ਸ਼ਾਮਲ ਹੋਣਗੇ।



ਇਸ ਨਵੇਂ ਪੈਕੇਜ ਵਿੱਚ 15.2 ਮਿਲੀਅਨ ਡਾਲਰ ਦੇ ਕੈਨੇਡੀਅਨ ਆਰਮਡ ਫਰਸਿਜ਼ ਇਨਵੈਂਟਰੀ, ਜਿਸ ਵਿੱਚ ਗੋਲੀ ਸਿੱਕਾ, ਫਿਊਜਿਜ਼ ਤੇ ਐਮ777 ਹੌਊਇਟਜ਼ਰ ਆਰਟਿਲਰੀ ਗੰਨਜ਼ ਲਈ ਚਾਰਜ ਬੈਗਜ਼ ਆਦਿ ਸ਼ਾਮਲ ਹੋਣਗੇ। ਇਸ ਤੋਂ ਇਲਾਵਾ 15.3 ਮਿਲੀਅਨ ਡਾਲਰ ਦੇ ਡਰੋਨ ਕੈਮਰਾਜ਼, 15 ਮਿਲੀਅਨ ਡਾਲਰ ਦੇ ਸਿਆਲਾਂ ਦੇ ਕੱਪੜੇ, ਜਿਨ੍ਹਾਂ ਵਿੱਚ 400,000 ਜੈਕੇਟਸ, ਪੈਂਟਾਂ, ਬੂਟ ਤੇ ਦਸਤਾਨੇ ਸ਼ਾਮਲ ਹੋਣਗੇ। ਇਸ ਦੇ ਨਾਲ ਹੀ ਕੈਨੇਡੀਅਨ ਕੰਪਨੀਆਂ ਵੱਲੋਂ 100,000 ਪੀਸ ਸੀਏਐਫ ਇਨਵੈਂਟਰੀ ਵੀ ਭੇਜੀ ਜਾਵੇਗੀ। ਰੱਖਿਆ ਮੰਤਰਾਲੇ, ਕੈਨੇਡਾ ਦੀ ਕਮਿਊਨਿਕੇਸ਼ਨਜ਼ ਸਕਿਊਰਿਟੀ ਅਸਟੈਬਲਿਸ਼ਮੈਂਟ ਤੇ ਟੈਲੇਸੈੱਟ ਵਿਭਾਗ ਵੱਲੋਂ ਸਾਂਝੇ ਪ੍ਰੋਜੈਕਟ ਤਹਿਤ ਸਰਕਾਰੀ ਤੇ ਗੈਰ ਸਰਕਾਰੀ ਭਾਈਵਾਲਾਂ ਰਾਹੀਂ 2 ਮਿਲੀਅਨ ਡਾਲਰ ਦੀਆਂ ਸੈਟੇਲਾਈਟ ਕਮਿਊਨਿਕੇਸ਼ਨ ਸਰਵਿਸਿਜ਼ ਵੀ ਮੁਹੱਈਆ ਕਰਵਾਈਆਂ ਜਾਣਗੀਆਂ।

ਬੈਲਜੀਅਮ ਵਿੱਚ ਯੂਕਰੇਨ ਡਿਫੈਂਸ ਕਾਂਟੈਕਟ ਗਰੁੱਪ ਨਾਲ ਮੀਟਿੰਗ ਵਿੱਚ ਇਹ ਐਲਾਨ ਕਰਦਿਆਂ ਰੱਖਿਆ ਮੰਤਰੀ ਅਨੀਤਾ ਆਨੰਦ ਨੇ ਆਖਿਆ ਕਿ ਇਹ ਮਦਦ ਪਹਿਲਾਂ ਤੋਂ ਹੀ ਦਿੱਤੀ ਜਾ ਰਹੀ ਟਰੇਨਿੰਗ ਤੇ ਹੋਰ ਪਹਿਲਕਦਮੀਆਂ ਤੋਂ ਵੱਖ ਹੋਵੇਗੀ। ਇਸ ਤੋਂ ਪਹਿਲਾਂ ਕੈਨੇਡਾ 2022 ਦੇ ਸ਼ੁਰੂ ਵਿੱਚ ਜਾਰੀ ਹੋਈ ਇਸ ਜੰਗ ਦੌਰਾਨ 600 ਮਿਲੀਅਨ ਡਾਲਰ ਦਾ ਫੌਜੀ ਸਾਜ਼ੋ ਸਮਾਨ ਯੂਕਰੇਨ ਨੂੰ ਮੁਹੱਈਆ ਕਰਵਾ ਚੁੱਕਿਆ ਹੈ।

# ਰੂਸ ਵਲੋਂ ਕੀਵ ਤੇ ਅਹਿਮ ਯੂਕਰੇਨੀ ਸ਼ਹਿਰਾਂ ਉਤੇ ਕੀਤੇ ਤਾਜ਼ਾ ਹਮਲੇ ਦੀ ਟਰੂਡੋ ਵੱਲੋਂ ਨਿਖੇਧੀ

ਓਟਵਾ, 13 ਅਕਤੂਬਰ (ਪੋਸਟ ਬਿਊਰੋ) : ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਗਏ ਤਾਜ਼ਾ ਹਮਲਿਆਂ ਦੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਨਿਖੇਧੀ ਕੀਤੀ ਗਈ। ਕੀਵ ਸਮੇਤ ਯੂਕਰੇਨ ਦੇ ਕਈ ਅਹਿਮ ਸ਼ਹਿਰਾਂ ਉੱਤੇ ਰੂਸ ਵੱਲੋਂ ਹਮਲਾ ਬੋਲਿਆ ਗਿਆ। ਕੀਵ ਵਿੱਚ ਘੱਟੋ ਘੱਟ ਛੇ ਲੋਕਾਂ ਦੀ ਮੌਤ ਵੀ ਹੋਈ ਦੱਸੀ ਜਾਂਦੀ ਹੈ।

ਸੋਮਵਾਰ ਨੂੰ ਫੋਨ ਉੱਤੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਇਨ੍ਹਾਂ ਹਮਲਿਆਂ ਦੀ ਨਿਖੇਧੀ ਕੀਤੀ ਤੇ ਯੂਕਰੇਨ ਨੂੰ ਕੈਨੇਡਾ ਵੱਲੋਂ ਪੂਰਾ ਸਹਿਯੋਗ ਦੇਣ ਦਾ ਤਹੱਈਆ ਦੁਹਰਾਇਆ। ਪ੍ਰਧਾਨ ਮੰਤਰੀ ਦੇ ਆਫਿਸ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਰੂਸ ਦੀਆਂ ਹਰਕਤਾਂ ਕਾਰਨ ਯੂਕਰੇਨ ਵਿੱਚ ਜ਼ਿੰਦਗੀਆਂ ਦੇ ਹੋ ਰਹੇ ਘਾਣ ਦਾ ਉਨ੍ਹਾਂ ਨੂੰ ਬਹੁਤ ਅਫਸੋਸ ਹੈ ਤੇ ਕੈਨੇਡੀਅਨਜ਼ ਦੇ ਪੱਖ ਉੱਤੇ ਉਹ ਰਾਸ਼ਟਰਪਤੀ ਜ਼ੈਲੈਂਸਕੀ ਨੂੰ ਇਹ ਭਰੋਸਾ ਦਿਵਾਉਣਾ ਚਾਹੁੰਦੇ ਹਨ ਕਿ ਇਸ ਸੰਘਰਸ਼ ਦੀ ਘੜੀ ਵਿੱਚ ਉਹ ਹਮੇਸ਼ਾਂ ਉਨ੍ਹਾਂ ਦੇ ਨਾਲ ਹਨ। ਇਸ



ਦੌਰਾਨ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਆਖਿਆ ਕਿ ਇਹ ਹਮਲੇ ਕੀਵ ਦੀਆਂ ਅੱਤਵਾਦੀ ਕਾਰਵਾਈਆਂ ਦਾ ਜਵਾਬ ਸਨ। ਉਨ੍ਹਾਂ ਆਖਿਆ ਕਿ ਵੀਕੈਂਡ ਉੱਤੇ ਯੂਕਰੇਨ ਵੱਲੋਂ ਰੂਸ ਤੇ ਕ੍ਰਿਮੀਆ ਦਰਮਿਆਨ ਮੌਜੂਦ ਅਹਿਮ ਪੁਲ ਨੂੰ ਉਡਾ ਦਿੱਤਾ ਗਿਆ ਤੇ ਇਹ ਸੱਭ ਮਾਸਕੋ ਦੀਆਂ ਧਾੜਵੀ ਫੌਜਾਂ ਨੂੰ ਰੋਕਣ ਦੇ ਇਰਾਦੇ ਨਾਲ ਕੀਤਾ ਗਿਆ। ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਦੀਆਂ ਕਾਰਵਾਈਆਂ ਬਰਦਾਸ਼ਤ ਨਹੀਂ ਕੀਤੀਆਂ ਜਾ ਸਕਦੀਆਂ। ਪੁਤਿਨ ਨੇ ਇਹ ਵੀ ਆਖਿਆ ਕਿ ਜੇ ਰੂਸ ਦੀ ਸਕਿਊਰਿਟੀ ਨੂੰ ਨੁਕਸਾਨ ਪਹੁੰਚਾਉਣ ਦੀ ਯੂਕਰੇਨ ਵੱਲੋਂ ਮੁੜ ਕੋਈ ਹਰਕਤ ਕੀਤੀ ਗਈ ਤਾਂ ਉਸ ਦਾ ਸਖ਼ਤ ਤੇ ਢੁਕਵਾਂ ਜਵਾਬ ਦਿੱਤਾ ਜਾਵੇਗਾ।

ਟਰੂਡੋ ਨਾਲ ਹੋਈ ਗੱਲਬਾਤ ਬਾਰੇ ਟਵੀਟ ਕਰਕੇ ਜ਼ੈਲੈਂਸਕੀ ਨੇ ਆਖਿਆ ਕਿ ਰੂਸ ਦੇ ਮਿਜ਼ਾਈਲ ਖੌਫ ਤੋਂ ਬਚਣ ਲਈ ਜੀ-7 ਦੇਸ਼ਾਂ ਦੀ ਤਿੱਖੀ ਪ੍ਰਤੀਕਿਰਿਆ ਦੀ ਕਾਫੀ ਅਹਿਮੀਅਤ ਹੈ। ਉਨ੍ਹਾਂ ਇਹ ਵੀ ਆਖਿਆ ਕਿ ਆਪਣੇ ਦੇਸ਼ ਦੇ ਲੋਕਾਂ ਤੇ ਅਹਿਮ ਇਨਫਰਾਸਟ੍ਰਕਚਰ ਦੀ ਹਿਫਾਜ਼ਤ ਲਈ ਯੂਕਰੇਨ ਨੂੰ ਏਅਰ ਸ਼ੀਲਡ ਦੀ ਵੀ ਲੋੜ ਹੈ। ਉਨ੍ਹਾਂ ਦੱਸਿਆ ਕਿ ਸੋਮਵਾਰ ਨੂੰ ਰੂਸ ਵੱਲੋਂ ਯੂਕਰੇਨ ਦੇ ਕਈ ਅਹਿਮ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਤੇ ਇਸ ਦੌਰਾਨ 11 ਲੋਕ ਮਾਰੇ ਗਏ ਤੇ 64 ਹੋਰ ਜ਼ਖ਼ਮੀ ਹੋ ਗਏ।

# ਪੰਜਾਬੀ ਪਰਿਵਾਰ ਦੇ ਜੀਆਂ ਨੂੰ ਅਗਵਾ ਕਰਕੇ ਮਾਰਨ ਵਾਲੇ ਕੈਲੇਫੋਰਨੀਆ ਦੇ ਵਿਅਕਤੀ ਨੂੰ ਕੀਤਾ ਗਿਆ ਚਾਰਜ

ਮਰਸਡ, ਕੈਲੇਫੋਰਨੀਆ, 13 ਅਕਤੂਬਰ (ਪੋਸਟ ਬਿਊਰੋ) : 8 ਮਹੀਨੇ ਦੇ ਬੱਚੇ, ਉਸ ਦੇ ਮਾਪਿਆਂ ਤੇ ਅੰਕਲ ਨੂੰ ਅਗਵਾ ਕਰਨ ਤੇ ਮੌਤ ਦੇ ਘਾਟ ਉਤਾਰਨ ਵਾਲੇ ਕੈਲੇਫੋਰਨੀਆ ਦੇ ਵਿਅਕਤੀ ਨੂੰ ਸੋਮਵਾਰ ਨੂੰ ਚਾਰਜ ਕੀਤਾ ਗਿਆ। ਇਹ ਪਰਿਵਾਰ ਪੰਜਾਬੀ ਮੂਲ ਦਾ ਦੱਸਿਆ ਜਾਂਦਾ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਸਾਲਗਾਡੋ ਨਾਂ ਦੇ ਇਸ ਵਿਅਕਤੀ ਨੇ 3 ਅਕਤੂਬਰ ਨੂੰ ਟਰੱਕਿੰਗ ਬਿਜ਼ਨਸ ਨਾਲ ਸਬੰਧਤ ਪਰਿਵਾਰ ਦੇ ਜੀਆਂ ਨੂੰ ਬੰਦੂਕ ਦੀ ਨੋਕ ਉੱਤੇ ਅਗਵਾ ਕੀਤਾ ਤੇ ਇੱਕ ਘੰਟੇ ਦੇ ਅੰਦਰ ਅੰਦਰ ਉਨ੍ਹਾਂ ਨੂੰ ਮਾਰ ਮੁਕਾਇਆ। ਇਹ ਵਿਅਕਤੀ ਇਸ ਪਰਿਵਾਰ ਦਾ ਸਾਬਕਾ ਮੁਲਾਜ਼ਮ ਸੀ ਤੇ ਲੰਮੇਂ ਸਮੇਂ ਤੋਂ



ਇਸ ਦਾ ਉਨ੍ਹਾਂ ਨਾਲ ਵਿਵਾਦ ਚੱਲ ਰਿਹਾ ਸੀ। ਪਿਛਲੇ ਬੁੱਧਵਾਰ ਤੱਕ ਇਸ ਪਰਿਵਾਰ ਦਾ ਖੁਰਾ ਖੋਜ ਵੀ ਨਹੀਂ ਸੀ ਲੱਭਿਆ ਜਦੋਂ ਸੈਨ ਜਕੁਇਨ ਵੈਲੀ ਦੇ ਦੂਰ ਦਰਾਜ ਸਥਿਤ ਇੱਕ ਬਗੀਚੇ ਵਿੱਚ ਕੰਮ ਕਰਨ ਵਾਲੇ ਫਾਰਮ ਵਰਕਰ ਨੂੰ ਆਰੂਹੀ ਢੇਰੀ, ਉਸ ਦੀ 27 ਸਾਲਾ ਮਾਂ ਜਸਲੀਨ ਕੌਰ, 36 ਸਾਲਾ ਪਿਤਾ ਜਸਦੀਪ ਸਿੰਘ ਤੇ 39 ਸਾਲਾ ਅੰਕਲ ਅਮਨਦੀਪ ਸਿੰਘ ਦੀਆਂ ਲਾਸ਼ਾਂ ਮਿਲੀਆਂ।

ਹਿਰਾਸਤ ਵਿੱਚ ਲਏ ਜਾਣ ਤੋਂ ਪਹਿਲਾਂ ਇਸ ਪਰਿਵਾਰ ਨੂੰ ਅਗਵਾ ਕਰਨ ਤੋਂ ਇੱਕ ਦਿਨ ਬਾਅਦ 48 ਸਾਲਾ ਸਲਗਾਡੋ ਨੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਵੀ ਕੀਤੀ। ਸੋਮਵਾਰ ਨੂੰ ਮਰਸਡ ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਆਫਿਸ ਨੇ ਐਲਾਨ ਕੀਤਾ ਕਿ ਸਲਗਾਡੋ ਖਿਲਾਫ ਫਰਸਟ ਡਿਗਰੀ ਮਰਡਰ ਸਬੰਧੀ ਚਾਰ ਚਾਰਜਿਜ਼ ਲਾਏ ਗਏ ਹਨ। ਦੋਸ਼ੀ ਪਾਏ ਜਾਣ ਤੋਂ ਬਾਅਦ ਉਸ ਨੂੰ ਆਪਣੀ ਬਾਕੀ ਦੀ ਜ਼ਿੰਦਗੀ ਕੈਦ ਵਿੱਚ ਹੀ ਗੁਜ਼ਾਰਨੀ ਹੋਵੇਗੀ ਤੇ ਉਸ ਨੂੰ ਪੈਰੋਲ ਵੀ ਨਹੀਂ ਮਿਲ ਸਕੇਗੀ।

# ਪੁਲਿਸ ਵੱਲੋਂ ਇੱਕ ਵਿਅਕਤੀ ਨੂੰ ਗੋਲੀ ਮਾਰੇ ਜਾਣ ਦੇ ਮਾਮਲੇ ਦੀ ਜਾਂਚ ਕਰੇਗੀ ਐਸਆਈਯੂ

ਓਨਟਾਰੀਓ, 13 ਅਕਤੂਬਰ (ਪੋਸਟ ਬਿਊਰੋ) : ਪੁਲਿਸ ਅਧਿਕਾਰੀਆਂ ਨਾਲ ਥੋੜ੍ਹੀ ਜਿਹੀ ਤਕਰਾਰ ਤੋਂ ਬਾਅਦ ਵਾਅਨ ਵਿੱਚ ਐਤਵਾਰ ਰਾਤ ਨੂੰ ਗੋਲੀ ਲੱਗਣ ਕਾਰਨ ਜ਼ਖ਼ਮੀ ਹੋਏ ਵਿਅਕਤੀ ਦੇ ਮਾਮਲੇ ਦੀ ਓਨਟਾਰੀਓ ਸਪੈਸ਼ਲ ਇਨਵੈਸਟੀਗੇਸ਼ਨਜ਼ ਯੂਨਿਟ (ਐਸਆਈਯੂ) ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਇਹ ਘਟਨਾ ਅੱਧੀ ਰਾਤ ਤੋਂ ਠੀਕ ਪਹਿਲਾਂ ਹਾਈਵੇਅ 27 ਤੋਂ ਪੱਛਮ ਵੱਲ ਵਾਅਨ ਵੈਲੀ ਬੂਲੇਵਾਰਡ ਵਿਖੇ 6250 ਹਾਈਵੇਅ 7 ਉੱਤੇ ਯੂਨੀਵਰਸਲ ਈਵੈਂਟ ਸਪੇਸ ਉੱਤੇ ਵਾਪਰੀ। ਯੌਰਕ ਰੀਜਨਲ ਪੁਲਿਸ ਨੇ



ਦੱਸਿਆ ਕਿ ਰਾਤੀਂ 11:50 ਉੱਤੇ ਉਨ੍ਹਾਂ ਨੂੰ ਹਥਿਆਰ ਚੱਲਣ ਦੀ ਜਾਣਕਾਰੀ ਦੇ ਕੇ ਮੌਕੇ ਉੱਤੇ ਸੱਦਿਆ ਗਿਆ। ਜਿਸ ਵਿਅਕਤੀ ਨੂੰ ਗੋਲੀ ਲੱਗੀ ਸੀ ਉਸ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਇਸ ਮਾਮਲੇ ਵਿੱਚ ਪੁਲਿਸ ਦੇ ਸ਼ਾਮਲ ਹੋਣ ਕਾਰਨ ਮਾਮਲੇ ਦੀ ਜਾਂਚ ਐਸਆਈਯੂ ਵੱਲੋਂ ਆਪਣੇ ਹੱਥ ਲੈ ਲਈ ਗਈ ਹੈ।

# ਹੁਣ ਲੋਨ ਮੁਹੱਈਆ ਕਰਾਵੇਗੀ ਕੈਨੇਡਾ ਪੋਸਟ

ਓਟਵਾ, 13 ਅਕਤੂਬਰ (ਪੋਸਟ ਬਿਊਰੋ): ਕੈਨੇਡੀਅਨਜ਼ ਨੂੰ ਹੋਰ ਵਿੱਤੀ ਬਦਲ ਮੁਹੱਈਆ ਕਰਵਾਉਣ ਲਈ ਟੀਡੀ ਬੈਂਕ ਗਰੁੱਪ ਨਾਲ ਰਲ ਕੇ ਕੈਨੇਡਾ ਪੋਸਟ ਨੇ ਨਵਾਂ ਲੋਨ ਪ੍ਰੋਗਰਾਮ ਲਾਂਚ ਕੀਤਾ ਹੈ। ਇਸ ਪ੍ਰੋਗਰਾਮ ਨੂੰ ਪਿਛਲੇ ਸਾਲ ਪਾਇਲਟ ਪ੍ਰੋਜੈਕਟ ਵਜੋਂ ਮਾਇ ਮਨੀ ਨਾਂ ਹੇਠ ਸ਼ੁਰੂ ਕੀਤਾ ਗਿਆ ਸੀ। ਇਹ ਪ੍ਰੋਗਰਾਮ ਉਚੇਚੇ ਤੌਰ ਉੱਤੇ ਪੇਂਡੂ, ਦੂਰ ਦਰਾਜ ਰਹਿਣ ਵਾਲੀਆਂ ਕਮਿਊਨਿਟੀਜ਼ ਦੇ ਨਾਲ ਨਾਲ ਇੰਡੀਜੀਨਸ ਕਮਿਊਨਿਟੀਜ਼



ਲਈ ਸ਼ੁਰੂ ਕੀਤਾ ਗਿਆ ਹੈ। ਕੈਨੇਡਾ ਪੋਸਟ ਪਹਿਲਾਂ ਹੀ ਮਨੀ ਟਰਾਂਸਫਰ ਸਰਵਿਸਿਜ਼ ਦੇ ਨਾਲ ਨਾਲ ਪ੍ਰੀ-ਪੇਡ ਰੀਲੋਡੇਬਲ ਕ੍ਰੈਡਿਟ ਕਾਰਡਜ਼ ਵਰਗੀਆਂ ਸੇਵਾਵਾਂ ਵੀ ਮੁਹੱਈਆ ਕਰਵਾ ਰਹੀ ਹੈ। ਮਾਇ ਮਨੀ ਤਹਿਤ ਇਹ ਲੋਨ 1000 ਡਾਲਰ ਤੋਂ 30,000 ਡਾਲਰ ਦਰਮਿਆਨ ਲਿਆ ਜਾ ਸਕਦਾ ਹੈ। ਇਸ ਦੀ ਮੁੜ ਅਦਾਇਗੀ ਇੱਕ ਸਾਲ ਤੋਂ ਸੱਤ ਸਾਲਾਂ ਦੇ ਅਰਸੇ ਵਿੱਚ ਕੀਤੀ ਜਾ ਸਕਦੀ ਹੈ। ਇਹ ਲੋਨ ਕੈਨੇਡੀਅਨ ਨਾਗਰਿਕਾਂ ਜਾਂ ਪਰਮਾਨੈਂਟ ਰੈਜ਼ੀਡੈਂਟਸ, ਬਾਲਗ ਵਿਅਕਤੀਆਂ ਦੇ ਨਾਲ ਨਾਲ ਉਨ੍ਹਾਂ ਲੋਕਾਂ ਨੂੰ ਮਿਲ ਸਕਦਾ ਹੈ ਜਿਨ੍ਹਾਂ ਦੀ ਆਮਦਨ ਘੱਟੋ ਘੱਟ 1000 ਡਾਲਰ ਸਾਲਾਨਾ ਹੈ।

# ਪੁਲਿਸ ਤੋਂ ਬਚ ਕੇ ਭੱਜਣ ਦੀ ਕੋਸ਼ਿਸ਼ ਕਰ ਰਹੇ ਦੋ ਵਿਅਕਤੀਆਂ ਨੂੰ ਕੀਤਾ ਗਿਆ ਚਾਰਜ

ਬਰੈਂਪਟਨ, 13 ਅਕਤੂਬਰ (ਪੋਸਟ ਬਿਊਰੋ) : ਪੁਲਿਸ ਤੋਂ ਨਜ਼ਰਾਂ ਬਚਾਅ ਕੇ ਭੱਜਣ ਦੀ ਕੋਸ਼ਿਸ਼ ਕਰ ਰਹੇ ਦੋ ਵਿਅਕਤੀਆਂ ਵੱਲੋਂ ਦੋ ਅਧਿਕਾਰੀਆਂ ਨੂੰ ਆਪਣੀ ਗੱਡੀ ਨਾਲ ਟੱਕਰ ਮਾਰੇ ਜਾਣ ਤੋਂ ਬਾਅਦ ਉਨ੍ਹਾਂ ਨੂੰ ਕਾਬੂ ਕਰ ਲਿਆ ਗਿਆ ਤੇ ਉਨ੍ਹਾਂ ਖਿਲਾਫ ਕਈ ਚਾਰਜਿਜ਼ ਲਾਏ ਗਏ ਹਨ। ਜਾਂਚ ਦੌਰਾਨ ਇਨ੍ਹਾਂ ਵਿਅਕਤੀਆਂ ਦੀ ਗੱਡੀ ਵਿੱਚੋਂ ਹੈਂਡਗੰਨ ਵੀ ਬਰਾਮਦ ਹੋਈ।



ਇੱਕ ਰਲੀਜ਼ ਵਿੱਚ ਪੁਲਿਸ ਨੇ ਦੱਸਿਆ ਕਿ 10 ਅਕਤੂਬਰ ਨੂੰ ਬਰੈਂਪਟਨ ਦੇ ਟੌਮਕਨ ਰੋਡ ਤੇ ਵੈਸਟ ਡਰਾਈਵ ਏਰੀਆ ਵਿੱਚ ਗਸ਼ਤ ਕਰ ਰਹੇ ਅਧਿਕਾਰੀਆਂ ਵੱਲੋਂ ਪਾਰਕ ਕੀਤੀ ਗਈ ਇੱਕ ਗੱਡੀ ਵਿੱਚ ਬੈਠੇ ਦੋ ਵਿਅਕਤੀਆਂ ਦੇ ਸਬੰਧ ਵਿੱਚ ਰਾਤੀਂ 10:10 ਵਜੇ ਜਾਂਚ ਸ਼ੁਰੂ ਕੀਤੀ ਗਈ। ਇਹ ਜਾਂਚ ਕੈਨਾਬਿਸ ਐਕਟ ਐਂਡ ਲੀਕਰ ਲਾਇਸੰਸ ਐਕਟ ਤਹਿਤ ਕੀਤੀ ਗਈ। ਪੀਲ ਪੁਲਿਸ ਨੇ ਦੋਸ਼ ਲਾਇਆ ਕਿ ਮਸ਼ਕੂਕਾਂ ਨੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ਤੇ ਦੋ ਪੁਲਿਸ ਅਧਿਕਾਰੀਆਂ ਨੂੰ ਟੱਕਰ ਮਾਰ ਦਿੱਤੀ। ਰਲੀਜ਼ ਵਿੱਚ ਆਖਿਆ ਗਿਆ ਕਿ ਜਾਂਚ ਦੌਰਾਨ ਗੱਡੀ ਵਿੱਚੋਂ ਡਰੱਗਜ਼ ਤੇ ਭਰੀ ਹੋਈ ਗਲੌਕ 43× ਮਿਲੇ। ਕਾਂਸਟੇਬਲ ਸਾਰਾਹ ਪੈਟਨ ਨੇ ਆਖਿਆ ਕਿ ਪੁਲਿਸ ਅਧਿਕਾਰੀਆਂ ਨੂੰ ਮਾਮੂਲੀ ਸੱਟਾਂ ਹੀ ਲੱਗੀਆਂ।

# ਮਹਿਲਾ ਉੱਤੇ ਜਿਨਸੀ ਹਮਲਾ ਕਰਨ ਵਾਲੇ ਮਸ਼ਕੂਕ ਦੀ ਭਾਲ ਕਰ ਰਹੀ ਹੈ ਪੁਲਿਸ

ਟੋਰਾਂਟੋ, 13 ਅਕਤੂਬਰ (ਪੋਸਟ ਬਿਊਰੋ) : ਪਿਛਲੇ ਹਫਤੇ ਡਾਊਨਟਾਊਨ ਵਿੱਚ ਇੱਕ ਮਹਿਲਾ ਉੱਤੇ ਕਥਿਤ ਤੌਰ ਉੱਤੇ ਜਿਨਸੀ ਹਮਲਾ ਕਰਨ ਤੇ ਉਸ ਨੂੰ ਲੁੱਟਣ ਵਾਲੇ ਮਸ਼ਕੂਕ ਦੀ ਤਸਵੀਰ ਟੋਰਾਂਟੋ ਪੁਲਿਸ ਵੱਲੋਂ ਜਾਰੀ ਕੀਤੀ ਗਈ ਹੈ।



6 ਅਕਤੂਬਰ ਨੂੰ ਰਾਤੀਂ 9:00 ਵਜੇ ਪੁਲਿਸ ਨੂੰ ਬਲੂ ਜੇਅਜ਼ ਵੇਅ ਤੇ ਨੇਵੀ ਵ੍ਹਾਰਫ ਕੋਰਟ ਉੱਤੇ ਸੱਦਿਆ ਗਿਆ। ਜਾਂਚਕਾਰਾਂ ਅਨੁਸਾਰ ਇੱਕ ਵਿਅਕਤੀ ਵੱਲੋਂ ਇੱਕ ਮਹਿਲਾ ਉੱਤੇ ਜਿਨਸੀ ਹਮਲਾ ਕੀਤਾ ਗਿਆ ਤੇ ਫਿਰ ਫਰਾਰ ਹੋਣ ਤੋਂ ਪਹਿਲਾਂ ਉਹ ਉਸ ਦਾ ਸਮਾਨ ਵੀ ਲੁੱਟ ਕੇ ਲੈ ਗਿਆ। ਪੁਲਿਸ ਨੇ ਇਸ ਸਬੰਧ ਵਿੱਚ ਮਸ਼ਕੂਕ ਦੀ ਪਛਾਣ ਕਰ ਲਈ ਹੈ ਤੇ ਉਸ ਦੀ ਤਸਵੀਰ ਵੀ ਜਾਰੀ ਕੀਤੀ ਗਈ ਹੈ।

ਪੁਲਿਸ ਨੇ ਦੱਸਿਆ ਕਿ ਟੋਰਾਂਟੋ ਦਾ 45 ਸਾਲਾ ਕਾਮਰਾਨ ਦੌਲਤਖ਼ਾਹ ਹਮਲੇ ਦੇ ਤਿੰਨ ਮਾਮਲਿਆਂ, ਹਥਿਆਰ ਨਾਲ ਹਮਲਾ ਕਰਨ ਦੇ ਦੋ ਮਾਮਲਿਆਂ, ਜਿਨਸੀ ਹਮਲਾ ਕਰਨ ਤੇ ਡਾਕਾ ਮਾਰਨ ਲਈ ਵਾਂਟਿਡ ਹੈ। ਉਸ ਨੂੰ ਆਖਰੀ ਵਾਰੀ ਟੋਰਾਂਟੋ ਰੈਪਟਰਜ਼ ਦੀ ਬੇਸਬਾਲ ਹੈਟ, ਨੀਲੀ ਜੈਕੇਟ, ਨੀਲੀ ਜੀਨਜ਼ ਤੇ ਚਿੱਟੇ ਤੇ ਕਾਲੇ ਰੰਗ ਦੇ ਜੁੱਤਿਆਂ ਵਿੱਚ ਵੇਖਿਆ ਗਿਆ। ਉਸ ਕੋਲ ਹਰੇ ਰੰਗ ਦਾ ਕੈਮੋਫਲਾਜ ਵਾਲਾ ਬੈਕਪੈਕ ਵੀ ਸੀ। ਜਾਂਚਕਾਰਾਂ ਨੇ ਦੱਸਿਆ ਕਿ ਉਨ੍ਹਾਂ ਅਨੁਸਾਰ ਉਸ ਕੋਲ ਹੈਂਡਗੰਨ ਵੀ ਹੈ ਤੇ ਉਹ ਹਥਿਆਰਬੰਦ ਤੇ ਖਤਰਨਾਕ ਹੋ ਸਕਦਾ ਹੈ।

# ਪ੍ਰਧਾਨਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਨੇ ਸਿੱਖ ਭਾਈਚਾਰੇ ਨੂੰ ਵੰਦੇ ਭਾਰਤ ਟ੍ਰੇਨ ਦਾ ਦਿੱਤਾ ਤੋਹਫਾ : ਲਾਲਪੁਰਾ

ਸ੍ਰੀ ਆਨੰਦਪੁਰ ਸਾਹਿਬ, 13 ਅਕੂਬਰ (ਪੋਸਟ ਬਿਊਰੋ): ਸ੍ਰੀ ਆਨੰਦਪੁਰ ਸਾਹਿਬ, ਸ੍ਰੀ ਕੇਸਗੜ੍ਹ ਸਾਹਿਬ ਦੇ ਦਰਸ਼ਨਾ ਲਈ ਤੇ ਹੋਲਾ ਮਹਲਾ ਮਨਾਉਣ ਵਾਲੀਆਂ ਸੰਗਤਾਂ ਲਈ ਤੇਜ਼ ਗਤੀ ਦੀ ਟ੍ਰੇਨ ਅੱਜ ਤੱਕ ਨਹੀਂ ਸੀ। ਸਿੱਖ ਪੰਥ ਦੀ ਚਿਰੋਕਣੀ ਮੰਗ ਸੀ ਕਿ ਸ਼ਤਾਬਦੀ ਗੱਡੀ ਸ਼ਰਧਾਲੂਆਂ ਵਾਸਤੇ ਲਗਾਈ ਜਾਵੇ।



ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ ਨਵੀਂ ਦਿੱਲੀ ਤੋਂ ਊਨਾ (ਹਿਮਾਚਲ ਪ੍ਰਦੇਸ਼) ਤੱਕ ਵੰਦੇ ਭਾਰਤ ਰੇਲਗੱਡੀ ਲਾ ਕੇ ਜੋ ਹਰਿਆਣਾ, ਚੰਡੀਗੜ੍ਹ, ਪੰਜਾਬ ਅਤੇ ਹਿਮ-ਾਚਲ ਵਿੱਚ ਸਿਰਫ ਇੱਕ-ਇੱਕ ਰੇਲਵੇ ਸਟੇਸ਼ਨ 'ਤੇ ਹੀ ਰੁਕਣੀ ਹੈ, ਉਹ ਵੀ ਸਿਰਫ ਜਿਲ੍ਹਾ ਹੈਡੱਕੁਆਰਟਰਾਂ 'ਤੇ , ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਰਧਾ ਰੱਖਦੇ ਹੋਏ ਅਤੇ ਸਿੱਖ ਇਤਿਹਾਸ ਦੇ ਜਾਣੂ ਪ੍ਰਧਾਨਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਨੇ ਵੰਦੇ ਭਾਰਤ ਰੇਲਗੱਡੀ ਆਉਣ ਤੇ ਜਾਣ ਲਈ ਸ੍ਰੀ ਅਨੰਦਪੁਰ ਸਾਹਿਬ ਰੁਕਣ ਦਾ ਸਟੇਸ਼ਨ ਬਣਾ ਦਿੱਤਾ ਹੈ ਜਿਸ ਨਾਲ ਦੇਸ਼-ਵਿਦੇਸ਼ ਤੋਂ ਆਈਆਂ ਸੰਗਤਾਂ ਸਵੇਰੇ ਚੱਲ ਕੇ ਗੁਰੂ ਸਾਹਿਬ ਦੇ ਨਤਮਸਤਿਕ ਹੋ ਕੇ ਸ਼ਾਮ ਤੱਕ ਵਾਪਿਸ ਜਾ ਸਕਦੀਆਂ ਹਨ। ਇਸ ਗੱਡੀ ਦੀ ਗਤੀ ਲਗਭਗ 180 ਕਿਲੋਮੀਟਰ ਪ੍ਰਤੀ ਘੰਟਾ ਹੋਵੇਗੀ।

ਇਸ ਪੰਥਕ ਸੇਵਾ ਲਈ ਪ੍ਰਧਾਨਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਤੇ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਜੀ ਦਾ ਬਹੁਤ ਬਹੁਤ ਧੰਨਵਾਦ। ਰੇਲ ਗੱਡੀ ਦੇ ਸਫਰ ਦੌਰਾਨ ਪੰਜਾਬ ਦੀਆਂ ਅਨੇਕਾਂ ਮੰਗਾਂ ਬਾਰੇ ਚਰਚਾ ਰੇਲਮੰਤਰੀ ਜੀ ਨਾਲ ਕਰਨ ਦਾ ਮੌਕਾ ਮਿਲਿਆ ਤੇ ਉਹਨਾਂ ਨੂੰ ਅਜਿਹੀ ਵੰਦੇ ਭਾਰਤ ਰੇਲਗੱਡੀ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਬਠਿੰਡਾ ਨੂੰ ਵੀ ਲਗਾਉਣ ਲਈ ਬੇਨਤੀ ਕੀਤੀ ਤਾਂ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਅਤੇ ਸ੍ਰੀ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ ਦੇ ਸਿੱਖ ਸ਼ਰਧਾਲੂਆਂ ਨੂੰ ਵੀ ਇਸ ਤਰਾਂ ਦੀ ਸਹੂਲਤ ਮਿਲ ਸਕੇ। ਇਸ ਸਫਰ ਵਿੱਚ ਮੇਰੇ ਨਾਲ ਕੇਂਦਰੀ ਮੰਤਰੀ ਸੋਮਪ੍ਰਕਾਸ਼ ਜੀ, ਸ੍ਰੀ ਅਸ਼ਵਨੀ ਸ਼ਰਮਾ ,ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ, ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿਜ ਵੀ ਸਨ।

# ਹਾਈਕੋਰਟ ਵੱਲੋਂ ਬੱਗਾ ਤੇ ਵਿਸ਼ਵਾਸ ਖਿਲਾਫ ਦਰਜ ਐਫਆਈਆਰ ਰੱਦ ਕਰਨਾ ਮਾਨ ਤੇ ਕੇਜਰੀਵਾਲ ਲਈ ਵੱਡੀ ਨਮੋਸ਼ੀ : ਬਾਜਵਾ

ਚੰਡੀਗੜ੍ਹ, 13 ਅਕਤੂਬਰ (ਪੋਸਟ ਬਿਊਰੋ): ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਭਾਜਪਾ ਆਗੂ ਤੇਜਿੰਦਰ ਪਾਲ ਸਿੰਘ ਬੱਗਾ ਅਤੇ ਆਮ ਆਦਮੀ ਪਾਰਟੀ (ਆਪ) ਦੇ ਸਾਬਕਾ ਆਗੂ ਕੁਮਾਰ ਵਿਸ਼ਵਾਸ ਖ਼ਿਲਾਫ਼ ਦਰਜ ਐਫਆਈਆਰ ਰੱਦ ਕਰਨਾ ਨਾ ਸਿਰਫ਼ ਭਗਵੰਤ ਮਾਨ ਸਰਕਾਰ ਲਈ ਸਗੋਂ ਉਸ ਦੇ ਸਿਆਸੀ ਗੁਰੂ ਅਰਵਿੰਦ ਕੇਜਰੀਵਾਲ ਲਈ ਵੀ ਵੱਡੀ ਨਮੋਸ਼ੀ ਵਾਲੀ ਗੱਲ ਹੈ।

ਕਾਂਗਰਸ ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਬੁੱਧਵਾਰ ਨੂੰ ਉਪਰੋਕਤ ਟਿੱਪਣੀ 'ਚ ਭਗਵੰਤ ਮਾਨ ਨੂੰ ਤਾੜਨਾ ਕਰਦਿਆਂ ਕਿਹਾ ਕਿ ਉਹ ਆਪਣੀ ਤਾਕਤ ਨੂੰ ਨਿੱਜੀ ਇੱਛਾਵਾਂ ਅਤੇ ਮਨਸੂਬਿਆਂ ਦੀ ਪੂਰਤੀ ਲਈ ਨਾ ਵਰਤਣ।

ਉਨ੍ਹਾਂ ਕਿਹਾ ਕਿ ਸਾਰੀ ਦੁਨੀਆਂ ਜਾਣਦੀ ਹੈ ਕਿ ਤਜਿੰਦਰ ਪਾਲ ਸਿੰਘ ਬੱਗਾ ਨੂੰ ਫੜਨ ਲਈ ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਨੂੰ ਦਿੱਲੀ ਭੇਜਣਾ ਇੱਕ ਨਿਰੋਲ ਸਿਆਸੀ ਬਦਲਾਖੋਰੀ ਸੀ ਅਤੇ ਇਹ ਅਰਵਿੰਦ ਕੇਜਰੀਵਾਲ ਦੇ ਨਿਰਦੇਸ਼ਾਂ 'ਤੇ ਇਹ ਕਾਰਵਾਈ ਕੀਤੀ ਗਈ ਸੀ। ਇਸੇ ਤਰ੍ਹਾਂ ਕੁਮਾਰ ਵਿਸ਼ਵਾਸ ਦੇ ਮਾਮਲੇ ਵਿਚ ਵੀ ਅਰਵਿੰਦ ਕੇਜਰੀਵਾਲ ਦੇ ਨਿਰਦੇਸ਼ਾਂ 'ਤੇ ਹੀ ਪੰਜਾਬ ਪੁਲਿਸ ਨੇ ਨਾਮਵਰ ਕਵੀ 'ਤੇ ਮਾਮਲਾ ਦਰਜ ਕੀਤਾ ਸੀ। ਅਰਵਿੰਦ ਕੇਜਰੀਵਾਲ ਆਪਣੇ ਪੁਰਾਣੇ ਸਹਿਯੋਗੀ ਅਤੇ 'ਆਪ' ਦੇ ਸੰਸਥਾਪਕ ਮੈਂਬਰ ਕੁਮਾਰ ਵਿਸ਼ਵਾਸ ਵੱਲੋਂ ਕੀਤੀ ਜਾ ਰਹੀ ਆਲੋਚਨਾ ਨੂੰ ਬਰਦਾਸ਼ਤ ਨਹੀਂ ਕਰ ਸਕੇ ਅਤੇ ਉਨ੍ਹਾਂ ਨੂੰ ਸਬਕ ਸਿਖਾਉਣਾ ਚਾਹੁੰਦੇ ਸਨ। ਇਸੇ ਕਰਕੇ ਉਸ ਵਿਰੁੱਧ ਪੰਜਾਬ ਦੇ ਰੂਪਨਗਰ ਵਿੱਚ ਐਫਆਈਆਰ ਦਰਜ ਕੀਤੀ ਗਈ ਸੀ। ਦੋਵਾਂ ਮਾਮਲਿਆਂ 'ਚ ਬੱਗਾ ਅਤੇ ਵਿਸ਼ਵਾਸ ਨੇ ਕਥਿਤ ਤੌਰ 'ਤੇ ਦਿੱਲੀ 'ਚ ਬਿਆਨ ਦਿੱਤੇ ਸਨ। ਇਸ ਲਈ ਪੰਜਾਬ ਪੁਲਿਸ ਕੋਲ ਬੱਗਾ ਨੂੰ ਗ੍ਰਿਫਤਾਰ ਕਰਨ ਅਤੇ ਵਿਸ਼ਵਾਸ ਵਿਰੁੱਧ ਪੰਜਾਬ ਵਿੱਚ ਕੇਸ ਦਰਜ ਕਰਕੇ ਦਿੱਲੀ ਜਾ ਕੇ ਕੋਈ ਅਧਿਕਾਰ ਖੇਤਰ ਨਹੀਂ ਸੀ।

ਬਾਜਵਾ ਨੇ ਅੱਗੇ ਕਿਹਾ, "ਹਾਈਕੋਰਟ ਵੱਲੋਂ ਐਫਆਈਆਰਜ਼ ਨੂੰ ਰੱਦ ਕਰਨ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਦੋਵੇਂ ਗੈਰ-ਕਾਨੂੰਨੀ ਢੰਗ ਨਾਲ ਕੰਮ ਕਰ ਰਹੇ ਹਨ ਅਤੇ ਆਪਣੇ ਵਿਰੋਧੀਆਂ 'ਤੇ ਬਰਾਊਨੀ ਪੁਆਇੰਟ ਹਾਸਲ ਕਰਨ ਲਈ ਆਪਣੇ ਅਧਿਕਾਰਤ ਅਹੁਦੇ ਦੀ ਦੁਰਵਰਤੋਂ ਕਰ ਰਹੇ ਹਨ।

ਬਾਜਵਾ ਨੇ ਕਿਹਾ ਕਿ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ (ਬੀਐਫਯੂਐਚਐਸ) ਦੇ ਵਾਈਸ ਚਾਂਸਲਰ ਦੀ ਨਿਯੁਕਤੀ ਦੇ ਮਾਮਲੇ ਵਿੱਚ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵੱਲੋਂ ਉਨ੍ਹਾਂ ਦੀ ਸਿਫ਼ਾਰਿਸ਼ ਨੂੰ ਸਾਫ਼-ਸਾਫ਼ ਠੁਕਰਾਏ ਜਾਣ ਤੋਂ ਬਾਅਦ ਭਗਵੰਤ ਮਾਨ ਸਰਕਾਰ ਨੂੰ ਇੱਕ ਹੋਰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ। ਇਸੇ ਤਰ੍ਹਾਂ ਕੁਝ ਮੀਡੀਆ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਏ ਕੈਟਾਗਰੀ ਦਾ ਗੈਂਗਸਟਰ ਦੀਪਕ ਟੀਨੂੰ ਜੋ ਕੁਝ ਦਿਨ ਪਹਿਲਾਂ ਪੁਲਿਸ ਦੀ ਲਾਪਰਵਾਹੀ ਕਾਰਨ ਪੁਲਿਸ ਦੀ ਗ੍ਰਿਫ਼ਤ ਤੋਂ ਫਰਾਰ ਹੋ ਗਿਆ ਸੀ, ਦੱਖਣੀ ਅਫ਼ਰੀਕਾ ਪਹੁੰਚਣ ਵਿੱਚ ਕਾਮਯਾਬ ਹੋ ਗਿਆ ਹੈ। ਬਾਜਵਾ ਨੇ ਕਿਹਾ, "ਜੇਕਰ ਇਹ ਰਿਪੋਰਟਾਂ ਸੱਚ ਹਨ ਤਾਂ ਇਹ ਭਗਵੰਤ ਮਾਨ ਸਰਕਾਰ ਨੇ ਇਕ ਵੱਡੀ ਲਾਪ੍ਰਵਾਹੀ ਕੀਤੀ ਹੈ।

ਡਾ: ਭੀਮ ਰਾਓ ਅੰਬੇਡਕਰ 'ਤੇ ਦੋਹਰੇ ਮਾਪਦੰਡਾਂ ਦਾ ਪੂਰੀ ਤਰ੍ਹਾਂ ਨਾਲ ਪਰਦਾਫਾਸ਼ ਕੀਤੇ ਜਾਣ ਤੋਂ ਬਾਅਦ ਬਾਜਵਾ ਨੇ ਭਾਜਪਾ ਅਤੇ 'ਆਪ' ਦੋਵਾਂ ਪਾਰਟੀਆਂ 'ਤੇ ਵੀ ਹਮਲਾ ਕੀਤਾ ਹੈ। ਅਰਵਿੰਦ ਕੇਜਰੀਵਾਲ ਨੇ ਆਪਣੇ ਕੈਬਨਿਟ ਮੰਤਰੀ ਰਾਜਿੰਦਰ ਪਾਲ ਗੌਤਮ ਨੂੰ ਕਿਉਂ ਬਰਖਾਸਤ ਕੀਤਾ? ਮੰਤਰੀ ਸਿਰਫ਼ ਉਹੀ ਦੁਹਰਾ ਰਿਹਾ ਸੀ ਜੋ ਡਾ: ਅੰਬੇਡਕਰ ਨੇ ਲਗਭਗ 66 ਸਾਲ ਪਹਿਲਾਂ ਨਾਗਪੁਰ ਵਿੱਚ ਜਨਤਕ ਤੌਰ 'ਤੇ ਕਿਹਾ ਸੀ ਅਤੇ ਭਾਜਪਾ ਦੀ ਕੇਂਦਰ ਸਰਕਾਰ ਨੇ ਕਿਤਾਬਾਂ ਵਿੱਚ ਪ੍ਰਕਾਸ਼ਤ ਕੀਤਾ ਸੀ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family



MacroGlobal Immigration Services Ltd.

Seema Bhayana

MEMBER ICCRC



Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

NEED A LAWYER ??

Red Seal NOTARY

KAUR LAW OFFICE



MANJEET KAUR

LL.B., (London UK) Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099

Fax: 905-454-2234

2575 Steeles Ave. E., Unit 1,Brampton, ON L6T 5T1

## ਅੱਜ ਨਾਮਾ

ਕਾਹਨੂੰ ਕਾਂਗਰਸ'ਤੇ ਕਰਨਾ ਅਟੈਕ ਮੀਆਂ,
ਖਾਧੀਆਂ ਮਾਰਾਂ ਨਾਲ ਹੋਈ ਨਿਢਾਲ ਮੀਆਂ।
ਪ੍ਰਧਾਨਗੀ ਵਾਸਤੇ ਹੁੰਦੀ ਪਈ ਚੋਣ ਜਿਹੜੀ,
ਦਿਖਾਲੀ ਜਾਂਦੀ ਆ ਅੰਦਰਲਾ ਹਾਲ ਮੀਆਂ।
ਆਪਣੇ ਆਪ ਲਈ ਹੁੰਦੀ ਆ ਫਿਕਰਮੰਦੀ,
ਕੋਈ ਨਾ ਕਿਸੇ ਦੇ ਅੰਦਰ ਤੋਂ ਨਾਲ ਮੀਆਂ।
ਨਹਿਰੂ, ਸ਼ਾਸਤਰੀ ਨਾ ਕੋਈ ਪਟੇਲ ਵਰਗਾ,
ਡੁੱਬ ਰਹੀ ਬੇੜੀ ਇਹ ਲਵੇ ਸੰਭਾਲ ਮੀਆਂ।
ਬੇੜਾ ਗਰਕ ਕੀਤਾ ਏ ਮਾਲ ਛਕਣਿਆਂ ਨੇ,
ਪਾਰਟੀ ਪੱਲੇ ਨਹੀਂ ਰਿਹਾ ਈ ਕੱਖ ਮੀਆਂ।
ਬਣਾ ਲਉ ਕੋਈ ਵੀ ਨਵਾਂ ਪ੍ਰਧਾਨ ਬੇਸ਼ੱਕ,
ਰਹਿ ਗਈ ਮਾਰਨੀ ਬਾਕੀ ਹੈ ਝੱਖ ਮੀਆਂ।

**ਤੀਸ ਮਾਰ ਖਾਂ**

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editor | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਪੰਜਾਬ ਪੁਲਿਸ ਵੱਲੋਂ ਆਰਪੀਜੀ ਹਮਲੇ ਦਾ ਮੁੱਖ ਦੋਸ਼ੀ ਮੁੰਬਈ ਤੋਂ ਗ੍ਰਿਫਤਾਰ

## ਇਸ ਮਾਮਲੇ 'ਚ ਹੁਣ ਤੱਕ ਅੱਠ ਦੋਸ਼ੀ ਗ੍ਰਿਫਤਾਰ, ਆਖਰੀ ਦੋਸ਼ੀ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਜਾਰੀ: ਆਈਜੀਪੀ

ਚੰਡੀਗੜ੍ਹ, 13 ਅਕਤੂਬਰ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਚਲਾਈ ਜਾ ਰਹੀ ਜੰਗ 'ਚ ਪੰਜਾਬ ਪੁਲਿਸ ਦੀ ਕਾਊਂਟਰ ਇੰਟੈਲੀਜੈਂਸ ਨੇ ਕੇਂਦਰੀ ਏਜੰਸੀ ਅਤੇ ਏ.ਟੀ.ਐੱਸ. ਮਹਾਰਾ-ਸ਼ਟਰ ਦੇ ਨਾਲ ਸਾਂਝੇ ਆਪ੍ਰੇਸ਼ਨ 'ਚ ਰਾਕੇਟ ਪ੍ਰੋਪੈਲਡ ਗ੍ਰੇਨੇਡ(ਆਰ.ਪੀ.ਜੀ.) ਹਮਲੇ ਦੇ ਮੁੱਖ ਦੋਸ਼ੀ ਚੜ੍ਹਤ ਸਿੰਘ ਨੂੰ ਅੱਜ ਸਵੇਰੇ ਮੁੰਬਈ ਤੋਂ ਗ੍ਰਿਫ਼ਤਾਰ ਕਰਨ ਤੋਂ ਬਾਅਦ ਇਕ ਹੋਰ ਵੱਡੀ ਸਫ਼ਲਤਾ ਹਾਸਲ ਕੀਤੀ। ਇਹ ਆਰਪੀਜੀ ਹਮਲਾ 9 ਮਈ, 2022 ਨੂੰ ਮੋਹਾਲੀ ਵਿੱਚ ਇੰਟੈਲੀਜੈਂਸ ਹੈੱਡਕੁਆਰਟਰ 'ਤੇ ਲਗਭਗ 19:45 ਵਜੇ ਕੀਤਾ ਗਿਆ ਸੀ।

ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ (ਡੀਜੀਪੀ) ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਇਸ ਹਮਲੇ ਦਾ ਮੁੱਖ ਸੰਚਾਲਕ ਹੈ ਅਤੇ ਕੈਨੇਡਾ ਸਥਿਤ ਬੱਬਰ ਖ਼ਾਲਸਾ ਇੰਟਰਨੈਸ਼ਨਲ (ਬੀਕੇਆਈ) ਦੇ ਅੱਤਵਾਦੀ ਲਖਬੀਰ ਸਿੰਘ ਉਰਫ਼ ਲੰਡਾ ਦਾ ਸਹਿਯੋਗੀ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮ ਚੜ੍ਹਤ ਨੇ ਲੰਡਾ ਦੀ ਮਦਦ ਨਾਲ ਸੂਬੇ ਭਰ ਵਿੱਚ ਇੱਕ ਮਜ਼ਬੂਤ ਅਪਰਾਧ ਨੈੱਟਵਰਕ ਬਣਾਇਆ ਹੋਇਆ ਸੀ ਅਤੇ ਆਰਪੀਜੀ ਹਮਲੇ ਨੂੰ ਅੰਜਾਮ ਦੇਣ ਵਾਲੇ ਵਿਅਕਤੀਆਂ ਨੂੰ ਲੌਜਿਸਟਿਕ ਸਹਾਇਤਾ ਅਤੇ ਪਨਾਹ ਪ੍ਰਦਾਨ ਕਰ ਰਿਹਾ ਸੀ। ਚੜ੍ਹਤ ਨੇ ਪਾਕਿਸਤਾਨ ਸਥਿਤ ਅੱਤਵਾਦੀ ਹਰਵਿੰਦਰ ਸਿੰਘ ਉਰਫ਼ ਰਿੰਦਾ ਰਾਹੀਂ ਪਾਕਿਸਤਾਨ ਆਈਐਸਆਈ ਦੇ ਸਰਗਰਮ



ਸਮਰਥਨ ਨਾਲ ਸਰਹੱਦ ਪਾਰੋਂ ਇੱਕ ਆਰਪੀਜੀ, ਏਕੇ-47 ਅਤੇ ਹੋਰ ਹਥਿਆਰ ਵੀ ਮੰਗਵਾਏ ਸਨ।

ਇੰਸਪੈਕਟਰ ਜਨਰਲ ਆਫ਼ ਪੁਲਿਸ (ਆਈ.ਜੀ.ਪੀ.) ਹੈੱਡਕੁਆਰਟਰ ਸੁਖਚੈਨ ਸਿੰਘ ਗਿੱਲ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਮੁਲਜ਼ਮ ਚੜ੍ਹਤ ਸਿੰਘ ਦੀ ਗ੍ਰਿਫ਼ਤਾਰੀ ਨਾਲ ਪੰਜਾਬ ਪੁਲਿਸ ਇਸ ਮਾਮਲੇ ਵਿੱਚ ਹੁਣ ਤੱਕ ਅੱਠ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ, ਜਦੋਂ ਕਿ ਹਮਲੇ ਵਿੱਚ ਸ਼ਾਮਲ ਇੱਕ ਹੋਰ ਨਾਬਾਲਗ ਮੁਲਜ਼ਮ ਦੀ ਦਿੱਲੀ ਪੁਲਿਸ ਵੱਲੋਂ ਹਾਲ ਹੀ ਵਿੱਚ ਕੀਤੀ ਗਈ ਗ੍ਰਿਫਤਾਰੀ ਨਾਲ ਇਸ ਮਾਮਲੇ ਵਿੱਚ ਗ੍ਰਿਫਤਾਰੀਆਂ ਦੀ ਕੁੱਲ ਗਿਣਤੀ ਨੌਂ ਹੋ ਗਈ ਹੈ।

ਇਸ ਤੋਂ ਪਹਿਲਾਂ ਪੰਜਾਬ ਪੁਲਿਸ ਵੱਲੋਂ ਨਿਸ਼ਾਨ ਸਿੰਘ, ਜਗਦੀਪ ਸਿੰਘ, ਬਲਜਿੰਦਰ ਸਿੰਘ ਰੈਂਬੋ, ਕੰਵਰਜੀਤ ਸਿੰਘ ਬਾਠ, ਅਨੰਤਦੀਪ ਸਿੰਘ ਸੋਨੂੰ, ਬਲਜੀਤ ਕੌਰ ਸੁੱਖੀ, ਲਵਪ੍ਰੀਤ ਸਿੰਘ ਵਿੱਕੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਪੁਲਿਸ ਟੀਮਾਂ ਇਸ ਮਾਮਲੇ ਦੇ ਆਖ਼ਰੀ ਦੋਸ਼ੀ ਦੀਪਕ ਕੁਮਾਰ ਵਾਸੀ ਝੱਜਰ, ਹਰਿਆਣਾ ਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਕਰ ਰਹੀਆਂ ਹਨ, ਜਿਸ ਨੇ ਆਰਪੀਜੀ ਹਮਲਾ ਕੀਤਾ ਸੀ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਆਈਜੀਪੀ ਸੁਖਚੈਨ ਗਿੱਲ ਨੇ ਦੱਸਿਆ ਕਿ ਮੁਲਜ਼ਮ ਚੜ੍ਹਤ ਇੱਕ ਆਦਤਨ ਅਪਰਾਧੀ ਹੈ ਅਤੇ ਉਹ ਪੰਜਾਬ ਵਿੱਚ ਕਤਲ, ਕਤਲ ਦੀ ਕੋਸ਼ਿਸ਼ ਅਤੇ ਅਸਲਾ ਐਕਟ ਤਹਿਤ ਕਈ ਘਿਨਾਉਣੇ ਅਪਰਾਧਾਂ ਦੇ ਕੇਸਾਂ ਦਾ ਸਾਹਮਣਾ ਕਰ ਰਿਹਾ ਹੈ। ਮੁਲਜ਼ਮ ਇੱਕ ਕਤਲ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਸੀ ਅਤੇ ਆਰਪੀਜੀ ਹਮਲੇ ਸਮੇਂ ਉਹ ਪੈਰੋਲ 'ਤੇ ਬਾਹਰ ਸੀ। ਉਹਨਾਂ ਅੱਗੇ ਦੱਸਿਆ ਕਿ ਚੜ੍ਹਤ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਮਾਰਚ 2015 ਵਿੱਚ ਤਰਨਤਾਰਨ ਦੇ ਖੇਮਕਰਨ ਵਿੱਚ ਇੱਕ ਦੁਕਾਨਦਾਰ ਸ਼ਸ਼ੀ ਕਪੂਰ ਦਾ ਕਤਲ ਕਰ ਦਿੱਤਾ ਸੀ।

ਆਈਜੀਪੀ ਨੇ ਕਿਹਾ ਕਿ ਚੜਤ ਨੇ ਆਪਣੀ ਪੈਰੋਲ ਦੌਰਾਨ, ਆਰਪੀਜੀ ਹਮਲਾ ਜਿਸਦਾ ਉਦੇਸ਼ ਸੂਬੇ ਵਿੱਚ ਫਿਰਕੂ ਸਦਭਾਵਨਾ ਅਤੇ ਸ਼ਾਂਤੀ ਨੂੰ ਭੰਗ ਕਰਨਾ ਸੀ, ਨੂੰ ਅੰਜਾਮ ਦੇਣ ਲਈ ਤਰਨਤਾਰਨ ਖੇਤਰ ਤੋਂ ਨਿਸ਼ਾਨ ਕੁੱਲਾ ਅਤੇ ਹੋਰਨਾਂ ਸਮੇਤ ਆਪਣੇ ਸਾਥੀਆਂ ਨੂੰ ਦੁਬਾਰਾ ਇਕੱਠਾ ਕੀਤਾ।

# ਕਿਸਾਨਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਾਉਣ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਸੰਗਰੂਰ ਪੱਕੇ ਮੋਰਚੇ ਦੀ ਵਾਗਡੋਰ ਔਰਤਾਂ ਨੇ ਸੰਭਾਲੀ



ਸੰਗਰੂਰ, 13 ਅਕਤੂਬਰ ( ਪੋਸਟ ਬਿਊਰੋ): ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਇੱਥੇ ਪੰਜਾਬ ਤੇ ਕੇਂਦਰ ਸਰਕਾਰ ਵਿਰੁੱਧ ਅਣਮਿਥੇ ਸਮੇਂ ਦਾ ਪੱਕਾ ਮੋਰਚਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਕੋਠੀ ਸਾਹਮਣੇ ਪਟਿਆਲਾ ਰੋਡ 'ਤੇ ਚੌਥੇ ਦਿਨ ਵੀ ਜਾਰੀ, ਅੱਜ ਦੀ ਵਾਗਡੋਰ ਔਰਤਾਂ ਨੇ ਸੰਭਾਲੀ। ਪਹਿਲਾਂ ਨਾਲੋਂ ਵਧੇਰੇ ਸੈਂਕੜੇ ਔਰਤਾਂ ਸਮੇਤ ਪੰਜਾਬ ਭਰ ਤੋਂ ਹਜ਼ਾਰਾਂ ਕਿਸਾਨ ਮਜ਼ਦੂਰ ਨੌਜਵਾਨ ਇਸ ਵਿੱਚ ਸ਼ਾਮਿਲ ਹੋਏ। ਸਟੇਜ ਤੋਂ ਸੰਬੋਧਨ ਕਰਦਿਆਂ ਸੂਬਾ ਆਗੂ ਹਰਿੰ-ਦਰ ਕੌਰ ਬਿੰਦੂ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 7 ਅਕਤੂਬਰ ਦੀ ਮੀਟਿੰਗ ਵਿੱਚ ਮੰਨੀਆਂ ਗਈਆਂ ਮੰਗਾਂ ਨੂੰ ਲਾਗੂ ਕਰਨ ਬਾਰੇ ਧਾਰੀ ਹੋਈ ਮੁਜਰਮਾਨਾ ਚੁੱਪ ਨੂੰ ਤੋੜਨ ਲਈ 15 ਅਕਤੂਬਰ ਨੂੰ "ਲਲਕਾਰ ਦਿਵਸ" ਮੌਕੇ ਔਰਤਾਂ ਹੋਰ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੀਆਂ। ਜਸਵੀਰ ਕੌਰ ਉਗਰਾਹਾਂ ਨੇ ਕਿਹਾ ਕਿ ਮੰਨੀਆਂ ਗਈਆਂ ਅਤੇ ਲਟਕ ਰਹੀਆਂ ਮੰਗਾਂ ਵਿੱਚ ਬੀਤੇ ਵਰ੍ਹੇ ਜਾਂ ਐਤਕੀਂ ਗੁਲਾਬੀ ਸੁੰਡੀ ਤੇ ਨਕਲੀ ਕੀਟਨਾਸ਼ਕਾਂ ਨਾਲ, ਗੜੇਮਾਰੀ/ਭਾਰੀ ਮੀਂਹਾਂ ਜਾਂ ਵਾਇਰਲ ਰੋਗ ਨਾਲ ਕਈ ਜ਼ਿਲ੍ਹਿਆਂ 'ਚ ਤਬਾਹ ਹੋਏ ਨਰਮੇ ਤੇ ਹੋਰ ਫ਼ਸਲਾਂ ਸਮੇਤ ਨੁਕਸਾਨੇ ਗਏ ਮਕਾਨਾਂ ਦਾ ਪੂਰਾ ਪੂਰਾ ਮੁਆਵਜ਼ਾ ਕਾਸ਼ਤਕਾਰ ਕਿਸਾਨਾਂ ਤੇ ਖੇਤ ਮਜ਼ਦੂਰਾਂ ਚ ਤੁਰੰਤ ਵੰਡਾਉਣ ਲਈ, ਧਰਤੀ ਹੇਠਲੇ ਅਤੇ ਦਰਿਆਈ ਪਾਣੀਆਂ ਦੀ ਮਾਲਕੀ ਸਾਮਰਾਜੀ ਕਾਰਪੋਰੇਟਾਂ ਨੂੰ ਸੌਂਪਣ ਵਾਲ਼ੀ ਸੰਸਾਰ ਬੈਂਕ ਦੀ ਜਲ ਨੀਤੀ ਸਮੇਤ ਦੌਧਰ ਵਰਗੇ ਨਿੱਜੀ ਜਲ-ਸੋਧ ਪ੍ਰਾਜੈਕਟ ਰੱਦ ਕਰਾ ਕੇ ਸਰਕਾਰੀ ਜਲ ਸਪਲਾਈ ਸਕੀਮ ਪਹਿਲਾਂ ਵਾਂਗ ਜਾਰੀ ਰੱਖਣ ਲਈ,ਜ਼ੀਰਾ ਨੇੜੇ ਪ੍ਰਦੂਸ਼ਣ ਦਾ ਗੜ੍ਹ ਬਣੀ ਹੋਈ ਸ਼ਰਾਬ ਫੈਕਟਰੀ ਨੂੰ ਤੁਰਤ ਬੰਦ ਕਰਾਉਣ ਲਈ, ਵੱਡੀਆਂ ਸਨਅਤਾਂ ਅਤੇ ਸ਼ਹਿਰੀ ਪ੍ਰਬੰਧਕੀ ਅਦਾਰਿਆਂ ਦੁਆਰਾ ਨਦੀਆਂ ਨਾਲਿਆਂ ਸੇਮਾਂ ਅਤੇ ਧਰਤੀ ਹੇਠਲੇ ਪਾਣੀ ਦਾ ਪ੍ਰਦੂਸ਼ਣ ਤੁਰੰਤ ਰੋਕਣ ਲਈ, ਭਾਰਤ ਮਾਲ਼ਾ ਹਾਈਵੇ ਪ੍ਰਾਜੈਕਟ ਲਈ ਨਿਗੂਣਾ ਜਿਹਾ ਮੁਆਵਜ਼ਾ ਜਾਰੀ ਕਰਕੇ ਜ਼ਮੀਨਾਂ ਉੱਤੇ ਪੁਲਿਸ ਦੇ ਜ਼ੋਰ ਕਬਜ਼ੇ ਰੋਕਣ ਲਈ, ਆਪਣੀ ਜ਼ਮੀਨ ਨੂੰ ਪੱਧਰ/ਨੀਂਵੀਂ ਕਰਨ ਦਾ ਹੱਕ ਖੋਹਣ ਵਾਲਾ ਮਾਈਨਿੰਗ ਕਾਨੂੰਨ ਰੱਦ ਕਰਾਉਣ ਲਈ, ਐਮ. ਐੱਸ. ਪੀ. 'ਤੇ ਹਰ ਕਿਸਾਨ ਦੇ ਪੂਰੇ ਝੋਨੇ ਦੀ ਖਰੀਦ ਬਿਨਾਂ ਸ਼ਰਤ ਕਰਵਾਉਣ ਲਈ, ਬਿਨਾਂ ਸਾੜੇ ਤੋਂ ਪਰਾਲੀ ਸਾਂਭਣ ਲਈ 200 ਰੁਪਏ ਪ੍ਰਤੀ ਕੁਇੰਟਲ ਬੋਨਸ ਦਿਵਾਉਣ ਜਾਂ ਫਿਰ ਮਜਬੂਰੀ-ਵੱਸ ਪਰਾਲੀ ਸਾੜਨ ਵਾਲੇ ਕਿਸਾਨਾਂ ਉੱਤੇ ਸਖ਼ਤੀ ਬੰਦ ਕਰਾਉਣ ਲਈ, ਅੱਗੇ ਤੋਂ ਇਸ ਪ੍ਰਦੂਸ਼ਣ ਦੇ ਮੁਕੰਮਲ ਖਾਤਮੇ ਲਈ ਝੋਨੇ ਦੀ ਬਿਜਾਈ ਪੂਰੀ ਤਰ੍ਹਾਂ ਬੰਦ ਕਰਨ ਖਾਤਰ ਇਸ ਦੀ ਥਾਂ ਬਦਲਵੀਆਂ ਫਸਲਾਂ ਮੱਕੀ, ਮੂੰਗੀ,ਗੁਆਰੀ, ਬਾਸਮਤੀ ਆਦਿ ਦਾ ਐਮ. ਐੱਸ. ਪੀ. ਸਵਾਮੀਨਾਥਨ ਰਿਪੋਰਟ ਅਨੁਸਾਰ ਲਾਭਕਾਰੀ ਮਿਥ ਕੇ ਬਿਨਾਂ ਸ਼ਰਤ ਖਰੀਦ ਦੀ ਕਾਨੂੰਨੀ ਗਰੰਟੀ ਕਰਾਉਣ ਲਈ, ਲੰਪੀ ਸਕਿਨ ਰੋਗ ਨਾਲ ਮਰੀਆਂ ਗਊਆਂ ਦਾ ਮੁਆਵਜ਼ਾ ਮਾਰਕੀਟ ਰੇਟ ਮੁਤਾਬਕ ਪੂਰਾ ਦਿਵਾਉਣ ਲਈ, ਸੰਸਾਰ ਬੈਂਕ ਦੀ ਹਦਾਇਤ ਮੁਤਾਬਿਕ ਕੇਂਦਰ ਵੱਲੋਂ ਮੜ੍ਹੀ ਗਈ

ਜ਼ਮੀਨੀ-ਬੈਂਕ ਨੀਤੀ ਰੱਦ ਕਰਦਿਆਂ ਪੰਚਾਇਤੀ ਸ਼ਾਮਲਾਟ ਜੁਮਲਾ ਮਾਲਕਾਨ ਸਰਕਾਰੀ ਜ਼ਮੀਨਾਂ ਉੱਤੇ ਖੇਤੀ ਜਾਂ ਰਿਹਾਇਸ਼ ਕਰ ਰਹੇ ਬੇਜ਼ਮੀਨੇ ਥੁੜਜਮੀਨੇ ਕਿਸਾਨਾਂ ਮਜ਼ਦੂਰਾਂ ਨੂੰ ਇਸ ਦੇ ਮਾਲਕੀ ਹੱਕ ਦਿਵਾਉਣ ਲਈ, ਲੋਕਾਂ ਦੇ ਹੱਕੀ ਜਮਹੂਰੀ ਅੰਦੋਲਨਾਂ ਦੌਰਾਨ ਪੁਲਿਸ ਜਬਰ ਬੰਦ ਕਰਾਉਣ ਅਤੇ ਪਿਛਲੀਆਂ ਸਰਕਾਰਾਂ ਸਮੇਤ ਹੁਣ ਮਜ਼ਦੂਰਾਂ ਕਿਸਾਨਾਂ 'ਤੇ ਦਰਜ ਕੀਤੇ ਮਕੱਦਮੇ ਪਰਾਲੀ ਕੇਸਾਂ ਸਮੇਤ ਵਾਪਿਸ ਲੈਣ ਦੀ ਮੰਨੀ ਹੋਈ ਮੰਗ ਤੁਰੰਤ ਲਾਗੂ ਕਰਾਉਣ ਦੇ ਭਖਦੇ ਮਸਲੇ ਸ਼ਾਮਲ ਹਨ।

ਪਰਮਜੀਤ ਕੌਰ ਪਿੱਥੋ ਨੇ ਦੋਸ਼ ਲਾਇਆ ਕਿ ਮਾਨ ਸਰਕਾਰ ਵੱਲੋਂ ਮਾਈਨਿੰਗ ਕਾਨੂੰਨ ਬਾਰੇ ਕਿਸਾਨਾਂ ਦੀ ਉਕਤ ਮੰਨੀ ਹੋਈ ਮੰਗ ਲਾਗੂ ਕਰਨ ਤੋਂ ਉਲਟ ਪਟਿਆਲਾ ਜ਼ਿਲ੍ਹੇ ਦੇ ਪਿੰਡ ਕਲਵਾਣੂ ਤੇ ਰਾਮਗੜ੍ਹ ਵਿੱਚ 8 ਅਕਤੂਬਰ ਨੂੰ ਮੁੜ ਕਿਸਾਨਾਂ ਨੂੰ ਆਪਣੀ ਜ਼ਮੀਨ ਪੱਧਰ ਕਰਨ ਲਈ ਚੁੱਕੀ ਜਾ ਰਹੀ ਮਿੱਟੀ ਤੋਂ ਪੁਲਿਸ ਵੱਲੋਂ ਜ਼ਬਰਦਸਤੀ ਰੋਕਣ ਵਿਰੁੱਧ ਕਿਸਾਨਾਂ ਨੂੰ ਤਿੱਖਾ ਜਨਤਕ ਵਿਰੋਧ ਕਰਨਾ ਪਿਆ। 30 ਸਤੰਬਰ ਨੂੰ ਜ਼ਬਤ ਕੀਤਾ ਟਰੈਕਟਰ ਅਤੇ ਮਿੱਟੀ ਪੁੱਟਣ ਵਾਲ਼ੀ ਮਸ਼ੀਨ ਤੁਰੰਤ ਛੱਡਣ ਅਤੇ ਮਾੜੀ ਤੇ ਕਪਿਆਲ ਪਿੰਡ ਦੇ ਕਿਸਾਨਾਂ ਸਿਰ ਮੜ੍ਹੇ ਗਏ ਕੇਸ ਵਾਪਸ ਲੈਣ ਦੀ ਮੰਗ ਕੀਤੀ।

ਕਰਮਜੀਤ ਕੌਰ ਮੋਗਾ ਨੇ ਦੱਸਿਆ ਕਿ ਕੇਂਦਰ ਸਰਕਾਰ ਨਾਲ ਸੰਬੰਧਤ ਮੰਗਾਂ ਵਿੱਚ ਲਖੀਮਪੁਰ ਖੀਰੀ ਕਤਲਕਾਂਡ ਦੇ ਸਾਜ਼ਿਸ਼ਕਰਤਾ ਦੋਸ਼ੀ ਮੰਤਰੀ ਅਜੈ ਮਿਸ਼ਰਾ ਟੈਣੀ ਨੂੰ ਅਹੁਦੇ ਤੋਂ ਖਾਰਜ ਕਰ ਕੇ ਜੇਲ੍ਹ ਭੇਜਿਆ ਜਾਵੇ ਅਤੇ ਸਾਰੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ ਅਤੇ ਜੇਲ੍ਹੀਂ ਡੱਕੇ 4 ਬੇਗੁਨਾਹ ਕਿਸਾਨਾਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ। ਪੰਜ ਸ਼ਹੀਦ ਕਿਸਾਨਾਂ ਦੇ ਵਾਰਸਾਂ ਨੂੰ 1-1 ਪੱਕੀ ਸਰਕਾਰੀ ਨੌਕਰੀ ਅਤੇ ਜ਼ਖ਼ਮੀਆਂ ਨੂੰ 10-10 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ। 23 ਫ਼ਸਲਾਂ ਦੇ ਲਾਭਕਾਰੀ ਐੱਮ. ਐੱਸ. ਪੀ. ਸਵਾਮੀਨਾਥਨ ਰਿਪੋਰਟ ਅਨੁਸਾਰ ਮਿਥੇ ਜਾਣ ਅਤੇ ਇਨ੍ਹਾਂ ਰੇਟਾਂ 'ਤੇ ਪੂਰੀ ਖਰੀਦ ਦੀ ਕਾਨੂੰਨੀ ਗਰੰਟੀ ਕੀਤੀ ਜਾਵੇ। ਬਿਜਲੀ ਬਿੱਲ 2021 ਵਾਪਸ ਲਿਆ ਜਾਵੇ ਅਤੇ ਬਿਜਲੀ ਵੰਡ ਖੇਤਰ ਨਿੱਜੀ ਕਾਰਪੋਰੇਟਾਂ ਹਵਾਲੇ ਕਰਨ ਦਾ ਤਾਨਾਸ਼ਾਹੀ ਫੈਸਲਾ ਰੱਦ ਕੀਤਾ ਜਾਵੇ। ਦਿੱਲੀ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ 700 ਤੋਂ ਵੱਧ ਕਿਸਾਨਾਂ ਦੇ ਵਾਰਸਾਂ ਨੂੰ ਢੁੱਕਵਾਂ ਮੁਆਵਜ਼ਾ ਅਤੇ 1-1 ਜੀਅ ਨੂੰ ਪੱਕੀ ਨੌਕਰੀ ਦਿੱਤੀ ਜਾਵੇ। ਇਸ ਮੌਕੇ ਕਿਸਾਨਾਂ ਸਿਰ ਮੜ੍ਹੇ ਗਏ ਸਾਰੇ ਪੁਲਿਸ ਕੇਸ ਵਾਪਸ ਲਏ ਜਾਣ। ਭਾਖੜਾ ਪਣ-ਬਿਜਲੀ ਪ੍ਰਾਜੈਕਟ ਦੇ ਪ੍ਰਬੰਧਕੀ ਬੋਰਡ ਦਾ ਕੰਟਰੋਲ ਕੇਂਦਰ ਦੇ ਹੱਥਾਂ ਵਿੱਚ ਲੈਣ ਦਾ ਤਾਨਾਸ਼ਾਹੀ ਫੈਸਲਾ ਰੱਦ ਕੀਤਾ ਜਾਵੇ ਅਤੇ ਪਹਿਲਾਂ ਵਾਂਗ ਪੰਜਾਬ ਹਰਿਆਣੇ ਦੇ ਸਾਂਝੇ ਕੰਟਰੋਲ ਹੇਠ ਲਿਆਂਦਾ ਜਾਵੇ। ਸੰਸਾਰ ਬੈਂਕ ਦੇ ਆਦੇਸ਼ਾਂ ਤਹਿਤ ਪੰਚਾਇਤੀ ਸ਼ਾਮਲਾਟ ਜੁਮਲਾ ਮਾਲਕਾਨ ਜ਼ਮੀਨਾਂ ਨਿੱਜੀ ਕੰਪਨੀਆਂ ਹਵਾਲੇ ਕਰਨ ਵੱਲ ਸੇਧਤ ਜ਼ਮੀਨ-ਬੈਂਕ ਸਥਾਪਤ ਕਰਨ ਦਾ ਫੈਸਲਾ ਰੱਦ ਕੀਤਾ ਜਾਵੇ ਆਦਿ ਮੰਗਾਂ ਸ਼ਾਮਲ ਹਨ।

ਕੁਲਵਿੰਦਰ ਕੌਰ ਬਰਨਾਲਾ ਨੇ ਇਨ੍ਹਾਂ ਭਖਦੇ ਮਸਲਿਆਂ ਦੇ ਔਰਤਾਂ ਦੀ ਹੋਣੀ ਨਾਲ ਜੁੜੇ ਹੋਏ ਸਿੱਧੇ ਸੰਬੰਧਾਂ ਉੱਤੇ ਚਾਨਣਾ ਪਾਇਆ। ਸਟੇਜ ਸਕੱਤਰ ਦੀ ਭੂਮਿਕਾ ਕਮਲਜੀਤ ਕੌਰ ਬਰਨਾਲਾ ਨੇ ਨਿਭਾਈ। ਠਾਠਾਂ ਮਾਰਦੇ ਇਕੱਠ ਨੂੰ ਸੰਬੋਧਨ ਕਰਨ ਵਾਲੇ ਹੋਰ ਬੁਲਾਰਿਆਂ ਵਿੱਚ ਬੁਲਾਰਿਆਂ ਵਿੱਚ ਗੁਰਮੇਲ ਕੌਰ ਤੇ ਨਿਰਲੇਪ ਕੌਰ ਮਲੇਰਕੋਟਲਾ, ਮਨਜੀਤ ਕੌਰ ਸੁਖਦੇਵ ਕੌਰ ਤੇ ਅਮਰਜੀਤ ਕੌਰ ਬਰਨਾਲਾ, ਰਣਦੀਪ ਕੌਰ ਸੰਗਰੂਰ, ਸੁਖਜੀਤ ਕੌਰ, ਹਰਪ੍ਰੀਤ ਕੌਰ ਜੇਠੂਕੇ, ਭਗਵੰਤ ਕੌਰ ਮਾਨਸਾ ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਆਗੂ ਜਸਵੀਰ ਕੌਰ ਲਹਿਰਾਗਾਗਾ ਸ਼ਾਮਲ ਸਨ। ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਮਾਨ ਸਰਕਾਰ ਦੇ ਅੜੀਅਲ ਵਤੀਰੇ ਦੀ ਸਖ਼ਤ ਨਿੰਦਾ ਕਰਦਿਆਂ ਸੰਘਰਸ਼ਸ਼ੀਲ ਔਰਤਾਂ ਦੇ ਸਿਦਕ ਸਿਰੜ ਦੀ ਸ਼ਲਾਘਾ ਕੀਤੀ ਅਤੇ ਲਲਕਾਰ ਦਿਵਸ ਦੀ ਲਾਮਿਸਾਲ ਲਾਮਬੰਦੀ ਲਈ ਦਿਨ ਰਾਤ ਇੱਕ ਕਰਨ ਦਾ ਸੱਦਾ ਦਿੱਤਾ। ਸਟੇਜ ਉੱਤੇ ਹਾਜ਼ਰ ਪ੍ਰਮੁੱਖ ਸੂਬਾ ਆਗੂਆਂ ਵਿੱਚ ਸੁਖਦੇਵ ਸਿੰਘ ਕੋਕਰੀ ਕਲਾਂ, ਝੰਡਾ ਸਿੰਘ ਜੇਠੂਕੇ ਅਤੇ ਜਗਤਾਰ ਸਿੰਘ ਕਾਲਾਝਾੜ, ਰੂਪ ਸਿੰਘ ਛੰਨਾਂ ਸ਼ਾਮਲ ਸਨ।

## ਵਿਧਾਇਕ ਰਣਬੀਰ ਸਿੰਘ ਭੁੱਲਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ

### ਜ਼ੀਰਾ ਸ਼ਰਾਬ ਫੈਕਟਰੀ ਦੇ ਧਰਨੇ ਸਬੰਧੀ ਕਰਵਾਇਆ ਗਿਆ ਜਾਣੂ

ਫਿਰੋਜ਼ਪੁਰ, 13 ਅਕਤੂਬਰ (ਪੋਸਟ ਬਿਊਰੋ): ਫਿਰੋਜ਼ਪੁਰ ਸ਼ਹਿਰੀ ਹਲਕੇ ਦੇ ਵਿਧਾਇਕ ਰਣਬੀਰ ਸਿੰਘ ਭੁੱਲਰ ਜਿਨ੍ਹਾਂ ਦੀ ਡਿਊਟੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਜ਼ੀਰੇ ਦੇ ਪਿੰਡ ਮਨਸੂਰ ਵਾਲ ਕਲਾਂ ਦੀ ਮਾਲਬਰੋਸ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ ਫੈਕਟਰੀ ਦੇ ਬਾਹਰ ਲੱਗੇ ਧਰਨੇ ਸਬੰਧੀ ਇਲਾਕੇ ਦੀਆਂ ਪੰਚਾਇਤਾਂ/ਧਰਨਾਕਾਰੀਆਂ ਨਾਲ ਗੱਲਬਾਤ ਕਰਨ ਦੀ ਲਗਾਈ ਗਈ ਸੀ, ਸਬੰਧੀ ਵਿਧਾਇਕ ਭੁੱਲਰ ਨੇ ਅੱਜ ਮੁੱਖ ਮੰਤਰੀ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਸਾਰੀ ਸਥਿਤੀ ਤੋਂ ਜਾਣੂ ਕਰਵਾਇਆ ।

ਇਸ ਮੌਕੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਦੱਸਿਆ ਕਿ ਉਨ੍ਹਾਂ ਵੱਲੋਂ ਪਿਛਲੇ ਤਿੰਨ ਦਿਨਾਂ ਤੋਂ ਜ਼ੀਰਾ ਹਲਕੇ ਦੇ ਪਿੰਡ ਮਨਸੂਰ ਵਾਲ ਕਲਾਂ, ਰਟੌਲ ਰੋਹੀ, ਬੰਡਾਲਾ ਪੁਰਾਣਾ, ਸੇਖਵਾਂ ਸਮੇਤ ਸ਼ਰਾਬ



ਫੈਕਟਰੀ ਦੇ ਨਾਲ ਲੱਗਦੇ ਹੋਰ ਪਿੰਡਾਂ ਦੀਆਂ ਪੰਚਾਇਤਾਂ ਤੇ ਇਲਾਕਾ ਨਿਵਾਸੀਆਂ/ਪੰਚਾਇਤਾਂ ਨਾਲ ਗੱਲਬਾਤ ਕੀਤੀ ਗਈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਉਨ੍ਹਾਂ ਕਿਹਾ ਕਿ ਇਸ ਉਪਰੰਤ ਉਨ੍ਹਾਂ ਵਲੋਂ ਇਲਾਕਾ ਨਿਵਾਸੀਆਂ ਦੇ ਨਾਲ ਹੀ ਸ਼ਰਾਬ ਫੈਕਟਰੀ ਦੇ ਬਾਹਰ ਲੱਗੇ ਧਰਨੇ 'ਤੇ ਬੈਠੀਆਂ ਸੰਗਤਾਂ ਨਾਲ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਤੋਂ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਉਨ੍ਹਾਂ ਦੇ ਸਾਰਥਿਕ ਹੱਲ ਦਾ ਭਰੋਸਾ ਵੀ ਦਵਾਇਆ।

## ਗੁਲਜ਼ਾਰ ਇੰਦਰ ਸਿੰਘ ਚਾਹਲ ਨੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਦੇ ਅਹੁਦੇ ਤੋਂ ਦਿੱਤਾ ਅਸਤੀਫਾ

ਚੰਡੀਗੜ੍ਹ, 13 ਅਕਤੂਬਰ (ਪੋਸਟ ਬਿਊਰੋ): ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਗੁਲਜ਼ਾਰ ਇੰਦਰ ਸਿੰਘ ਚਾਹਲ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਨੇ ਟਵੀਟ ਕਰਕੇ ਇਸ ਦੀ ਜਾਣਕਾਰੀ ਦਿੱਤੀ ਹੈ। ਦੱਸ ਦੇਈਏ ਕਿ ਸਾਬਕਾ ਕ੍ਰਿਕਟਰ ਹਰਭਜਨ ਸਿੰਘ ਨੇ ਪੀਸੀਏ ਵਿੱਚ ਧਾਂਦਲੀ ਦਾ ਦੋਸ਼ ਲਗਾਉਂਦੇ ਹੋਏ ਜਾਂਚ ਦੀ ਮੰਗ ਕੀਤੀ ਸੀ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਪੀਸੀਏ ਦੇ ਮੁੱਖ ਸਲਾਹਕਾਰ ਹੋਣ ਦੇ ਨਾਤੇ ਇਸ ਮੁੱਦੇ ਨੂੰ ਉਠਾਉਣਾ ਉਨ੍ਹਾਂ ਦਾ ਫਰਜ਼ ਹੈ। ਬੀਸੀਸੀਆਈ ਨੂੰ ਹਰਭਜਨ ਸਿੰਘ ਦੀ ਚਿੱਠੀ ਤੋਂ ਬਾਅਦ ਹੀ ਗੁਲਜ਼ਾਰ ਇੰਦਰ ਸਿੰਘ ਚਾਹਲ ਵਿਵਾਦਾਂ ਵਿੱਚ ਘਿਰ ਗਏ ਅਤੇ ਆਖਰਕਾਰ ਉਨ੍ਹਾਂ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਜਿਕਯੋਗ ਹੈ ਕਿ ਬੀਤੇ ਦਿਨੀ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਬੋਰਡ ਆਫ ਕੰਟਰੋਲ ਫਾਰ ਕ੍ਰਿਕਟ ਇਨ ਇੰਡੀਆ ਨੂੰ ਕਿਹਾ ਸੀ ਸਾਬਕਾ ਕ੍ਰਿਕਟਰ ਹਰਭਜਨ ਸਿੰਘ ਵੱਲੋਂ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਗੁਲਜ਼ਾਰ ਇੰਦਰ ਸਿੰਘ ਚਹਿਲ ਦੇ ਖਿਲਾਫ ਲਗਾਏ ਗਏ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਡੂੰਘਾਈ ਨਾਲ ਨਿਰਪੱਖ ਜਾਂ ਸੀ ਬੀ ਆਈ ਜਾਂਚ ਕਰਵਾਈ ਜਾਵੇ।



ਕਾਕਾ ਕਰਨਇੰਦਰ ਸਿੰਘ ਸੰਧੂ ਕੈਨੇਡਾ (ਫਰੀਦਕੋਟ) ਦਾ ਵਿਆਹ ਸ਼ਿਵਨੀਤ ਕੌਰ (ਫਿਰੋਜ਼ਪੁਰ) ਨਾਲ ਬਹੁਤ ਹੀ ਸਾਦੇ ਸਮਾਗਮ ਵਿਚ ਹੋਇਆ। ਉਹਨਾਂ ਦੇ ਨਾਲ ਪਿਤਾ ਪਰਮਜੀਤ ਸਿੰਘ ਸੰਧੂ ਐਡਵੋਕੇਟ,ਮਾਤਾ ਸ੍ਰੀਮਤੀ ਬਲਵਿੰਦਰ ਕੌਰ, ਜੀਜਾ ਕਰਮਜੀਤ ਸਿੰਘ (ਅਸਟਰੇਲੀਆ) ਅਤੇ ਭੈਣ ਅਮ੍ਰਿਤ ਕੌਰ ਨਜ਼ਰ ਆ ਰਹੇ ਹਨ। ਕਾਕਾ ਕਰਨਇੰਦਰ ਸਿੰਘ ਸੰਧੂ ਪਿਛਲੇ ਸਾਲ ਕੈਨੇਡਾ ਪੜ੍ਹਾਈ ਕਰਨ ਲਈ ਚਲਾ ਗਿਆ ਸੀ। ਸੰਧੂ ਨੇ ਆਪਣੇ ਕੈਨੇਡਾ ਗਏ ਲੜਕੇ ਦਾ ਬਿਲਕੁਲ ਸਾਦਾ ਵਿਆਹ ਕਰਕੇ ਸਮਾਜ ਵਿੱਚ ਮਿਸਾਲ ਪੈਦਾ ਕੀਤੀ ਹੈ।

# ਰੈੱਡ ਵਿੱਲੋ ਕਲੱਬ ਬਰੈਂਪਟਨ ਵਲੋਂ ਫੇਅਰਵੈੱਲ ਪਾਰਟੀ ਦਾ ਆਯੋਜਨ





ਬਰੈਂਪਟਨ, 10 ਅਕਤੂਬਰ (ਹਰਜੀਤ ਬੇਦੀ)- ਬਹੁਤ ਸਾਰੇ ਸੀਨੀਅਰਜ਼ ਵਿੱਚ ਸਰਦੀਆਂ ਦੇ ਮੌਸਮ ਵਿੱਚ ਇੰਡੀਆ ਆਪਣੇ ਪਿੰਡ ਨੂੰ ਜਾਣ ਦਾ ਰੁਝਾਣ ਹੁੰਦਾ ਹੈ।ਜਿੱਥੇ ਉਹ ਇੰਡੀਆ ਰਹਿ ਰਹੇ ਆਪਣੇ ਸਕੇ ਸਬੰਧੀਆਂ, ਮਿਤੱਰਾਂ ਦੋਸਤਾਂ ਨੂੰ ਮਿਲਣ ਲੈਂਦੇ ਹਨ ਉੱਥੇ ਨਾਲ ਹੀ ਆਪਣਾ ਮਾਤਭੂਮੀ ਪ੍ਰਤੀ ਉਦਰੇਵਾਂ ਵੀ ਦੂਰ ਕਰ ਲੈਂਦੇ ਹਨ। ਆਪਣੇ ਪਰਾਪਰਟੀ ਸਬੰਧੀ ਜਾਂ ਹੋਰ ਸਮਾਜਿਕ ਕੰਮ ਕਾਰ ਵੀ ਨਿਪਟਾ ਲੈਂਦੇ ਹਨ। ਕਰੋਨਾਂ ਦੀ ਮਹਾਂਮਾਰੀ ਚੋਂ ਨਿਕਲਣ ਕਾਰਣ ਇਸ ਵਾਰ ਕਾਫੀ ਗਿਣਤੀ ਵਿੱਚ ਸੀਨੀਅਰਜ਼ ਕੁੱਝ ਸਮੇਂ ਲਈ ਇੰਡੀਆ ਜਾ ਰਹੇ ਹਨ। ਰੈੱਡ ਵਿੱਲੋਂ ਕਲੱਬ ਬਰੈਂਪਟਨ ਵਲੋਂ ਵੀਕ ਐਂਡ ਤੇ ਇੰਡੀਆ ਜਾਣ ਵਾਲੇ ਸੀਨੀਅਰਜ਼ ਨੂੰ ਕਾਲਡਰਸਟੋਨ ਪਾਰਕ ਵਿੱਚ ਵਿਦਾਇਗੀ ਪਾਰਟੀ ਕੀਤੀ ਗਈ।

ਕਲੱਬ ਦੇ ਪਰਧਾਨ ਗੁਰਨਾਮ ਸਿੰਘ ਗਿੱਲ ਦੀ ਪਰਧਾਨਗੀ ਹੇਠ ਹੋਏ ਇਸ ਪਰੋਗਰਾਮ ਦੀ ਸੁਰੂਆਤ ਗਿਆਰਾਂ ਵਜੇ ਹੋਈ। ਕਲੱਬ ਵਲੋਂ ਚਾਹ ਪਾਣੀ ਦਾ ਬਹੁਤ ਵਧੀਆ ਇੰਤਜਾਮ ਸੀ। ਪੰਡਾਲ ਵਿੱਚ ਬੈਠਣ ਤੋਂ ਪਹਿਲਾਂ ਸਾਰੇ ਮਹਿਮਾਨਾਂ ਨੇ ਚਾਹ-ਪਾਣੀ ਅਤੇ ਸਨੈਕਸ ਦਾ ਆਨੰਦ ਮਾਣਿਆ। ਮਹਿੰਦਰ ਕੌਰ ਪੱਡਾ, ਚਰਨਜੀਤ ਕੌਰ ਰਾਏ, ਪਰਕਾਸ਼ ਕੌਰ, ਅਮਰਜੀਤ ਕੌਰ, ਬਲਜੀਤ ਕੌਰ ਸੇਖੋਂ ਅਤੇ ਗਰੇਵਾਲ ਨੇ ਚਾਹ ਪਾਣੀ ਵਰਤਾਉਣ ਦੀ ਸੇਵਾ ਨਿਭਾਈ। ਖਾਣ ਪੀਣ ਦਾ ਸਮਾਨ ਲਿਆਉਣ ਲਈ ਮਾਸਟਰ ਕੁਲਵੰਤ ਸਿੰਘ, ਸ਼ਿਵਦੇਵ ਸਿੰਘ ਰਾਏ ਆਦਿ ਨੇ ਯੋਗਦਾਨ ਪਾਇਆ।



ਇਸ ਤੋਂ ਬਾਦ ਜਨਰਲ ਸਕੱਤਰ ਅਮਰਜੀਤ ਸਿੰਘ ਨੇ ਸਟੇਜ ਦੀ ਕਾਰਵਾਈ ਸੁਰੂ ਕੀਤੀ। ਬੁਲਾਰਿਆਂ ਵਿੱਚ ਜੰਗੀਰ ਸਿੰਘ ਸੈਂਭੀ, ਪਰਮਜੀਤ ਬੜਿੰਗ, ਪਰੋਫੈਸਰ ਬਲਵੰਤ ਸਿੰਘ ਅਤੇ ਗੁਰਨਾਮ ਸਿੰਘ ਗਿੱਲ ਸ਼ਾਮਲ ਸਨ। ਬੁਲਾਰਿਆ ਨੈਂ ਇੰਡੀਆ ਜਾ ਰਹੇ ਮੈਂਬਰਾਂ ਨੂੰ ਸੁਭ ਇਛਾਵਾਂ ਭੇਟ ਕੀਤੀਆਂ। ਉਹਨਾਂ ਨੇ ਇੰਡੀਆ ਵਿੱਚ ਜਾ ਕੇ ਆਪਣੀ ਸਿਹਤ ਦਾ ਖਿਆਲ ਰੱਖਣ, ਲੋਕਾਂ ਵਿੱਚ ਵਿਚਰਣ ਸਮੇਂ, ਅਤੇ ਸਫਰ ਸਬੰਧੀ ਜਰੂਰੀ ਸੁਝਾਅ ਦਿੰਦੇ ਹੋਏ ਹਰ ਤਰ੍ਹਾਂ ਦੀ ਸਾਵਧਾਨੀ ਵਰਤਣ ਲਈ ਕਿਹਾ।ਨਿਰਮਲਾ ਪਰਾਸ਼ਰ ਨੇ ਸ਼ਬਦ ਭੇਟਾ ਗਾ ਕੇ ਆਪਣੀ ਹਾਜਰੀ ਲਵਾਈ। ਬਰੈਂਪਟਨ ਸਿਟੀ ਦੀਆਂ ਕਾਊਂਸਲਰ, ਰੀਜਨਲ ਕਾਉਂਸਲਰ ਅਤੇ ਸਕੂਲ ਟਰੱਸਟੀ ਦੀਆਂ ਚੋਣਾਂ ਲੜ ਰਹੇ ਕੁੱਝੇ ਉਮੀਦਵਾਰਾਂ ਨੇ ਵੀ ਆਪਣੀ ਹਾਜ਼ਰੀ ਹੋਏ।ਇਸ ਪਰੋਗਰਾਮ ਵਿੱਚ ਕਾਫੀ ਗਿਣਤੀ ਵਿੱਚ ਔਰਤਾਂ ਅਤੇ ਮਰਦ ਮੈਂਬਰ ਹਾਜ਼ਰ ਸਨ। ਇਹ ਪਰੋਗਰਾਮ ਹਰ ਪੱਖੋਂ ਸਫਲ ਰਿਹਾ। ਅੰਤ ਵਿੱਚ ਕਲੱਬ ਵਲੋਂ ਸਾਰੇ ਮੈਂਬਰਾਂ ਦਾ ਇਸ ਪਰੋਗਰਾਮ ਵਿੱਚ ਸ਼ਾਮਲ ਹੋ ਕੇ ਇਸ ਨੂੰ ਕਾਮਯਾਬ ਕਰਨ ਲਈ ਧੰਨਵਾਦ ਕੀਤਾ ਗਿਆ। ਕਲੱਬ ਸਬੰਧੀ ਕਿਸੇ ਵੀ ਕਿਸਮ ਦੀ ਜਾਣਕਾਰੀ ਲਈ ਗੁਰਨਾਮ ਸਿੰਘ ਗਿੱਲ ਪਰਧਾਨ 416-908-1300 ਜਾਂ ਅਮਰਜੀਤ ਸਿੰਘ ਜਨਰਲ ਸਕੱਤਰ 416-268-6821ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਦਾ ਉਪਦੇਸ਼

ਸ੍ਰੀ ਗੁਰੂ ਰਾਮਦਾਸ ਜੀ ਸਿੱਖ ਧਰਮ ਦੇ ਚੌਥੇ ਗੁਰੂ ਹੋਏ ਹਨ। ਆਪ ਜੀ ਵੱਲੋਂ ਗੁਰੂ ਨਾਨਕ ਸਾਹਿਬ ਦੇ ਉਸਾਰੇ ਸਿੱਖੀ ਦੇ ਮਹਿਲ ਨੂੰ ਹੋਰ ਮਜ਼ਬੂਤ ਕਰਨ ਲਈ ਆਪਣੇ ਜੀਵਨ-ਕਾਲ ਦੌਰਾਨ ਪਾਇਆ ਯੋਗਦਾਨ ਬਹੁਤ ਹੀ ਅਹਿਮ ਸਥਾਨ ਰੱਖਦਾ ਹੈ। ਆਪ ਜੀ ਨੇ ਆਪਣੇ ਪਵਿੱਤਰ ਵਿਹਾਰਕ ਜੀਵਨ ਰਾਹੀਂ ਜੋ ਕਾਰਜ ਕੀਤੇ ਉਹ ਸਿੱਖੀ ਜੀਵਨ ਦਾ ਆਦਰਸ਼ ਬਣ ਕੇ ਸਾਹਮਣੇ ਆਏ। ਗੁਰੂ ਜੀ ਦਾ ਸਮੁੱਚਾ ਜੀਵਨ ਉਨ੍ਹਾਂ ਦੇ ਬਚਪਨ ਤੋਂ ਲੈ ਕੇ ਗੁਰਿਆਈ ਅਤੇ ਗੁਰਿਆਈ ਤੋਂ ਲੈ ਕੇ ਜੋਤੀ-ਜੋਤ ਸਮਾਉਣ ਤਕ, ਡੂੰਘੇ ਅਧਿਐਨ ਦਾ ਵਿਸ਼ਾ ਹੈ। ਇੱਥੇ ਅਸੀਂ ਉਨ੍ਹਾਂ ਦੁਆਰਾ ਉਚਰਿਤ ਬਾਣੀ ਦੇ ਕੇਵਲ ਕੁਝ ਪੱਖਾਂ ਨੂੰ ਸੰਖੇਪ ਰੂਪ ਵਿਚ ਵਿਚਾਰਨ ਦਾ ਯਤਨ ਕੀਤਾ ਹੈ।

ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਨਿਮਰਤਾ, ਨਿਰਮਾਣਤਾ, ਸਬਰ-ਸੰਤੋਖ, ਸੇਵਾ, ਗੁਰੂ ਪ੍ਰਤੀ ਸਮਰਪਣ ਦੀ ਭਾਵਨਾ ਆਦਿ ਅਨੇਕਾਂ ਹੀ ਗੁਣਾਂ ਕਾਰਨ ਉਨ੍ਹਾਂ ਨੂੰ ਗੁਰਿਆਈ ਦੀ ਦਾਤ ਬਖਸ਼ੀ ਜਿਸ ਸਦਕਾ ਸ੍ਰੀ ਗੁਰੂ ਰਾਮਦਾਸ ਜੀ ਗੁਰੂ ਨਾਨਕ ਸਾਹਿਬ ਦੀ ਇਲਾਹੀ ਜੋਤ ਦੇ ਧਾਰਨੀ ਬਣੇ। ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਤੋਂ ਪਹਿਲਾਂ ਤਿੰਨ ਗੁਰੂ ਸਾਹਿਬਾਨ ਵਾਂਗ ਬਾਣੀ ਦੀ ਰਚਨਾ ਕਰ ਕੇ ਲੋਕਾਈ ਨੂੰ ਸੱਚ ਦੇ ਮਾਰਗ ਨਾਲ ਰੂ-ਬਰੂ ਕਰਾਇਆ। ਸ੍ਰੀ ਗੁਰੂ ਰਾਮਦਾਸ ਜੀ ਨੇ ਜੋ ਅਧਿਆਤਮਕ ਵਿਚਾਰ ਆਪਣੀ ਬਾਣੀ ਰਾਹੀਂ ਪੇਸ਼ ਕੀਤੇ ਹਨ, ਉਨ੍ਹਾਂ ਦਾ ਮੂਲ ਆਧਾਰ ਗੁਰੂ-ਪਰੰਪਰਾ ਤੋਂ ਪ੍ਰਾਪਤ ਜੀਵਨ-ਦਰਸ਼ਨ ਹੈ। ਸ੍ਰੀ ਗੁਰੂ ਰਾਮਦਾਸ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 30 ਰਾਗਾਂ ਵਿਚ ਬਾਣੀ ਦਰਜ ਹੈ। ਆਪ ਜੀ ਦੀ ਬਾਣੀ ਵਿਚ ਪ੍ਰਮੁੱਖ ਰੂਪ 'ਚ ਪਦੇ, ਅਸਟਪਦੀਆਂ, ਛੰਤ, ਸਲੋਕ, ਵਾਰਾਂ, ਪਉੜੀਆਂ, ਪਹਿਰੇ, ਵਣਜਾਰੇ, ਕਰਹਲੇ ਅਤੇ ਘੋੜੀਆਂ ਆਦਿ ਸ਼ਾਮਲ ਹਨ। ਸੂਹੀ ਰਾਗ ਵਿਚ ਰਚੀਆਂ ਚਾਰ 'ਲਾਵਾਂ' ਹਰੇਕ ਸਿੱਖ ਦੇ 'ਅਨੰਦ ਕਾਰਜ' ਵਿਚ ਪੜ੍ਹੀਆਂ ਜਾਂਦੀਆਂ ਹਨ। ਸ੍ਰੀ ਗੁਰੂ ਰਾਮਦਾਸ ਜੀ ਅਨੁਸਾਰ ਪਰਮਾਤਮਾ ਆਦਿ ਪੁਰਖੁ, ਅਪਰ ਅਪਾਰ, ਸ੍ਰਿਸ਼ਟੀ-ਕਰਤਾ, ਅਦੁੱਤੀ, ਯੁੱਗਾਂ-ਯੁਗਾਂਤਰਾਂ ਤਕ ਇੱਕੋ ਇੱਕ ਤੇ ਸਦੀਵੀ ਹੈ। ਆਪ ਦਾ ਗੁਰਬਾਣੀ ਵਿਚ ਫੁਰਮਾਨ ਹੈ:

*ਤੂੰ ਆਦਿ ਪੁਰਖੁ ਅਪਰੰਪਰੁ*
*ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ॥*
*ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ*
*ਏਕੋ ਜੀ ਤੂੰ ਨਿਹਚਲੁ ਕਰਤਾ ਸੋਈ॥*
*(ਅੰਗ 348)*


ਇਸ ਤੋਂ ਇਲਾਵਾ ਆਪ ਜੀ ਨੇ ਆਪਣੀ ਬਾਣੀ ਰਾਹੀਂ ਹਰੇਕ ਸਿੱਖ ਨੂੰ ਗੁਰਮਤਿ ਅਨੁਸਾਰ ਜੀਵਨ ਜੀਉਣ ਦੀ ਪ੍ਰੇਰਨਾ ਵੀ ਦਿੱਤੀ ਤੇ ਆਪਣੀ ਬਾਣੀ ਰਾਹੀਂ ਰੋਜ਼ਾਨਾ ਦੇ ਕਾਰਜਾਂ ਵਿਚ ਅੰਮ੍ਰਿਤ ਵੇਲੇ ਦਾ ਜਾਗਣਾ ਤੇ ਉਸ ਅਕਾਲ ਪੁਰਖ ਦਾ ਸਿਮਰਨ ਕਰਨਾ ਦ੍ਰਿੜ੍ਹ ਕਰਵ-ਾਇਆ। ਆਪ ਜੀ ਦਾ ਉਪਦੇਸ਼ ਹੈ:

*ਗੁਰ ਸਤਿਗੁਰ ਕਾ ਜੋ ਸਿਖੁ*
*ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*
*(ਅੰਗ 305)*

ਇੰਨਾ ਹੀ ਨਹੀਂ ਬਲਕਿ ਗੁਰੂ ਪਾਤਸ਼ਾਹ ਜੀ ਨੇ ਉਨ੍ਹਾਂ ਗੁਰਸਿੱਖਾਂ ਦੀ ਚਰਨ ਧੂੜ ਭਾਵ ਉਨ੍ਹਾਂ ਦਾ ਸੰਗ ਮੰਗਣ ਲਈ ਵੀ ਪ੍ਰੇਰਿਆ ਹੈ ਜੋ ਉਸ ਪਰਮਾਤਮਾ (ਅਕਾਲ ਪੁਰਖ) ਦਾ ਨਾਮ ਖੁਦ ਵੀ ਜਪਦੇ ਹਨ ਤੇ ਦੂਜਿਆਂ ਨੂੰ ਵੀ ਜਪਣ ਲਈ ਪ੍ਰੇਰਦੇ ਹਨ। ਗੁਰੂ ਸਾਹਿਬ ਦਾ ਉਪਦੇਸ਼ ਹੈ :

*ਜਨੁ ਨਾਨਕੁ ਧੂੜਿ ਮੰਗੈ ਤਿਸੁ*
*ਗੁਰਸਿਖ ਕੀ ਜੋ ਆਪਿ ਜਪੈ*
*ਅਵਰਹ ਨਾਮੁ ਜਪਾਵੈ॥*
*(ਅੰਗ 306)*

ਗੁਰੂ ਸਾਹਿਬ ਨੇ ਸਿੱਖ ਨੂੰ ਹਰੇਕ ਕਾਰਜ ਨੂੰ ਅਕਾਲ ਪੁਰਖ ਦੇ ਭਰੋਸੇ ਕਰਨ ਅਤੇ ਉਸ ਪਰਮਾਤਮਾ ਅੱਗੇ ਅਰਦਾਸ ਕਰ ਕੇ ਅਰੰਭਣ ਦਾ ਉਪਦੇਸ਼ ਦਿੱਤਾ ਹੈ।



ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਅੰਦਰ 'ਗੁਰੂ' ਦੇ ਮਹੱਤਵ ਨੂੰ ਦਰਸਾਉਂਦਿਆਂ ਹੋਇਆਂ ਇਹ ਸਮਝਾਇਆ ਹੈ ਕਿ ਗੁਰੂ ਅਤੇ ਸੇਵਕ ਦਾ ਰਿਸ਼ਤਾ ਬੇਹੱਦ ਭਾਵਨਾਤਮਕ ਹੈ। ਸੇਵਕ ਲਈ ਗੁਰੂ ਦੀ ਹਰ ਜੁਗਤ ਕਲਿਆਣਕਾਰੀ ਹੈ ਬਾਸ਼ਰਤੇ ਸੇਵਕ ਦੇ ਅੰਦਰ ਆਪਣੇ ਗੁਰੂ ਪ੍ਰਤੀ ਸਮਰਪਣ ਦੀ ਭਾਵਨਾ ਹੋਵੇ। ਗੁਰੂ ਦੀ ਬਾਣੀ ਅੰਦਰ ਆਤਮਿਕ ਜੀਵਨ ਦੇਣ ਵਾਲਾ ਨਾਮ-ਰੂਪੀ ਅੰਮ੍ਰਿਤਮਈ ਜਲ ਹੈ ਜਿਸ ਨੂੰ ਸਿੱਖ ਹਰ ਵੇਲੇ ਆਪਣੇ ਹਿਰਦੇ ਵਿਚ ਸਾਂਭ ਰੱਖਦਾ ਹੈ। ਗੁਰੂ ਦੀ ਬਾਣੀ ਗੁਰੂ ਹੈ ਅਤੇ ਗੁਰੂ ਬਾਣੀ ਦਾ ਹੀ ਰੂਪ ਹੈ। ਗੁਰੂ ਦੁਆਰਾ ਉਚਾਰੀ ਗਈ ਬਾਣੀ 'ਤੇ ਜੋ ਸਿੱਖ-ਸੇਵਕ ਸ਼ਰਧਾ ਰੱਖਦਾ ਹੈ ਗੁਰੂ ਉਸ ਨੂੰ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘਾ ਦਿੰਦਾ ਹੈ। ਗੁਰੂ ਜੀ ਦਾ ਉਪਦੇਸ਼ ਹੈ:

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ*
*ਬਾਣੀ ਅੰਮ੍ਰਿਤੁ ਸਾਰੇ*
*ਗੁਰੂ ਬਾਣੀ ਕਹੈ ਸੇਵਕ ਜਨੁ ਮਾਨੈ*
*ਪਰਤਖਿ ਗੁਰੂ ਨਿਸਤਾਰੇ ॥*
*(ਅੰਗ 982)*

ਗੁਰੂ ਸਾਹਿਬ ਉਪਦੇਸ਼ ਕਰਦੇ ਹਨ ਕਿ ਜਿਹੜੇ ਮਨੁੱਖ ਸਦਾ ਹੀ ਪਰਮਾਤਮਾ ਦਾ ਨਾਮ ਸਿਮਰਦੇ ਹਨ ਉਨ੍ਹਾਂ ਦਾ ਹਰੇਕ ਦੁੱਖ, ਹਰੇਕ ਭਰਮ ਅਤੇ ਡਰ ਦੂਰ ਹੋ ਜਾਂਦਾ ਹੈ :

*ਜੋ ਜਨ ਸੇਵਹਿ ਸਦ ਸਦਾ ਮੇਰਾ ਹਰਿ ਹਰੇ*
*ਤਿਨ ਕਾ ਸਭੁ ਦੂਖ ਭਰਮੁ ਭਉ ਜਾਸੀ ॥*
*(ਅੰਗ 1202)*

ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਵਿਚ ਜੋ ਉਪਦੇਸ਼ ਦਿੱਤਾ ਹੈ ਉਹ ਸਰਬ-ਸਾਂਝਾ ਅਤੇ ਸਰਬ-ਕਲਿਆਣਕਾਰੀ ਹੈ। ਗੁਰੂ ਸਾਹਿਬ ਦੀ ਬਾਣੀ ਦੇ ਉਪਦੇਸ਼ ਪਾਲਣਾ ਕਰਕੇ ਕੋਈ ਵੀ ਮਨੁੱਖ ਆਪਣਾ ਜੀਵਨ ਸੰਵਾਰ ਸਕਦਾ ਹੈ।

*-ਬਿਕਰਮਜੀਤ ਸਿੰਘ ਜੀਤ*
*ਸ੍ਰੀ ਅੰਮ੍ਰਿਤਸਰ*
*ਮੋ. +91 872 780 0372*

# ਕੁਆਲਿਟੀ ਐਜੂਕੇਸ਼ਨ ਨੂੰ ਸਮਰੱਥ ਬਣਾਉਣ ਲਈ ਕੋਚਿੰਗ ਈਕੋਸਿਸਟਮ ਨੂੰ ਕਿਵੇਂ ਬਦਲਣਾ ਹੈ

ਵਿਜੈ ਗਰਗ

ਭਾਰਤ ਵਿੱਚ ਕੋਚਿੰਗ ਕਲਚਰ ਕੋਈ ਨਵਾਂ ਨਹੀਂ ਹੈ, ਪਹਿਲਾਂ ਸਿਰਫ ਕਮਜ਼ੋਰ ਵਿਦਿਆਰਥੀ, ਖਾਸ ਕਰਕੇ ਸੈਕੰਡਰੀ ਅਤੇ ਉੱਚ ਸੈਕੰਡਰੀ ਜਮਾਤਾਂ ਵਿੱਚ, ਟਿਊਸ਼ਨ ਦਾ ਸਹਾਰਾ ਲੈਂਦੇ ਸਨ, ਪਰ ਇਹ ਇੱਕ ਆਦਰਸ਼ ਨਹੀਂ ਬਣ ਗਿਆ ਹੈ। ਕੋਚਿੰਗ ਕੇਂਦਰਾਂ ਨੂੰ ਵਿਦਿਆਰਥੀਆਂ ਨੂੰ 'ਪ੍ਰੀਖਿਆ ਲਈ ਤਿਆਰ' ਬਣਾਉਣ ਦਾ ਵਾਅਦਾ ਕਰਨ ਦੀ ਬਜਾਏ ਸੰਕਲਪਾਂ ਨੂੰ ਬਣਾਉਣ ਵਿੱਚ ਮਦਦ ਕਰਨ 'ਤੇ ਧਿਆਨ ਦੇਣਾ ਚਾਹੀਦਾ ਹੈ। ਸਭਿਆਚਾਰ ਵਿੱਚ ਤਬਦੀਲੀ ਅੱਜ, ਸਕੂਲਾਂ ਦੀ ਗਿਣਤੀ ਅਤੇ ਅਧਿਆਪਨ ਦੀ ਗੁਣਵੱਤਾ ਵਿੱਚ ਸੁਧਾਰ ਹੋਇਆ ਹੈ, ਜਦੋਂ ਕਿ ਸੰਸਥਾਵਾਂ ਵਿੱਚ ਸੀਟਾਂ ਦੀ ਗਿਣਤੀ ਵਿੱਚ ਵੀ ਕਾਫ਼ੀ ਵਾਧਾ ਹੋਇਆ ਹੈ। ਇਸ ਦੇ ਨਾਲ ਹੀ, ਅਸੀਂ ਕੋਚਿੰਗ ਸੰਸਥਾਵਾਂ ਦੀ ਵਧ ਰਹੀ ਗਿਣਤੀ ਦੇਖਦੇ ਹਾਂ। ਇੱਕ ਕਾਰਨ ਇਹ ਵੀ ਹੈ ਕਿ ਬੱਚਿਆਂ ਨੂੰ ਕੋਚਿੰਗ ਸੈਂਟਰਾਂ ਵਿੱਚ ਭੇਜਣਾ ਸਟੇਟਸ ਸਿੰਬਲ ਅਤੇ ਇਮਾਨਦਾਰੀ ਦਾ ਸਬੂਤ ਬਣ ਗਿਆ ਹੈ। ਮਾਪਿਆਂ ਕੋਲ ਬੱਚਿਆਂ ਲਈ ਘੱਟ ਤੋਂ ਘੱਟ ਸਮਾਂ ਹੋਣ ਕਰਕੇ, ਉਹ ਵਿਦਿਅਕ ਜ਼ੁੰਮੇਵਾਰੀਆਂ ਨੂੰ ਕੋਚਿੰਗ ਸੈਂਟਰਾਂ ਨੂੰ ਆਊਟਸੋਰਸ ਕਰਦੇ ਹਨ ਜੇਕਰ ਉਹ ਇਸ ਨੂੰ ਬਰਦਾਸ਼ਤ ਕਰ ਸਕਦੇ ਹਨ। ਜਨੂੰਨ, ਡਰ ਅਤੇ ਉੱਚ ਖਰੀਦ ਸ਼ਕਤੀ ਨੇ ਮਾਪਿਆਂ ਨੂੰ ਕੋਚਿੰਗ ਸੰਸਥਾਵਾਂ ਨੂੰ ਬਹੁਤ ਜ਼ਿਆਦਾ ਭੁਗਤਾਨ ਕਰਨ ਲਈ ਮਜਬੂਰ ਕੀਤਾ ਹੈ। ਇਸ ਤਰ੍ਹਾਂ, ਕੋਚਿੰਗ ਟਿਊਟਰ ਸਕੂਲ ਦੇ ਅਧਿਆਪਕਾਂ ਨਾਲੋਂ ਵੱਧ ਕਮਾਈ ਕਰਦੇ ਹਨ, ਜਿਸ ਨਾਲ ਸੰਬੰਧਿਤ ਸਮਾਜਿਕ ਸਨਮਾਨ ਵਿੱਚ ਤਬਦੀਲੀ ਆਉਂਦੀ ਹੈ। ਬੱਚਿਆਂ ਨੂੰ ਸਿਖਰਲੇ ਸਕੂਲਾਂ ਵਿੱਚ ਭੇਜਣ ਦਾ ਜਨੂੰਨ ਵੀ ਵਧਿਆ ਹੈ, ਜਿਸ ਨਾਲ ਇਹਨਾਂ ਕੇਂਦਰਾਂ ਦੇ ਵਿਕਾਸ ਵਿੱਚ ਤੇਜ਼ੀ ਆਈ ਹੈ। ਅੰਕੜਿਆਂ ਦੁਆਰਾ ਸਮਝਾਇਆ ਗਿਆ ਹੈ ਪਿਛਲੇ 15 ਸਾਲਾਂ ਵਿੱਚ, ਕੋਚਿੰਗ ਕਾਰੋਬਾਰ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ।

ਅੰਕੜੇ ਦੱਸਦੇ ਹਨ ਕਿ ਇੰਜਨੀਅਰਿੰਗ ਪ੍ਰਵੇਸ਼ ਪ੍ਰੀਖਿਆਵਾਂ ਵਿੱਚ ਸ਼ਾਮਲ ਹੋਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਕੋਈ ਬਦਲਾਅ ਨਹੀਂ ਆਇਆ ਹੈ, ਭਾਵੇਂ ਕਿ ਟੀਅਰ-1 ਅਤੇ ਸੰਸਥਾਵਾਂ ਵਿੱਚ ਸੀਟਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ, ਕੋਚਿੰਗ ਕਲਾਸਾਂ ਵਿੱਚ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਈ ਗੁਣਾ ਵਾਧਾ ਹੋਇਆ ਹੈ। ਹਾਲਾਂਕਿ, ਦਾਖਲਾ ਪ੍ਰੀਖਿਆਵਾਂ ਵਿੱਚ ਵਿਦਿਆਰਥੀਆਂ ਦੇ ਪ੍ਰਦਰਸ਼ਨ ਦੀ ਵੰਡ ਵਿੱਚ ਕੋਈ ਬਦਲਾਅ ਨਹੀਂ ਆਇਆ ਹੈ। ਜਦੋਂ ਕਿ ਇਨਪੁਟ (ਕੋਚਿੰਗ ਕਲਾਸਾਂ ਵਿਚ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ) ਵਧੀ ਹੈ, ਆਉਟਪੁੱਟ (% ਵਿਦਿਆਰਥੀ ਵਧੀਆ ਕਰ ਰਹੇ ਹਨ) ਵਿਗੜ ਗਏ ਹਨ। ਸੰਭਵ ਤੌਰ 'ਤੇ, ਜਿਹੜੇ (0.1% ਤੋਂ ਘੱਟ) ਇਹਨਾਂ ਪ੍ਰੀਖਿਆਵਾਂ ਵਿੱਚ ਵਧੀਆ ਪ੍ਰਦਰਸ਼ਨ ਕਰਦੇ ਹਨ, ਉਨ੍ਹਾਂ ਨੇ ਕੋਚਿੰਗ ਸੰਸਥਾਵਾਂ ਦੀ ਮਦਦ ਤੋਂ ਬਿਨਾਂ ਬਰਾਬਰ ਦਾ ਪ੍ਰਦਰਸ਼ਨ ਕੀਤਾ ਹੋਵੇਗਾ। ਹਾਲਾਂਕਿ, ਮਾਰਕੀਟ ਦਾ ਆਕਾਰ ਬਾਕੀ 99.9% ਦੁਆਰਾ ਦਬਦਬਾ ਹੈ, ਜੋ ਟੈਸਟ ਵਿੱਚ ਅਸਫਲ ਹੋਣ ਤੋਂ ਡਰਦੇ ਹਨ. ਇੱਕੋ ਜਿਹੇ ਉਮੀਦਵਾਰਾਂ ਲਈ ਸੀਟਾਂ ਦੀ ਗਿਣਤੀ ਵਿੱਚ ਵਾਧਾ ਹੋਣ ਦੇ ਬਾਵਜੂਦ, ਸਮਾਜ ਵਿੱਚ ਡਰ ਕਿਉਂ ਹਾਵੀ ਹੈ? ਇੱਕ ਜਵਾਬ ਇਹ ਹੈ ਕਿ ਵਪਾਰਕ ਘਰਾਣੇ ਲੋਕਾਂ ਦੇ ਡਰ, ਅਭਿਲਾਸ਼ਾਵਾਂ ਅਤੇ ਇੱਛਾਵਾਂ ਨੂੰ ਪੂੰਜੀ ਬਣਾਉਣ ਲਈ ਧਾਰਨਾ ਮਾਰਕੀਟਿੰਗ ਦੀ ਵਰਤੋਂ ਕਰਦੇ ਹਨ। ਅਧਿਆਪਨ ਸ਼ੈਲੀ ਨਾਲ ਮੁੱਦੇ ਕੋਈ ਹੈਰਾਨ ਹੁੰਦਾ ਹੈ ਕਿ ਕੀ ਕੋਚਿੰਗ ਸੰਸਥਾਵਾਂ ਜਾਂ ਪ੍ਰਾਈਵੇਟ ਅਧਿਆਪਕਾਂ ਦੇ ਸਮੂਹ ਰਵਾਇਤੀ ਸਿੱਖਿਆ ਦੇ ਨਾਲ ਸਹਿ-ਮੌਜੂਦ ਹੋ ਸਕਦੇ ਹਨ। ਸਮੱਸਿਆ ਅਸਲ ਵਿੱਚ ਅਧਿਆਪਨ ਸ਼ੈਲੀ ਨਾਲ ਹੈ। ਵੱਡੀਆਂ ਕੋਚਿੰਗ ਸੰਸਥਾਵਾਂ ਦੁਆਰਾ ਬਹੁਤ ਸਾਰੇ ਔਨਲਾਈਨ ਲੈਕਚਰਾਂ ਵਿੱਚ, ਅਧਿਆਪਨ ਸ਼ੈਲੀ ਇੱਕੋ ਜਿਹੀ ਹੁੰਦੀ ਹੈ, ਅਤੇ "ਵਿਦਿਆਰਥੀਆਂ ਨੂੰ ਇਮਤਿਹਾਨ ਲਈ ਤਿਆਰ ਕਰਨਾ" ਦਾ ਸਾਂਝਾ ਰੂਪ ਹੁੰਦਾ ਹੈ। ਲੈਕਚਰ ਵਿੱਚ ਅਕਸਰ ਸੰਕਲਪਾਂ ਦੀ ਡੂੰਘਾਈ ਨਾਲ ਸਪੱਸ਼ਟਤਾ ਦੀ ਪੇਸ਼ਕਸ਼ ਕੀਤੇ ਬਿਨਾਂ ਕਈ ਹੱਲ ਕੀਤੀਆਂ (ਸੰਖਿਆਤਮਕ) ਸਮੱਸਿਆਵਾਂ ਸ਼ਾਮਲ ਹੁੰਦੀਆਂ ਹਨ। ਇਹ ਪਹੁੰਚ ਵਿਦਿਆਰਥੀਆਂ ਨੂੰ ਸ਼ਾਰਟਕੱਟਾਂ ਜਿਵੇਂ ਕਿ ਆਸਾਨ ਫਾਰਮੂਲੇ ਅਤੇ ਅਨੁਮਾਨ-ਆਧਾਰਿਤ ਵਿਕਲਪਾਂ ਦੇ ਖਾਤਮੇ ਦੀ ਵਰਤੋਂ ਕਰਦੇ ਹੋਏ ਕਈ ਉਦੇਸ਼ਪੂਰਨ ਪ੍ਰਸ਼ਨਾਂ ਦਾ ਅਭਿਆਸ ਕਰਨਾ ਹੈ। ਜੇਕਰ ਅਕਸਰ ਦੁਹਰਾਇਆ ਜਾਂਦਾ ਹੈ, ਜਿੱਥੇ ਇੰਸਟ੍ਰਕਟਰ ਸ਼ਾਰਟਕੱਟਾਂ ਦੀ ਵਰਤੋਂ ਕਰਕੇ ਸਮੱਸਿਆਵਾਂ ਨੂੰ ਹੱਲ ਕਰਦੇ ਹਨ, ਮਨ ਇੱਕ ਨਕਸ਼ਾ ਵਿਕਸਿਤ ਕਰਦਾ ਹੈ, ਜਿਸਨੂੰ ਸਪੂਨ ਫੀਡਿੰਗ ਕਿਹਾ ਜਾਂਦਾ ਹੈ। ਇਹ ਕੁਝ ਵਿਦਿਆਰਥੀਆਂ ਨੂੰ ਮੁਕਾਬਲਤਨ ਬਿਹਤਰ ਕਰਨ ਵਿੱਚ ਮਦਦ ਕਰ ਸਕਦਾ ਹੈ ਜੇਕਰ ਉਹਨਾਂ ਦੀ ਉਸੇ ਨਕਸ਼ੇ ਤੋਂ ਜਾਂਚ ਕੀਤੀ ਜਾਂਦੀ ਹੈ ਪਰ ਉਹਨਾਂ ਦੀ ਸਮੁੱਚੀ ਕਾਰਗੁਜ਼ਾਰੀ ਵਿੱਚ ਸੁਧਾਰ ਨਹੀਂ ਹੁੰਦਾ ਹੈ।

ਇਹ ਇਸ ਲਈ ਹੈ ਕਿਉਂਕਿ ਮਨ ਨੂੰ ਪਹਿਲਾਂ ਸਮਝ ਵਿਕਸਿਤ ਕਰਨ ਲਈ ਸਿਖਲਾਈ ਨਹੀਂ ਦਿੱਤੀ ਗਈ ਸੀ ਅਤੇ ਇਸਦੀ ਵਰਤੋਂ ਉਹਨਾਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕੀਤੀ ਗਈ ਸੀ ਜੋ ਉਹਨਾਂ ਨੇ ਪਹਿਲਾਂ ਕਦੇ ਨਹੀਂ ਵੇਖੀਆਂ ਸਨ। ਇਸ ਤਰ੍ਹਾਂ ਦੀ ਸਿਖਲਾਈ ਪ੍ਰਕਿਰਿਆ ਤੁਹਾਨੂੰ ਨਿਰਭਰ ਬਣਾਉਂਦੀ ਹੈ। ਇੱਕ ਹੋਰ ਸਮੱਸਿਆ ਇਹ ਹੈ ਕਿ ਵਿਦਿਆਰਥੀਆਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਗਿਆਨ ਨੂੰ ਕਿੱਥੇ ਲਾਗੂ ਕਰਨਾ ਹੈ ਅਤੇ ਇਸਦੀ ਵਰਤੋਂ ਕੀ ਹੈ। ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ () ਦੇ ਇੱਕ ਪ੍ਰੋਗਰਾਮ ਲਈ, ਅਸੀਂ ਉਮੀਦਵਾਰਾਂ ਦੀ ਗਿਣਤੀ ਦੇ ਮੁਕਾਬਲੇ ਦਸ ਗੁਣਾ ਉਮੀਦਵਾਰਾਂ ਨੂੰ ਕਾਲ ਕਰਦੇ ਹਾਂਵਧੀਆ ਗੁਣਵੱਤਾ ਵਾਲੇ ਉਮੀਦਵਾਰਾਂ ਨੂੰ ਯਕੀਨੀ ਬਣਾਉਣ ਲਈ ਉਪਲਬਧ ਸੀਟਾਂ। ਇੱਕ ਵਿਅਕਤੀਗਤ ਸ਼ੈਲੀ ਦੇ ਟੈਸਟ ਵਿੱਚ, ਸਾਡਾ ਨਿਰੀਖਣ ਇਹ ਹੈ ਕਿ ਔਸਤਨ, ਵਿੱਚ ਚੋਟੀ ਦੇ ਰੈਂਕ ਧਾਰਕਾਂ ਵਿੱਚੋਂ, ਸਿਰਫ਼ 20% ਹੀ ਆਮ ਤੌਰ 'ਤੇ ਇੱਕ ਪਾਸਿੰਗ ਥ੍ਰੈਸ਼ਹੋਲਡ ਨੂੰ ਪਾਰ ਕਰਨ ਦੇ ਯੋਗ ਹੁੰਦੇ ਹਨ, ਅਤੇ ਸਿਰਫ਼ 10% ਹੀ ਉਹਨਾਂ ਦੇ ਰੈਂਕ ਅਤੇ ਇੰਟਰਵਿਊ ਪ੍ਰਦਰਸ਼ਨ ਵਿਚਕਾਰ ਸਬੰਧ ਬਣਾਉਂਦੇ ਹਨ। ਕਾਮਨ ਡਿਨੋਮੀਨੇਟਰ ਉਹ ਤਰੀਕੇ ਹਨ ਜਿਸ ਤਰ੍ਹਾਂ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਸਕੋਰ ਕਰਨ ਅਤੇ ਪਹਿਲਾਂ ਸੰਕਲਪਾਂ ਨੂੰ ਵਿਕਸਤ ਨਾ ਕਰਨ, ਕੋਚਿੰਗ ਨੋਟਸ ਨੂੰ ਪੜ੍ਹਨਾ ਅਤੇ ਹਵਾਲਾ ਕਿਤਾਬਾਂ ਨਾ ਪੜ੍ਹਨ ਦੇ ਨਾਲ-ਨਾਲ ਅਸਲ ਸੰਸਾਰ ਵਿੱਚ ਸੰਕਲਪਾਂ ਨੂੰ ਕਿਵੇਂ ਲਾਗੂ ਕਰਨਾ ਹੈ ਇਸ ਬਾਰੇ ਵਿਚਾਰ-ਵਟਾਂਦਰੇ ਦੀ ਅਣਹੋਂਦ ਲਈ ਸਮੱਸਿਆ ਸੈੱਟਾਂ ਦਾ ਨਕਸ਼ਾ ਬਣਾ ਕੇ ਸਿਖਲਾਈ ਦਿੱਤੀ ਜਾਂਦੀ ਹੈ।

ਮੁਢਲੀ ਗੱਲ ਇਹ ਹੈ ਕਿ ਜੇਕਰ ਵਿਦਿਆਰਥੀ ਸ਼ਾਰਟਕੱਟਾਂ 'ਤੇ ਨਿਰਭਰ ਰਹਿਣਾ ਜਾਰੀ ਰੱਖਦੇ ਹਨ, ਤਾਂ ਚੰਗੇ ਇਮਤਿਹਾਨ ਸਕੋਰ ਪ੍ਰਾਪਤ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਅਸਲ ਸੰਸਾਰ ਵਿੱਚ ਉੱਤਮ ਹੋਣਾ ਮੁਸ਼ਕਲ ਹੋਵੇਗਾ। ਸੁਧਾਰਾਤਮਕ ਕਾਰਵਾਈਆਂ ਵਿੱਚ ਸ਼ਾਮਲ ਹੋ ਸਕਦੇ ਹਨ: ਕੋਚਿੰਗ ਸੰਸਥਾਵਾਂ ਨੂੰ ਸੰਕਲਪਤਮਕ ਡੂੰਘਾਈ ਦੀ ਪੇਸ਼ਕਸ਼ ਕਰਨ 'ਤੇ ਧਿਆਨ ਦੇਣਾ ਚਾਹੀਦਾ ਹੈ ਅਤੇ ਸਿਖਿਅਤ ਅਧਿਆਪਕਾਂ ਦਾ ਇੱਕ ਚੰਗਾ ਪੂਲ ਵਿਕਸਿਤ ਕਰਨਾ ਚਾਹੀਦਾ ਹੈ। ਮਾਪਿਆਂ ਨੂੰ ਆਪਣੇ ਡਰ 'ਤੇ ਕਾਬੂ ਪਾਉਣਾ ਚਾਹੀਦਾ ਹੈ, ਅਤੇ ਆਪਣੇ ਬੱਚਿਆਂ ਨੂੰ ਪੂਰਵ-ਪਰਿਭਾਸ਼ਤਿ ਮਾਰਗਾਂ 'ਤੇ ਮਜ਼ਬੂਰ ਕਰਨ ਦੀ ਬਜਾਏ, ਉਹਨਾਂ ਨੂੰ ਉਹਨਾਂ ਦੀਆਂ ਰੁਚੀਆਂ ਦੀ ਪੜਚੋਲ ਕਰਨ ਦੀ ਇਜਾਜ਼ਤ ਦੇਣੀ ਚਾਹੀਦੀ ਹੈ। ਸਮਾਜ ਨੂੰ ਕਿਸੇ ਦੇ ਪੇਸ਼ੇ ਅਤੇ ਕਮਾਈ ਦੇ ਅਧਾਰ 'ਤੇ ਸਫਲਤਾ ਦਾ ਨਿਰਣਾ ਕਰਨਾ ਬੰਦ ਕਰਨਾ ਚਾਹੀਦਾ ਹੈ। ਸਰਕਾਰ ਨੂੰ ਸਖਤ ਗੁਣਵੱਤਾ ਨਿਯੰਤਰਣ ਦੇ ਨਾਲ ਕੋਚਿੰਗ/ਐਡਟੈਕ ਖੇਤਰ ਵਿੱਚ ਸਿੱਖਿਆ ਨੂੰ ਨਿਯਮਤ ਕਰਨ ਲਈ ਉਪਰਾਲੇ ਕਰਨੇ ਚਾਹੀਦੇ ਹਨ।

## ਗ਼ਜ਼ਲ



ਸੁਲੱਖਣ ਮਹਿਮੀ

*ਸੱਜਣਾ ਨੂੰ ਇਨਕਾਰ ਵੀ ਕਰਨਾ ਨਹੀਂ ਆਉਂਦਾ।*
*ਮੁਹੱਬਤ ਦਾ ਇਜ਼ਹਾਰ ਵੀ ਕਰਨਾ ਨਹੀਂ ਆਉਂਦਾ।*

*ਆਪਣੇ ਤਨ ਤੇ ਪੀੜ ਹੰਢਾਈ ਬੈਠੇ ਨੇ,*
*ਵੰਡਾ ਲੈਣ ਥੋੜ੍ਹਾ ਭਾਰ ਵੀ ਕਰਨਾ ਨਹੀਂ ਆਉਂਦਾ।*

*ਸਿਤਮ ਵੀ ਔਖੇ ਹੁੰਦੇ ਝੱਲਣੇ ਦੁਨੀਆਂ ਦੇ,*
*ਕਿਵੇਂ ਹੋਣਾ ਦੋ ਚਾਰ ਵੀ ਕਰਨਾ ਨਹੀਂ ਆਉਂਦਾ।*

*ਨੈਣਾ ਨੂੰ ਇਹ ਸਮਝਣ ਜੋਗੇ ਹੋਏ ਕਦੋਂ,*
*ਫੁੱਲਾਂ ਤੋਂ ਵੱਖ ਖਾਰ ਵੀ ਕਰਨਾ ਨਹੀਂ ਆਉਂਦਾ।*

*ਇਹ ਸਾਫ਼ ਦਿਲ ਦੇ ਭੋਲ਼ੇ ਭਾਲ਼ੇ ਸੱਜਣਾ ਨੂੰ,*
*ਸ਼ਾਤਿਰ ਨਾਲ ਵਪਾਰ ਵੀ ਕਰਨਾ ਨਹੀਂ ਆਉਂਦਾ।*

*ਇਸ਼ਕ ਸਮੁੰਦਰ ਤਾਰੀ ਤਾਂ ਲਾ ਲਈ ਏ,*
*ਹੋਣਾ ਕਿੰਦਾਂ ਪਾਰ ਵੀ ਕਰਨਾ ਨਹੀਂ ਆਉਂਦਾ।*

*ਬੇਦਰਦ ਜ਼ਮਾਨੇ ਦੀਆਂ ਠੋਕਰਾਂ ਖਾ ਲਈਆਂ,*
*ਆਪਣੇ ਦਾ ਇਤਬਾਰ ਵੀ ਕਰਨਾ ਨਹੀਂ ਆਉਂਦਾ।*

*ਯਾਦਾਂ ਨੂੰ ਸੰਭਾਲੀ ਦਿਲ 'ਚ ਫਿਰਦੇ ਉਹ,*
*ਕੀ ਕਹੀਏ ਦੀਦਾਰ ਵੀ ਕਰਨਾ ਨਹੀਂ ਆਉਂਦਾ।*

*ਦੂਰ ਰਹਿਣਾ ਮੁਸ਼ਕਿਲ ਉਨ੍ਹਾਂ ਨੂੰ ਲਗਦਾ ਹੈ,*
*ਮਜ਼ਬੂਰੀ ਹੈ ਪਿਆਰ ਵੀ ਕਰਨਾ ਨਹੀਂ ਆਉਂਦਾ।*


# ਸਮਾਜਿਕ ਸਰੋਕਾਰਾਂ ਨੂੰ ਪ੍ਰਣਾਈ ਹੋਈ ਸ਼ਾਇਰੀ 'ਸ਼ੀਸ਼ੇ ਦੇ ਅੱਖਰ'

-ਰਾਜਦੀਪ ਤੂਰ

ਕਨੇਡਾ ਵਸਦਾ ਗ਼ਜ਼ਲਗੋ ਹਰਦਮ ਮਾਨ "ਅੰਬਰਾਂ ਦੀ ਭਾਲ਼" ਤੋਂ ਤਕਰੀਬਨ 9 ਸਾਲ ਬਾਅਦ "ਸ਼ੀਸ਼ੇ ਦੇ ਅੱਖਰ" ਲੈ ਕੇ ਫਿਰ ਪਾਠਕਾਂ ਦੇ ਰੂਬਰੂ ਹੋਇਆ ਹੈ। ਇਹ ਗ਼ਜ਼ਲ ਸੰਗ੍ਰਹਿ 'ਚੇਤਨਾ ਪ੍ਰਕਾਸ਼ਨ ਲੁਧਿਆਣਾ' ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਬੇਸ਼ੱਕ ਹਰਦਮ ਮਾਨ ਇੰਡੀਆ ਰਹਿੰਦਿਆਂ ਹੋਇਆਂ ਪਿਛਲੇ ਕਾਫੀ ਸਮੇਂ ਤੋਂ ਹੀ ਗ਼ਜ਼ਲਗੋਈ ਕਰ ਰਿਹਾ ਹੈ। ਕੈਨੇਡਾ ਸਰੀ ਵਿੱਚ ਰਹਿੰਦਿਆਂ ਹੋਇਆਂ ਹਰਦਮ ਮਾਨ ਨੂੰ ਜਸਵਿੰਦਰ, ਕ੍ਰਿਸ਼ਨ ਭਨੋਟ, ਰਾਜਵੰਤ ਰਾਜ ਰਾਜ, ਦਵਿੰਦਰ ਗੌਤਮ ਵਰਗੇ ਸਿਰਕੱਢ ਗ਼ਜ਼ਲਗੋਆਂ ਦੀ ਸੰਗਤ ਮਾਨਣ ਦਾ ਸੁਭਾਗ ਪ੍ਰਾਪਤ ਹੈ। ਇਨਸਾਨ ਆਪਣੇ ਆਲ਼ੇ ਦੁਆਲ਼ੇ ਤੋਂ ਬਹੁਤ ਕੁਝ ਗ੍ਰਹਿਣ ਕਰਦਾ ਹੈ। ਇਸ ਤਰ੍ਹਾਂ ਇੱਕ ਸ਼ਾਇਰ ਵੀ ਸ਼ਾਇਰਾਨਾ ਮਾਹੌਲ 'ਚੋਂ ਬਹੁਤ ਕੁਝ ਪ੍ਰਾਪਤ ਕਰਦਾ ਹੈ। ਜੋ ਹਰਦਮ ਮਾਨ ਦੀ ਗ਼ਜ਼ਲ ਵਿੱਚ ਵੀ ਨਜ਼ਰ ਆ ਰਿਹਾ ਹੈ। ਉਸ ਦੀ ਸ਼ਿਅਰਾਂ ਵਿੱਚ ਤਖ਼ੱਈਅਲ, ਉਸਦੀ ਕਾਵਿ ਉਡਾਰੀ, ਨਿਵੇਕਲੇ ਬਿੰਬ , ਉਸਦੇ ਸ਼ਿਅਰਾਂ ਵਿਚਲੀ ਡੂੰਘਾਈ ਵਿੱਚੋਂ ਜਿੱਥੇ ਉਸਦੀ ਮਿਹਨਤ ਝਲਕਦੀ ਹੈ ਉੱਥੇ ਉਸ ਨੂੰ ਮਿਲ਼ੇ ਗ਼ਜ਼ਲੀਅਤ ਦੇ ਆਭਾ ਮੰਡਲ ਦਾ ਵੀ ਯੋਗਦਾਨ ਹੈ। ਉਸ ਦੇ ਤਗੱਜ਼ਲ ਦਾ ਰੰਗ ਹੋਰ ਗੂੜ੍ਹਾ ਹੋਇਆ ਹੈ।

ਹਰਦਮ ਮਾਨ ਦੇ ਸ਼ਿਅਰਾਂ ਵਿੱਚ ਜ਼ਿੰਦਗੀ ਦੇ ਵੱਖਰੇ ਵੱਖਰੇ ਰੰਗ ਸ਼ਾਮਿਲ ਨੇ। ਆਮ ਲੋਕਾਂ ਦੇ ਦੁੱਖਾਂ ਦਰਦਾਂ, ਮਜਬੂਰੀਆਂ, ਤ੍ਰਾਸਦੀਆਂ ਉਸਦੇ ਸ਼ਿਅਰਾਂ ਵਿੱਚ ਥਾਂ ਪੁਰ ਥਾਂ ਨਜ਼ਰ ਆਉਂਦੀਆਂ ਨੇ। ਮਾਨ ਦੀ ਸ਼ਾਇਰੀ ਸਮਾਜਿਕ ਸਰੋਕਾਰਾਂ ਨੂੰ ਪ੍ਰਣਾਈ ਹੋਈ ਸ਼ਾਇਰੀ ਹੈ। ਇਨਸਾਨ 'ਚੋਂ ਇਨਸਾਨੀਅਤ ਦਾ ਗੁੰਮ ਹੋਣਾ , ਆਦਮੀ 'ਚੋਂ ਪਿਆਰ ਮੁਹੱਬਤ ਤੇ ਰਿਸ਼ਤੇ ਨਾਤਿਆਂ ਦਾ ਮਨਫੀ ਹੋਣਾ, ਬੰਦੇ ਦੇ ਦੋਹਰੇ ਕਿਰਦਾਰ ਤੇ ਅੰਬਰੀਂ ਉਡਾਰੀਆਂ ਲਾਉਣ ਵਾਲੇ ਪੰਛੀਆਂ ਦੇ ਪਿੰਜਰੇ ਦੀ ਚੂਰੀ ਨਾਲ਼ ਪਿਆਰ ਬਾਰੇ ਚਿੰਤਤ ਹੈ ਹਰਦਮ ਮਾਨ। ਜਿੱਥੇ ਹਰਦਮ ਮਾਨ ਨੇ ਇਨਸਾਨੀ ਪੀੜ ਬਾਰੇ ਸ਼ਿਅਰ ਕਹੇ ਨੇ ਉੱਥੇ ਉਹ ਆਪਣੇ ਆਪ ਦੇ ਰੂਬਰੂ ਵੀ ਹੋਇਆ ਹੈ...

*ਇਹਨੂੰ ਪੂਰੀ ਤਰ੍ਹਾਂ ਨਾ ਜਾਣ ਸਕਿਆ*
*ਅਜੇ ਮੈਂ ਜ਼ਿੰਦਗੀ ਨਾ ਮਾਣ ਸਕਿਆ।*
*ਮੈਂ ਤਿੜਕੇ ਸ਼ੀਸ਼ਿਆਂ ਦੇ ਰੂਬਰੂ ਹੋ*
*ਮਸਾਂ ਹੀ ਖ਼ੁਦ ਨੂੰ ਸੀ ਪਹਿਚਾਣ ਸਕਿਆ।*
*ਅਹੁ ਖੜਸੁੱਕ ਟਾਹਣੀਆਂ 'ਤੇ ਜ਼ਿੰਦਗੀ ਹੈ ਦੇ ਰਹੀ ਦਸਤਕ*
*ਕਿਸੇ ਕੋਮਲ ਕਰੂੰਬਲ 'ਤੇ ਦਿਲੀ ਅਹਿਸਾਸ ਕੁਝ ਲਿਖੀਏ।*
*ਮਨ ਦੇ ਮਾਰੂਥਲ 'ਚੋਂ ਤੂੰ ਆ ਤਾਂ ਸਹੀ ਬਾਹਰ ਕਦੇ।*
*ਜ਼ਿੰਦਗੀ ਜਾਪੇਗੀ ਫਿਰ ਚਸ਼ਮਾ ਕਦੇ ਸਰਵਰ ਕਦੇ।*
*ਸ਼ਾਂਤ ਮਹਿਫਿਲ ਨੂੰ ਸੁਣਾਈ ਦੇਣ ਕੇਵਲ ਧੜਕਣਾਂ*
*'ਮਾਨ' ਆਪਣੀ ਸ਼ਾਇਰੀ ਵਿੱਚ ਦਰਦ ਏਨਾ ਭਰ ਕਦੇ।*
*ਪਰਵਾਸ ਹਾਲੇ ਵੀ ਹਰਦਮ ਮਾਨ ਦੇ ਦਿਲ ਦੇ ਕਿਸੇ ਕੋਨੇ ਵਿੱਚ ਦਰਦ ਬਣ ਕੇ ਬੈਠਾ ਹੈ। ਜੋ ਉਸਦੇ ਸ਼ਿਅਰਾਂ ਵਿੱਚ ਸਾਫ ਝਲਕਦਾ ਹੈ ...*
*ਉੱਚੇ ਅੰਬਰੀਂ ਉੱਡ ਪ੍ਰਦੇਸੀਂ ਜਾ ਬੈਠਾ*
*ਪੰਛੀ ਨੂੰ ਹੁਣ ਆਪਣੇ ਹੀ ਪਰ ਲੱਭਣ ਨਾ।*
*ਸਾਰੀ ਧਰਤੀ ਗਾਹ ਕੇ ਵੀ ਸੁੱਖ ਨਾ ਮਿਲਿਆ*
*ਕੀ ਕੀ ਨਾਚ ਨਚਾਏ ਢਿੱਡ ਦੀ ਆਂਦਰ ਨੇ।*
*ਯਾਦਾਂ ਦੀ ਧਰਤੀ ਨੇ ਤਾਂ ਹੁਣ ਸੜਦੇ ਹੀ ਰਹਿਣਾ*




*ਡਾਲਰ ਦੇ ਜੰਗਲ 'ਚੋਂ ਕਿੱਥੋਂ ਛਾਵਾਂ ਲੱਭਦੇ ਨੇ।*
*ਡਾਲਰ ਦੇ ਸਾਗਰਾਂ ਵਿਚ ਰੂਹਾਂ ਪਿਆਸੀਆਂ ਨੇ*
*ਯਾਦਾਂ ਦੇ ਟਿੱਬਿਆਂ 'ਚੋਂ ਲੱਭਦੀ ਨਾ ਢਾਬ ਯਾਰੋ।*
*ਆਪਣਾ ਦੇਸ, ਆਪਣਾ ਪਿੰਡ ਆਪਣੇ ਲੋਕਾਂ ਨਾਲ਼ੋਂ ਟੁੱਟਣ ਦਾ ਦਰਦ ਮਾਨ ਦੇ ਸ਼ਿਅਰਾਂ ਵਿੱਚ ਥਾਂ ਪੁਰ ਥਾਂ ਨਜ਼ਰ ਆਉਂਦਾ ਹੈ ...*
*ਜੋ ਪਿੱਛੇ ਰਹਿ ਗਿਆ ਉਹ ਦੇਸ ਪਿਆਰਾ ਯਾਦ ਆਉਂਦਾ ਹੈ।*
*ਸਵੇਰੇ ਸ਼ਾਮ ਛੱਜੂ ਦਾ ਚੁਬਾਰਾ ਯਾਦ ਆਉਂਦਾ ਹੈ।*
*ਮਹਾਦੀਪਾਂ ਤੋਂ ਹੋ ਕੇ ਪਾਰ ਵਿਛੜ ਕੇ ਜੜ੍ਹਾਂ ਨਾਲੋਂ*
*ਸਫ਼ਰ ਅੰਦਰ ਉਹ ਪਹਿਲੇ ਮੀਲ ਪੱਥਰ ਯਾਦ ਆਉਂਦੇ ਨੇ।*
*ਨਹਾਉਣਾ ਛੱਪੜਾਂ ਵਿੱਚ ਗਾਰ ਮਲਣੀ ਪਿੰਡਿਆਂ ਉੱਤੇ*
*ਚਰਾਂਦਾ ਖੁੱਲ੍ਹੀਆਂ ਵਿਚ ਮਾਲ ਡੰਗਰ ਯਾਦ ਆਉਂਦੇ ਨੇ।*
*ਮਹਿਲ ਵਿੱਚ ਸੁੱਤਾ ਪਿਆ ਸੀ, ਡਾਲਰਾਂ ਦੇ ਦੇਸ਼ ਵਿੱਚ*
*ਹੋ ਰਿਹਾ ਸੁਪਨੇ 'ਚ ਸੀ ਕੱਚੇ ਘਰਾਂ ਦੇ ਰੂਬਰੂ।*

ਇਨਸਾਨ ਦੇ ਆਲ਼ੇ ਦੁਆਲ਼ੇ ਉਸਦੀ ਸੰਵੇਦਨਾ ਨੂੰ ਸਾੜਨ ਵਾਲਾ ਬਹੁਤ ਕੁਝ ਵਾਪਰ ਰਿਹਾ ਹੈ। ਇਨਸਾਨੀ ਮਨ ਦੀ ਕੋਮ-ਲਤਾ ਨੂੰ ਬਚਾਉਣ ਲਈ ਚਿੰਤਤ ਹਰਦਮ ਮਾਨ ਦਾ ਸੰਵੇਦਨਸ਼ੀਲ ਮਨ ਆਖਦਾ ਹੈ...

*ਚੁਫੇਰੇ ਦੀ ਧੁੱਪ ਸਾੜ ਦੇਊ ਦਿਲਾਂ ਨੂੰ*
*ਜੇ ਮਾਣੇ ਨਾ ਕੋਮਲ ਕਲਾਵਾਂ ਦੇ ਸਾਏ।*

ਹਰਦਮ ਮਾਨ ਸੰਵੇਦਨਸ਼ੀਲ ਵੀ ਹੈ ਤੇ ਚੇਤੰਨ ਵੀ ਹੈ ਤੇ ਪਾਜ਼ੇਟਿਵ ਸੋਚ ਦਾ ਧਾਰਨੀ ਵੀ। ਮਾਨ ਰਸਤਿਆਂ ਦੀਆਂ ਰੁਕਾਵਟਾਂ ਨੂੰ ਹਟਾਉਣ ਲਈ ਏਕਤਾ ਦਾ ਹਾਮੀ ਹੈ। ਉਹ ਚੰਗੇ ਲਈ ਹਮੇਸ਼ਾ ਆਸਵੰਦ ਹੈ......

*ਝੜ ਗਏ ਪੱਤੇ ਸਾਰੇ ਇਹ ਵੀ ਸੱਚ ਨਹੀਂ*
*ਇੱਕ ਅੱਧ ਰੁੱਖ ਤਾਂ ਹੋਏਗਾ ਛਾਂਦਾਰ ਜਿਹਾ।*
*ਜੇ ਤੀਲੇ ਖਿੰਡ ਗਏ ਤਾਂ ਫਿਰ ਕੀ ਹੈ*
*ਦੁਬਾਰਾ ਫਿਰ ਉੱਸਰ ਕੇ ਵੇਖਦੇ ਹਾਂ।*
*ਨਾ ਮੁਆਫ਼ਿਕ ਹੈ ਬੜਾ ਮੌਸਮ ਇਹ ਜੀਵਨ ਵਾਸਤੇ*
*ਜ਼ਿੰਦਗੀ ਵਿਚ ਫਿਰ ਵੀ ਕੁਝ ਕੁਝ ਖਾਸ ਬਾਕੀ ਹੈ ਅਜੇ।*
*ਅਸਾਡੇ ਰਸਤਿਆਂ 'ਚੋਂ ਖ਼ੁਦ ਪਹਾੜਾਂ ਨੇ ਪਰ੍ਹੇ ਹੋਣਾ*
*ਜਦੋਂ ਵੀ ਜੁੜ ਗਈ ਸ਼ਕਤੀ ਇਨ੍ਹਾਂ ਬੇਜੋੜ ਬਾਹਾਂ ਦੀ।*

ਵਿਸ਼ਵੀਕਰਨ ਦੇ ਇਸ ਦੌਰ ਵਿਚ ਆਦਮੀ 'ਚੋਂ ਆਦਮੀਅਤ ਖਤਮ ਹੁੰਦੀ ਜਾ ਰਹੀ ਹੈ। ਮਸ਼ੀਨੀ ਯੁੱਗ ਨੇ ਆਦਮੀ ਨੂੰ ਵੀ ਮਸ਼ੀਨ ਦੇ ਵਾਂਗ ਹੀ ਕਰ ਦਿਤਾ ਹੈ। ਇਨਸਾਨ 'ਚੋ ਇਨਸਾਨੀਅਤ, ਪਿਆਰ ਮੁਹੱਬਤ , ਰਿਸ਼ਤੇ ਨਾਤੇ ਸਭ ਮਨਫੀ ਹੋ ਰਹੇ ਨੇ ਬਲਕਿ ਹੋ ਚੁੱਕੇ ਨੇ , ਸੰਵੇਦਨਾ ਮਰ ਚੁੱਕੀ ਹੈ, ਅਹਿਸਾਸ ਮਰ ਚੁੱਕਿਆ ਹੈ। ਹਰਦਮ ਮਾਨ ਵੀ ਇਸ ਵਰਤਾਰੇ ਪ੍ਰਤੀ ਫਿਕਰਮੰਦ ਹੈ...

*ਬੋਲ ਮਸ਼ੀਨੀ ਹੋ ਗਏ ਦਿਲ ਵੀ ਧੜਕਣ ਨਾ।*
*ਵਸਦੇ ਰਸਦੇ ਘਰ ਵੀ ਹੁਣ ਘਰ ਲੱਗਣ ਨਾ।*
*ਭੀੜ ਭੜੱਕਾ ਸ਼ਹਿਰ 'ਚ ਸ਼ੋਰ ਸ਼ਰਾਬਾ ਬਹੁਤ*
*ਸੱਜਣ, ਮਿੱਤਰ, ਬੇਲੀ, ਕਿਧਰੇ ਲੱਭਣ ਨਾ।*
*ਰੁੱਤਾਂ ਉਦਾਸ ਹੋਈਆਂ ਰਾਹਵਾਂ ਉਦਾਸ ਹੋਈਆਂ*
*ਜੋ ਵੰਡਦੀਆਂ ਸੀ ਖੇੜੇ ਥਾਵਾਂ ਉਦਾਸ ਹੋਈਆਂ।*
*ਪਰਿਵਾਰ ਭੁਰ ਰਹੇ ਨੇ ਤੇ ਬੰਦੇ ਝੁਰ ਰਹੇ ਨੇ*
*ਰਿਸ਼ਤੇ ਨੇ ਖੁਸ਼ਕ ਹੋਏ ਬਾਹਵਾਂ ਉਦਾਸ ਹੋਈਆਂ।*

ਹਰਦਮ ਮਾਨ ਦੀ ਆਪਣੀ ਨਜ਼ਰ ਹੈ ਤੇ ਉਸਦਾ ਆਪਣਾ ਨਜ਼ਰੀਆ ਹੈ। ਉਸ ਦੇ ਕੁਝ ਸ਼ਿਅਰ ਵੇਖੋ...

*ਮੈਂ ਅਕਸਰ ਵੇਖਦਾਂ ਚਿਹਰੇ ਅਨੇਕਾਂ ਪਰਦਿਆਂ ਹੇਠਾਂ।*
*ਲੁਕੇ ਹੁੰਦੇ ਅਨੇਕਾਂ ਨਕਸ਼ ਵੀ ਤਾਂ ਚਿਹਰਿਆਂ ਹੇਠਾਂ।*
*ਸਜੀ ਮਹਿਫਿਲ 'ਚ ਥਿਰਕਣ ਪੈਰ ਛਲਕਣ ਅੱਥਰੂ ਭਾਵੇਂ*
*ਕੋਈ ਨਾ ਜਾਣਦਾ ਪਰ ਕੀ ਹੈ ਛੁਪਿਆ ਝਾਂਜਰਾਂ ਹੇਠਾਂ।*
*ਸਾਡੀ ਸਮਾਜਿਕ ਵਿਵਸਥਾ, ਧਰਮ ਤੇ ਅਜੋਕੀ ਰਾਜਨੀਤੀ ਉੱਪਰ ਤਿੱਖਾ ਕਟਾਕਸ਼ ਕਰਦਾ ਹੋਇਆ ਉਹ ਆਖਦਾ ਹੈ.....*
*ਬੜੀ ਚਰਚਾ ਕਰੀ ਇਨਸਾਨੀਅਤ ਇਖਲਾਕ ਦੇ ਬਾਰੇ*
*ਚਲੋ ਹੁਣ ਫਿਰਕਿਆਂ, ਕੌਮਾਂ ਅਤੇ ਧਰਮਾਂ ਦੀ ਗੱਲ ਕਰੀਏ।*
*ਕਰਾਂਗੇ ਜ਼ਿਕਰ ਵੀ ਰੁਜ਼ਗਾਰ ਦਾ, ਕੁੱਲੀ ਤੇ ਗੁੱਲੀ ਦਾ*
*ਆ ਪਹਿਲਾਂ ਕੁਰਸੀਆਂ, ਵੋਟਾਂ ਅਤੇ ਤਖਤਾਂ ਦੀ ਗੱਲ ਕਰੀਏ।*

ਕੋਮਲ ਅਹਿਸਾਸ ਨੂੰ ਕਿੰਨੀ ਸਰਲਤਾ ਨਾਲ਼ ਕਹਿ ਜਾਂਦਾ ਹੈ ਹਰਦਮ ਮਾਨ ਆਹ ਵੇਖੋ ਜ਼ਰਾ...

*ਜ਼ਿੰਦਗੀ ਦੇ ਅਰਥ ਏਨੇ ਸਰਲ ਕਰ ਕੇ ਤੁਰ ਗਿਆ*
*ਕੰਡਿਆਂ ਦੀ ਸੇਜ 'ਤੇ ਉਹ ਫੁੱਲ ਧਰ ਕੇ ਤੁਰ ਗਿਆ।*

ਰੂਹ ਨੂੰ ਸ਼ਰਸ਼ਾਰ ਕਰਦੀ ਸ਼ਾਇਰੀ ਦੇ ਰੂਬਰੂ ਹੁੰਦਿਆਂ ਅੱਖਰਾਂ ਦੇ ਸ਼ੀਸ਼ੇ 'ਚੋਂ ਜ਼ਿੰਦਗੀ ਦੇ ਅਨੇਕਾਂ ਰੰਗ ਨਜ਼ਰ ਆਏ। ਮੈਨੂੰ ਆਸ ਹੈ ਹਰਦਮ ਮਾਨ ਦੇ ਸ਼ੀਸ਼ੇ ਦੇ ਅੱਖਰਾਂ 'ਚੋਂ ਪਾਠਕਾਂ ਨੂੰ ਆਪਣਾ ਅਕਸ ਨਜ਼ਰ ਆਵੇਗਾ।

ਇਸ ਖ਼ੂਬਸੂਰਤ ਗ਼ਜ਼ਲ ਸੰਗ੍ਰਹਿ "ਸ਼ੀਸ਼ੇ ਦੇ ਅੱਖਰ" ਨੂੰ ਖ਼ੁਸ਼ਆਮਦੀਦ ਤੇ ਹਰਦਮ ਮਾਨ ਨੂੰ ਮੁਬਾਰਕਬਾਦ।

# ਬਰੈਂਪਟਨ ਸ਼ਹਿਰ ਵਾਸੀ ਉਮੀਦਵਾਰਾਂ ਦੇ ਸਾਈਨਾ ਤੋਂ ਪਰੇਸ਼ਾਨ

-ਹਰਚੰਦ ਸਿੰਘ ਬਾਸੀ

ਬਰੈਂਪਟਨ ਸਿਟੀ ਦੀਆਂ ਚੋਣਾ ਹੋਣ ਜਾ ਰਹੀਆਂ ਹਨ । ਇਹ ਚੋਣਾ ਹਰ ਚਾਰ ਸਾਲ ਬਾਅਦ ਹੁੰਦੀਆਂ ਹਨ । ਇਹਨਾਂ ਚੋਣਾ ਵਿੱਚ ਮੇਅਰ, ਰਿਜਨਲ ਕੌਂਸਲਰ, ਕੌਂਸਲਰ ਅਤੇ ਸਕੂਲ ਟਰਸਟੀ ਦੀ ਚੋਣ ਹੁੰਦੀ ਹੈ। ਕਨੇਡਾ ਦੇ ਨਾਗਰਿਕ ਜਿੰਨਾ ਕੋਲ ਸਿਟੀਜਨਸ਼ਿਪ ਹੈ ਉਹ ਵੋਟ ਕਰਨ ਅਤੇ ਚੋਣ ਲੜਣ ਦੇ ਹੱਕਦਾਰ ਹਨ। ਡੈਮੋਕਰੇਸੀ ਸਿਸਟਮ ਵਿੱਚ ਰੰਗ ਨਸਲ ਧਰਮ ਲਿੰਗ ਦਾ ਕੋਈ ਭੇਦਭਾਵ ਨਹੀਂ ਹਰ ਇੱਕ ਵੋਟਰ ਚੋਣ ਲੜ ਸਕਦਾ ਹੈ। ਵੋਟਰ ਆਪਣੇ ਮੱਤ ਅਨੁਸਾਰ ਕਿਸੇ ਵੀ ਉਮੀਦਵਾਰ ਦੇ ਹੱਕ ਵਿੱਚ ਵੋਟ ਪਾ ਸਕਦਾ ਹੈ। ਚੋਣਾਂ ਤੋਂ ਬਾਅਦ ਸ਼ਹਿਰ ਵਾਸੀਆਂ ਦੀ ਕਿਸਮਤ ਇਸ ਸਮੁਚੀ ਟੀਮ ਦੇ ਹੱਥ ਹੋਏਗੀ। ਸ਼ਹਿਰ ਨੂੰ ਬਿਜਲੀ ਪਾਣੀ ਸਿਖਿਆ, ਸਿਹਤ ਹਸਪਤਾਲ ਇਲਾਜ ,ਸੜਕਾਂ, ਕਾਨੂੰਨ ਵਿਵਸਥਾ, ਵਾਤਾਵਰਨ, ਜੁਰਮ ਦੀ ਰੋਕ ਥਾਮ ਰੱਖਣਾ ਆਦਿ ਸਿਟੀ ਦੇ ਸਿਰ ਜੁੰਮੇਵਾਰੀ ਹੈ। ਇਸ ਲਈ ਉਹਨਾਂ ਯੋਗ ਉਮੀਦਵਾਰਾਂ ਨੂੰ ਚੁਣਿਆ ਜਾਏ ਜੋ ਸ਼ਹਿਰ ਨੂੰ ਵੱਧ ਤੋਂ ਵੱਧ ਮੁਸ਼ਕਿਲਾਂ ਰਹਿਤ ਬਣਾਏ। ਜੋ ਉਮੀਦਵਾਰ ਸਿਰਫ ਆਪਣੀ ਸਤਾ ਦੀ ਭੁੱਖ ਕਾਰਨ ਗੋਲਮਾਲ ਕਰਨ ਵਾਲੇ ਤੇ ਚਰਿਤਰਹੀਣ ਹੋਣਗੇ ਉਹ ਲੋਕਾਂ ਦਾ ਹਰਗਿਜ਼ ਕੁੱਝ ਨਹੀਂ ਸੰਵਾਰ ਸਕਣਗੇ। ਆਰਥਿਕ ਨੁਕਸਾਨ ਨਾਲੋਂ ਵੀ ਵੱਧ ਸਾਡੀਆਂ ਨੈਤਿਕ ਕਰਦਾਂ ਕੀਮਤਾਂ ਦਾ ਨੁਕਸਾਨ ਕਰਨਗੇ। ਬੀਤੇ ਨੂੰ ਜਰੂਰ ਵੇਖੋ। ਉਹ ਲੋਕ ਜਿਤਣ ਲਈ ਹਿੰਸਾ ਦਾ ਸਹਾਰਾ ਲੈਣ ਤੋਂ ਵੀ ਗੁਰੇਜ਼ ਨਹੀਂ ਕਰਨਗੇ। ਅਜਿਹੇ ਲੋਕ ਭਾਰਤ ਦੀ ਧੱਕੇ ਵਾਲੀ ਰਾਜਨੀਤੀ ਦੇ ਲਖਾਇਕ ਹੋਣਗੇ। ਜਿਸ ਦੇ ਸਿਟੇ ਪਬਲਿਕ ਲਈ ਲਾਭਕਾਰੀ ਨਹੀਂ ਹੋਣਗੇ। ਅਜਿਹਾ ਨਾ ਹੋਵੇ "ਲਗਾ ਦਾਮਨ ਪੇ ਦਾਗ ਤੋ ਵੋਹ ਜਰਾ ਨਹੀਂ ਸ਼ਰਮਾਏ ਬਲਕਿ ਦਾਮਨਕਾਰੀਉਂ ਕੇ ਰਾਹਨੁਮਾ ਬਣ ਗਏ"। ਸੋ ਲੋਕਾਂ ਦੀ ਸਮਝ ਦੇ ਫੈਸਲੇ ਦੀ ਘੜੀ ਹੈ । ਕੀ ਦਾਨਸ਼ਵਰ ਲੋਕ ਅਜਿਹੇ ਬੰਦੇ ਦੇ ਹੱਕ ਵਿੱਚ ਵੋਟ ਕਰਨਗੇ? ਵੋਟ ਕਰਨ ਤੋਂ ਪਹਿਲਾਂ ਆਪਣੇ ਅੰਦਰਲੇ ਆਦਮੀ ਨੂੰ ਪੁੱਛੋ ਕੀ ਮੈਂ ਗਲਤ ਆਦਮੀ ਨੂੰ ਵੋਟ ਪਾ ਕੇ ਸ਼ਹਿਰ ਵਾਸੀਆਂ ਦਾ ਦੋਸ਼ੀ ਤਾਂ ਨਹੀਂ ਬਣ ਰਿਹਾ। ਮੇਰੀ ਇੱਕ ਵੋਟ ਹਾਰ ਜਿੱਤ ਕਰਾ ਸਕਦੀ ਹੈ ਜੋ ਆਉਣ ਵਾਲੇ ਸਮੇਂ ਲਈ ਦਿਕਤ ਪੈਦਾ ਕਰੇਗੀ। ਗਲਤ ਬੰਦਾ ਭਾਂਵੇਂ ਜਿੱਤ ਜਾਵੇ ਪਰ ਠੀਕ ਨਿਰਨੇ ਕਦੀ ਹਾਰਦੇ ਨਹੀਂ। ਚੋਟ ਜਰੂਰ ਪਹੁੰਚਾਉਂਦੇ ਹਨ।

ਹੁਣ ਮੈਂ ਦੂਸਰੀ ਗੱਲ ਵੱਲ ਆਉਂ ਦਾ ਹਾਂ ।ਹਰ ਇੱਕ ਨੂੰ ਚੋਣ ਲੜਣ ਦਾ ਅਧਿਕਾਰ ਹੈ ।ਉਮੀਦਵਾਰ ਮੁਕਾਬਲੇ ਵਿੱਚ ਆਉਣ ਤੋਂ ਪਹਿਲਾਂ ਜਰੂਰ ਸੋਚ ਲਵੇ ਕੀ ਮੈਂ ਇੰਨੀ ਯੋਗਤਾ ਰੱਖਦਾ ਹਾਂ ਕਿ ਲੋਕ ਆਗੂ ਬਣ ਕੇ ਲੋਕਾਂ ਲਈ ਕੰਮ ਕਰਾਂਗਾ ਜਾਂ ਸਿਰਫ ਤਨਖਾਹ ਪੈਨਸ਼ਨ ਅਤੇ ਹਿਸੇਦਾਰੀ ਦੇ ਭਾਈਵਾਲ ਬਨਣ ਤੱਕ ਸੀਮਤ ਰਹਾਂਗਾ। ਆਪੋ ਆਪਣੀ ਜ਼ਮੀਰ ਨੂੰ ਟਟੋਲਣਾ ਅਤਿ ਜਰੂਰੀ ਹੈ। ਲੋਕਾਂ ਦਾ ਵਿਸਵਾਸ਼ ਬਰਕਰਾਰ ਰਹਿਣਾ ਚਾਹੀਦਾ ਹੈ। ਧਾਂਦਲੀਆਂ ਖਿਲਾਫ ਬੋਲਣ ਜੋਗਾ ਵੀ ਹੈ ਕਿ ਨਹੀਂ। ਮੈਂ ਕਿਸੇ ਦੀ ਨੀਯਤ ਤੇ ਸ਼ੱਕ ਨਹੀਂ ਕਰਦਾ ਪਰ ਹਰ ਇੱਕ ਦਾ ਵਿਵਹਾਰ ਉਸਦਾ ਸ਼ੀਸ਼ਾ ਹੈ।

ਚੋਣਾ ਤੋਂ ਪਹਿਲਾਂ ਜੋ ਕੁੱਝ ਉਮੀਦਵਾਰਾਂ ਦਾ ਵਿਵਹਾਰ ਹੈ ਉਸ ਤੋਂ ਸ਼ਹਿਰ ਵਾਸੀ ਪ੍ਰੇਸ਼ਾਨ ਹਨ। ਲੋਕਾਂ ਦੇ ਘਰਾਂ ਅੱਗੇ ਰਾਤਾਂ ਨੂੰ ਚੋਰੀ ਬਿਨਾਂ ਆਗਿਆ ਲਏ ਸਾਈਨ ਹੀ ਸਾਈਨ ਲਾ ਜਾਂਦੇ ਹਨ। ਜੋ ਹੁਣ ਹੀ ਕਿਸੇ ਨਿਯਮਾਂ ਦੀ ਪਾਲਣਾ ਨਹੀਂ ਕਰਦੇ ਉਹ ਕਿਸ ਤਰਾਂ ਆਪਣੀ ਭਰੋਸੇ ਯੋਗਤਾ ਸਿੱਧ ਕਰਨਗੇ। ਅੱਠ ਵਾਰਡ ਦੇ ਲੋਕਾਂ ਦਾ ਨਿੱਤ ਕਹਿਣਾ ਹੈ ਕਿ ਰਾਤੀਂ ਸਾਡੇ ਕੋਈ ਸਾਈਨ ਨਹੀਂ ਸੀ ਦਿਨ ਚੜ੍ਹਦੇ ਦੋ,ਤਿੰਨ, ਚਾਰ ਸਾਈਨ ਲੱਗੇ ਵੇਖਦੇ ਹਾਂ ਜੋ ਠੀਕ ਨਹੀਂ। ਇਹ ਵਰਤਾਰਾ ਅੱਜ ਤੋਂ ਦਸ,ਬਾਰਾਂ ਸਾਲ ਪਹਿਲਾਂ ਨਹੀਂ ਸੀ। ਕੀ ਇਹ ਕਿਉਂ ਬਦਲਿਆਂ। ਕੀ ਇਸ ਵਿੱਚ ਅਸੀਂ ਭਾਗੀਦਾਰ ਤਾਂ ਨਹੀਂ । ਇਸ ਵੱਲ ਵੀ ਸਾਨੂੰ ਧਿਆਨ ਦੇਣ ਦੀ ਲੋੜ ਹੈ ਜਾਂ ਫਿਰ ਇਹ ਕਹਿ ਕੇ ਹੱਸ ਛੱਡਿਆ ਜਾਏ ਕਿ ਅਸੀਂ ਤਾਂ ਲੌਣੇ ਸੀ ਲਾ ਦਿਤੇ ਜੀਹਨੂੰ ਦੁੱਖ ਹੈ ਪੁੱਟ ਕੇ ਸੁੱਟ ਦੇਵੇ। ਸਾਡੇ ਵਾਰਡ ਵਿੱਚ ਸੰਧੂ, ਸੰਘੇੜਾ ਤੇ ਬਾਵਾ ਮੋਹਰੀ ਹਨ। ਹਰ ਕੋਈ ਕਹਿੰਦਾ ਹੈ ਕਨੇਡਾ ਹੁਣ ਬਹੁਤ ਬਦਲ ਗਿਆ। ਪਰ ਇਹ ਨਹੀਂ ਕਹਿੰਦਾ ਕਿ ਸੋਚਣਾ ਬਣਦਾ ਹੈ ਕਿਤੇ ਅਸੀਂ ਵੀ ਭਾਗੀਦਾਰ ਤਾਂ ਨਹੀਂ। ਇਸੇ ਤਰਾਂ ਸਾਰੇ ਸ਼ਹਿਰ ਵਿੱਚ ਗੱਲਾਂ ਸੁਣੀਦੀਆ ਹਨ। ਚੋਣਾਂ ਤੋਂ ਬਾਅਦ ਵੀ ਬਹੁਤ ਥਾਵਾਂ ਤੇ ਉਵੇਂ ਸਾਈਨ ਲੱਗੇ ਰਹਿੰਦੇ ਹਨ ਜੋ ਘਰਾਂ ਵਾਲਿਆਂ ਵਾਸਤੇ ਸਮੱਸਿਆ ਬਣ ਜਾਂਦੀ ਹੈ। ਸੜਕਾਂ ਤੇ ਰੁਲਦੇ ਰਹਿੰਦੇ ਹਨ। ਸਾਰੇ ਨਹੀਂ ਕੁੱਝ ਗੈਰਜ਼ਿੰਮੇਵਾਰੀ ਵਿਖਾਉਂਦੇ ਹਨ ਜੋ ਉਚਿਤ ਨਹੀਂ ਲੱਗਦਾ । ਸੱਭ ਨੂੰ ਸ਼ੁਭ ਇਛਾਵਾਂ ਜਿੱਤ ਕੇ ਆਉ ਫਰਜ਼ (ਮਨੁੱਖੀ ਧਰਮ) ਨਿਭਾਉਣਾ।

# ਕੱਟੜਪੰਥੀ ਵਹਿਣ ਦੇ ਵਿਰੁੱਧ ਬੋਲਣ ਦਾ ਮਹੂਰਤ ਨਿਕਲੇਗਾ ਕਦੋਂ !

ਜਤਿੰਦਰ ਪਨੂੰ ਦੀ ਕਲਮ ਤੋਂ

ਉੱਕੀ-ਪੁੱਕੀ ਹਰ ਤਰ੍ਹਾਂ ਦੀ ਸੰਪੂਰਨ ਆਜ਼ਾਦੀ ਦੀ ਗੱਲ ਕਰਨਾ ਸਮਝਦਾਰੀ ਨਹੀਂ ਕਿਹਾ ਜਾ ਸਕਦਾ, ਕੁਝ ਹੱਦਾਂ ਤਾਂ ਹਰ ਆਜ਼ਾਦੀ ਦੇ ਨਾਲ ਸਮਾਜ ਨੂੰ ਚੱਲਦਾ ਰੱਖਣ ਲਈ ਮੰਨਣੀਆਂ ਹੀ ਪੈਣਗੀਆਂ। ਮਿਸਾਲ ਵਜੋਂ ਇਹ ਨਹੀਂ ਕਿਹਾ ਜਾ ਸਕਦਾ ਕਿ ਸੜਕ ਉੱਤੇ ਖੱਬੇ ਪਾਸੇ ਚੱਲੋ ਜਾਂ ਸੱਜੇ ਪਾਸੇ, ਤੁਹਾਡੀ ਮਰਜ਼ੀ ਹੀ ਹੋਵੇਗੀ, ਕਿਉਂਕਿ ਹਰ ਕੋਈ ਇਸ ਤਰ੍ਹਾਂ ਮਰਜ਼ੀ ਨਾਲ ਖੱਬੇ ਜਾਂ ਸੱਜੇ ਗੱਡੀ ਚਲਾਉਣ ਲੱਗ ਪਿਆ ਤਾਂ ਹਾਦਸੇ ਹੁੰਦੇ ਰਹਿਣਗੇ, ਘਰ ਪਹੁੰਚਣ ਵਾਲੀ ਆਸ ਹੀ ਨਹੀਂ ਰਹਿ ਜਾਵੇਗੀ। ਕੋਈ ਕਹੇ ਕਿ ਪੁਲਸ ਕਿਸੇ ਨੂੰ ਨਹੀਂ ਰੋਕੇਗੀ, ਹਰ ਕਿਸੇ ਨੂੰ ਹਰ ਤਰ੍ਹਾਂ ਕਰਨ ਦੀ ਖੁੱਲ੍ਹ ਹੈ ਤਾਂ ਅੱਜ ਸ਼ਾਮ ਤੱਕ ਕਈ ਲੋਕਾਂ ਦੀਆਂ ਧੀਆਂ-ਭੈਣਾਂ ਆਪਣੇ ਘਰ ਨਹੀਂ ਮੁੜਨ ਦਿੱਤੀਆਂ ਜਾਣਗੀਆਂ ਤੇ ਗੁੰਡਿਆਂ ਦੇ ਗੈਂਗ ਰਾਹਾਂ ਵਿੱਚੋਂ ਚੁੱਕ ਕੇ ਲੈ ਜਾਣਗੇ। ਵੱਡੇ-ਵਡੇਰਿਆਂ ਨੇ ਸਮਾਜ ਚੱਲਦਾ ਰੱਖਣ ਲਈ ਕੁਝ ਨਿਯਮ ਬਣਾਏ ਸਨ ਤਾਂ ਹਰ ਦੇਸ਼ ਅੱਜ ਤੱਕ ਉਨ੍ਹਾਂ ਨਿਯਮਾਂ ਕਾਰਨ ਚੱਲੀ ਜਾਂਦਾ ਹੈ, ਅਜੋਕੀਆਂ ਸਰਕਾਰਾਂ ਨਹੀਂ ਚਲਾ ਰਹੀਆਂ। ਨਿਯਮ ਉਨ੍ਹਾਂ ਵੱਡਿਆਂ ਨੂੰ ਕਿਸੇ ਗੈਬੀ ਤਾਕਤ ਨੇ ਅੱਧੀ ਰਾਤ ਸੁਫਨੇ ਵਿੱਚ ਆ ਕੇ ਨਹੀਂ ਸੀ ਸਮਝਾਏ, ਉਨ੍ਹਾਂ ਆਪਣੇ ਨਾਲ ਵਾਪਰੇ ਚੰਗੇ ਜਾਂ ਮਾੜੇ ਵਰਤਾਰਿਆਂ ਦੀ ਅਕਲ ਤੋਂ ਆਪਸੀ ਸਹਿਮਤੀ ਨਾਲ ਬਣਾਏ ਸਨ।ਇਨ੍ਹਾਂ ਨਿਯਮਾਂ ਦੇ ਬੰਧੇਜਇਕੱਲੇ ਇਨਸਾਨਉੱਤੇ ਹੀ ਲਾਗੂ ਨਹੀਂ, ਜਾਨਵਰ ਵੀ ਕੁਝ ਨਿਯਮਾਂ ਨਾਲ ਚੱਲਦੇ ਹਨਅਤੇ ਜਿਹੜਾ ਜਾਨਵਰ ਆਪਣੇ ਕੁਟੰਬ ਦੇ ਨਿਯਮਾਂ ਉੱਤੇ ਨਹੀਂ ਚੱਲਦਾ, ਉਸ ਨੂੰ ਬਾਕੀ ਜਾਨਵਰ ਸਜ਼ਾ ਦੇਂਦੇ ਵੇਖੇ ਜਾਂਦੇ ਹਨ। ਜੰਗਲੀ ਜਾਨਵਰਾਂ ਦਾ ਜੀਵਨ ਵਿਖਾਉਣ ਵਾਲੇ ਇੱਕ ਚੈਨਲ ਨੇ ਵਿਖਾਇਆ ਸੀ ਕਿ ਇੱਕ ਹਾਥੀ ਬਾਕੀਆਂ ਨੂੰ ਤੰਗ ਕਰਨੋਂ ਨਹੀਂ ਸੀ ਹਟਦਾ ਤਾਂ ਉਹ ਕੁਝ ਚਿਰ ਉਸ ਦੀ ਮਸਤੀ ਨੂੰ ਅੱਖੋਂ ਪਰੋਖਾ ਕਰਦੇ ਰਹੇ, ਫਿਰ ਸਾਰੇ ਜਣੇ ਉਸ ਨੂੰ ਘੇਰੇ ਵਿੱਚ ਲੈ ਕੇ ਖੜੋ ਗਏ ਅਤੇ ਇੱਕ ਸੀਨੀਅਰ ਹਾਥੀ ਉਸ ਨੂੰ ਟੱਕਰਾਂ ਮਾਰਨ ਲੱਗ ਪਿਆ ਤੇ ਉਹਦੇ ਮਰਨ ਤੱਕ ਮਾਰਦਾ ਰਿਹਾ ਸੀ। ਇਹ ਉਸ ਸਮਾਜ ਵਿੱਚ ਇੱਕ ਵਿਗੜੇ ਹੋਏ ਭਾਈਵਾਲ ਨੂੰ ਸਜ਼ਾ ਦੇਣ ਦਾ ਆਪਣਾ ਢੰਗ ਸੀ ਅਤੇ ਏਦਾਂ ਦਾ ਢੰਗ ਚਿੜੀਆਂ-ਕਾਵਾਂ ਵਿੱਚ ਵੀ ਮਿਲਦਾ ਕਿਹਾ ਜਾਂਦਾ ਹੈ, ਮਨੁੱਖੀ ਸਮਾਜ ਏਦਾਂ ਦੇ ਬੰਧੇਜ ਵਾਲੇ ਨਿਯਮਾਂ ਤੋਂ ਬਗੈਰ ਚੱਲ ਸਕੇਗਾ, ਇਹ ਸੋਚਣਾ ਵੀ ਬੇਵਕੂਫੀ ਹੈ।

ਮੁਸ਼ਕਲ ਓਦੋਂ ਹੁੰਦੀ ਹੈ, ਜਦੋਂ ਵਿਸ਼ੇਸ਼ ਨਿਯਮ ਬਣਾ ਕੇ ਉਨ੍ਹਾਂ ਵਿੱਚ ਕੁਝ ਖੁੱਲ੍ਹਾਂ ਸਮਾਜ ਨੇ ਖੁਦ ਦਿੱਤੀਆਂ ਹੋਣ ਤੇ ਕੋਈ ਉਨ੍ਹਾਂ ਮਿਲੀਆਂ ਹੋਈਆਂ ਖੁੱਲ੍ਹਾਂ ਮੁਤਾਬਕ ਆਜ਼ਾਦੀ ਨਾਲ ਕਦਮ ਪੁੱਟਣਾ ਚਾਹੇ ਤੇ ਸਮਾਜ ਪੁੱਟਣ ਨਹੀਂ ਦੇਂਦਾ, ਸਗੋਂ ਉਸ ਨੂੰ ਦੋਸ਼ੀ ਵਾਂਗ ਵੇਖਦਾ ਅਤੇ ਜ਼ਲੀਲ ਕਰਨ ਤੋਂ ਮਾਰ ਦੇਣ ਤੱਕ ਚਲਾ ਜਾਂਦਾ ਹੈ। ਅਸੀਂ ਉਨ੍ਹਾਂ ਦੇਸ਼ਾਂ ਬਾਰੇ ਕੁਝ ਨਹੀਂ ਕਹਿਣਾ ਚਾਹੁੰਦੇ, ਜਿਨ੍ਹਾਂ ਵਿੱਚ ਬਾਕਾਇਦਾ ਤੌਰ ਉੱਤੇ ਇੱਕ ਖਾਸ ਧਰਮ ਦਾ ਰਾਜ ਚੱਲਦਾ ਹੁੰਦਾ ਹੈ, ਓਥੇ ਧਰਮ ਦੀਆਂ ਸੰਵਿਧਾਨਕ ਹੱਦਾਂ ਵੀ ਕੋਈ ਨਹੀਂ ਹੁੰਦੀਆਂ ਅਤੇ ਉਸ ਧਰਮ ਦੇ ਅਨਪੜ੍ਹ ਜਾਂ ਅੱਧ-ਪੜ੍ਹ ਆਗੂ ਖੁਦ ਹੀ ਹੱਦਾਂ ਮਿਥ ਕੇ ਲਾਗੂ ਕਰਨ ਦਾ ਠੇਕਾ ਚੁੱਕ ਬਹਿੰਦੇ ਹਨ। ਗੱਲ ਭਾਰਤ ਵਰਗੇ ਉਨ੍ਹਾਂ ਦੇਸ਼ਾਂ ਦੀ ਹੈਰਾਨੀ ਵਾਲੀ ਹੈ, ਜਿੱਥੇ ਸੰਵਿਧਾਨ ਵਿੱਚ ਹੱਦਾਂ ਮਿਥੀਆਂ ਹਨ, ਪਰ ਉਨ੍ਹਾਂ ਹੱਦਾਂ ਉੱਤੇ ਚੱਲਣ ਦੀ ਖੁੱਲ੍ਹ ਦੇਣ ਦੀ ਥਾਂ ਸਮਾਜ ਦੇ ਅਣਪੜ੍ਹ ਜਾਂ ਕੁਝ ਅੱਧ-ਪੜ੍ਹ ਜਿਹੇ ਠੇਕੇਦਾਰ ਆਪਣੀ ਮਰਜ਼ੀ ਨੂੰ ਸਮਾਜੀ ਨਿਯਮ ਦਾ ਦਰਜਾ ਦੇਣ ਲੱਗਦੇ ਹਨ। ਭਾਰਤੀ ਸੰਵਿਧਾਨ ਸਾਨੂੰ ਕਿਸੇ ਵੀ ਧਰਮ ਨੂੰ ਆਪਣੀ ਮਰਜ਼ੀ ਮੁਤਾਬਕ ਮੰਨਣ ਤੇ ਚੱਲਣ ਦਾ ਹੱਕ ਦੇਂਦਾ ਹੈ, ਪਰ ਸਮਾਜ ਵਿੱਚ ਏਦਾਂ ਕਰਨਾ ਵੀ ਔਖਾ ਹੋਇਆ ਪਿਆ ਹੈ। ਪਹਿਲੀ ਗੱਲ ਤਾਂ ਇਹੋ ਮੁਸ਼ਕਲ ਹੈ ਕਿ ਕੋਈ ਆਪਣੀ ਮਰਜ਼ੀ ਦਾ ਧਰਮ ਚੁਣ ਸਕੇ ਅਤੇ ਫਿਰ ਉਸ ਮੁਤਾਬਕ ਜੀਵਨ ਗੁਜ਼ਾਰ ਸਕੇ। ਏਥੇ ਮਨੁੱਖ ਵੱਲੋਂ ਮਰਜ਼ੀ ਦਾ ਧਰਮ ਚੁਣਨ ਨੂੰ ਧਰਮ-ਤਬਦੀਲੀ ਕਹਿ ਕੇ ਏਦਾਂ ਭੰਡਿਆ ਜਾਂਦਾ ਹੈ, ਜਿਵੇਂ ਉਸ ਵਿਅਕਤੀ ਨੇ ਕੋਈ ਜੱਗੋਂ ਤੇਰ੍ਹਵਾਂ ਗੈਰ-ਇਨਸਾਨੀ ਕੰਮ ਕਰ ਦਿੱਤਾ ਹੋਵੇ। ਪੁਰਾਤਨ ਸਮਿਆਂ ਵਿੱਚ ਜਦੋਂ ਅਤੇ ਜਿੱਥੇ ਵੀ ਕੋਈ ਨਵਾਂ ਧਰਮ ਸ਼ੁਰੂ ਹੋਇਆ, ਪਹਿਲਿਆਂ ਨੂੰ ਚੰਗਾ ਕਦੇ ਨਹੀਂ ਲੱਗਾ ਤੇ ਏਸੇ ਲਈ ਨਵੇਂ ਧਰਮਾਂ ਨਾਲ ਪੁਰਾਣਿਆਂ ਦੇ ਵਿਰੋਧ ਕਾਰਨ ਜੰਗਾਂ ਹੁੰਦੀਆਂ ਸਨ, ਪਰ ਉਹ ਮੱਧ ਯੁਗੀ ਗੱਲਾਂ ਅੱਜ ਉਨ੍ਹਾਂ ਦੇਸ਼ਾਂ ਵਿੱਚ ਨਹੀਂ ਹੋਣੀਆਂ ਚਾਹੀਦੀਆਂ, ਜਿੱਥੇ ਲੋਕਤੰਤਰੀ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ। ਇਹ ਗੱਲਾਂ ਅੱਜ ਤੱਕ ਓਥੇ ਹੋਈ ਜਾਂਦੀਆਂ ਹਨ। ਹਰ ਧਰਮ ਵਿੱਚ ਕੁਝ ਚੰਗਿਆਈਆਂ ਹੋ ਸਕਦੀਆਂ ਹਨ ਅਤੇ ਹਰ ਇੱਕ ਧਰਮ ਵਿੱਚ ਸਮੇਂ ਨਾਲ ਕੁਝ ਵਿਗਾੜ ਆ ਸਕਦੇ ਹਨ, ਜਿਨ੍ਹਾਂ ਤੋਂ ਅੱਕ ਕੇ ਕੋਈ ਵਿਅਕਤੀ ਆਪਣੀ ਸੋਚ ਨੂੰ ਕਿਸੇ ਹੋਰ ਪਾਸੇ ਮੋੜ ਸਕਦਾ ਹੈ, ਪਰ ਸੰਵਿਧਾਨਕ ਖੁੱਲ੍ਹਾਂ ਦੇ ਬਾਵਜੂਦ ਇਹ ਗੱਲ ਪ੍ਰਵਾਨ ਨਹੀਂ ਕੀਤੀ ਜਾ ਰਹੀ, ਭਾਰਤ ਵਰਗੇ ਦੇਸ਼ ਵਿੱਚ ਵੀ ਇਸਦਾ ਮਾਰਨ ਤੱਕ ਵਿਰੋਧ ਕੀਤਾ ਜਾਂਦਾ ਹੈ।

## ਕਹਿਣ ਨੂੰ ਅਸੀਂ ਆਧੁਨਿਕ ਯੁੱਗ ਵਿੱਚ ਹਾਂ ਪਰ ਮੱਧ ਯੁੱਗ ਵੱਧ ਖੁੱਲ੍ਹਾਂ ਦੇਣ ਵਾਲਾ ਸੀ

ਕਹਿਣ ਨੂੰ ਅਸੀਂ ਆਧੁਨਿਕ ਯੁੱਗ ਵਿੱਚ ਹਾਂ, ਪਰ ਕਈ ਵਾਰੀ ਮਨ ਵਿੱਚ ਆਉਂਦਾ ਹੈ ਕਿ ਇਸ ਤੋਂ ਮੱਧ ਯੁੱਗ ਵੱਧ ਖੁੱਲ੍ਹਾਂ ਦੇਣ ਵਾਲਾ ਸੀ, ਪਿਛਲੀ ਸਦੀ ਤੱਕ ਵੀ ਠੀਕ ਸੀ, ਜਦੋਂ ਅਲਾਮਾ ਇਕਬਾਲ ਦੇ ਵਡੇਰਿਆਂ ਨੂੰ ਵੀ ਇਹ ਖੁੱਲ੍ਹ ਸੀ ਕਿ ਆਪਣਾ ਧਰਮ ਤਬਦੀਲ ਕਰ ਸਕਣ। ਅੱਜ ਹਾਲਾਤ ਇਹਹਨ ਕਿ ਹਰ ਵਿਅਕਤੀ ਇਹ ਕਹਿੰਦਾ ਜਾਪ ਰਿਹਾ ਹੈ ਕਿ ਮੇਰਾ ਧਰਮ ਸਾਰਿਆਂ ਤੋਂ ਵਧੀਆ ਹੈ, ਰੱਬ ਦਾ ਜਿਹੜਾ ਨਾਂਅ ਮੇਰੇ ਧਰਮ ਵਿੱਚ ਹੈ, ਉਹ ਨਾਂਅ ਅਸਲੀ ਹੈ ਤੇ ਬਾਕੀ ਸਾਰੇ ਲੋਕ ਮੇਰੇ ਵਾਲੇ ਧਰਮ ਵਿੱਚ ਆ ਕੇ ਰਲ ਜਾਣ ਤਾਂ ਠੀਕ ਹੈ, ਜਿਹੜਾ ਕੋਈ ਮੇਰੇ ਧਰਮ ਨੂੰ ਛੱਡੇ ਜਾਂ ਮੇਰੇ ਧਰਮ ਵਿੱਚ ਚੱਲਦੇ ਰੱਬ ਦੇ ਨਾਂਅ ਤੋਂ ਵੱਖਰਾ ਨਾਂਅ ਲਵੇਗਾ, ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਹਰ ਦੇਸ਼ ਦੀ ਬਹੁ-ਗਿਣਤੀ ਆਪਣੇ ਦੇਸ਼ ਦੀ ਸਰਕਾਰ ਨੂੰ ਵੋਟਾਂ ਦੇ ਟੋਕਰੇ ਵਿਖਾ ਕੇ ਬਲੈਕਮੇਲ ਕਰਨ ਦਾ ਯਤਨ ਕਰਦੀ ਹੈ ਤੇ ਭਾਰਤ ਵਰਗੇ ਦੇਸ਼ਾਂ ਵਿੱਚ ਤਾਂ ਉਹ ਲੋਕ ਆਪਣੀ ਮਰਜ਼ੀ ਦੀ ਪੈਰਵੀ ਕਰਨ ਵਾਲੀ ਸਰਕਾਰ ਬਣਾਉਣ ਵਿੱਚ ਸਫਲ ਹੋ ਸਕਦੇ ਹਨ। ਪਹਿਲਾਂ ਗਵਾਂਢ ਦੇ ਦੇਸ਼ਾਂ ਵਿੱਚ ਇਸ ਤਰ੍ਹਾਂ ਹੁੰਦਾ ਸੀ, ਅੱਜ ਭਾਰਤ ਵਿੱਚ ਵੀ ਬਹੁ-ਗਿਣਤੀ ਦਾ ਧਰਮ ਧੌਂਸ ਦੇ ਨਾਲ ਮਨਾਇਆ ਜਾਣ ਦਾ ਕੰਮ ਸ਼ੁਰੂ ਹੋ ਗਿਆ ਹੈ। ਸਰਕਾਰੀ ਮਸ਼ੀਨਰੀ ਬਹੁ-ਗਿਣਤੀ ਦੇ ਦਬਾਅ ਹੇਠ ਰਹਿੰਦੀ ਹੈ। ਇਸ ਦੀ ਥਾਂ ਇਹ ਕਹਿਣਾ ਵੱਧ ਠੀਕ ਲੱਗਦਾ ਹੈ ਕਿ ਸਰਕਾਰੀ ਮਸ਼ੀਨਰੀ ਵਿੱਚ ਵੀ ਬਹੁ-ਗਿਣਤੀ ਧਰਮ ਵਾਲੇ ਲੋਕ ਵੱਧ ਹੋਣ ਕਾਰਨ ਉਹ ਸੰਵਿਧਾਨਕ ਫਰਜ਼ ਦੀ ਪਾਲਣਾ ਕਰਨ ਦੀ ਥਾਂ ਆਪਣੀ ਵਰਦੀ ਵਾਲਾ 'ਆਪਣਾ ਧਰਮ' ਨਹੀਂ, ਮਾਪਿਆਂ ਤੋਂ ਮਿਲੇ ਹੋਏ ਧਰਮ ਨਿਭਾਉਣ ਨੂੰ ਪਹਿਲ ਦੇਂਦੇ ਹਨ। ਨਤੀਜੇ ਵਜੋਂ ਹਰ ਧਰਮ ਬਾਕੀ ਧਰਮਾਂ ਨਾਲੋਂਆਪਣੀ ਅਗੇਤ ਮੰਨਣ ਕਾਰਨ ਭਾਰਤ ਦੇ ਸਮਾਜ ਵਿੱਚ ਉਲਝਣਾਂ ਅਤੇ ਔਕੜਾਂ ਦਾ ਕਾਰਨ ਬਣਦੇ ਲੋਕਾਂ ਦੀ ਧਾੜ ਪੈਦਾ ਕਰਦਾ ਜਾਪਣ ਲੱਗਾ ਹੈ। 'ਸਰਬ ਧਰਮ ਸੰਭਾਵ' ਵਰਗੀ ਕਾਨੂੰਨੀ ਮਾਨਤਾ ਸਿਰਫ ਸ਼ਬਦਾਂ ਵਿੱਚ ਲਿਖੀ ਰਹਿ ਗਈ ਹੈ। ਸਮਾਜ ਨੂੰ ਆਪਣੇ ਢੰਗ ਨਾਲ ਚਲਾਉਣ ਦੀ ਇੱਛਾ ਕਿਸੇ ਵੀ ਧਿਰ ਜਾਂ ਧੜੇ ਦੀ ਹੋ ਸਕਦੀ ਹੈ, ਪਰ ਸਮਾਜ ਦੇ ਬਾਕੀ ਲੋਕਾਂ ਦੀ ਇੱਛਾ ਬਾਰੇ ਵੀ ਵੇਖਣਾ ਪਵੇਗਾ।



ਅਸੀਂ ਲੋਕਾਂ ਨੇ ਥੋੜ੍ਹੇ ਦਿਨ ਪਹਿਲਾਂ ਈਰਾਨ ਵਿੱਚ ਮਾਹਸਾ ਅਮੀਨੀ ਨਾਂਅ ਦੀ ਕੁੜੀ ਵਾਲਾ ਦੁਖਾਂਤ ਵਾਪਰਨ ਵਾਲੀ ਖਬਰ ਪੜ੍ਹੀ ਅਤੇ ਫਿਰ ਇਸ ਕਾਰਨ ਉਸ ਦੇਸ਼ ਦੇ ਅੰਦਰ ਹਾਲਾਤ ਵਿਗੜਦੇ ਵੇਖੇ ਹਨ। ਜਿਹੜੇ ਈਰਾਨ ਵਿੱਚਕਿਸੇ ਸਮੇਂ ਸਾਰੀ ਜਨਤਾ ਧਾਰਮਿਕ ਆਗੂ ਆਇਤੁਲਾ ਰੂਹੋਅੱਲ੍ਹਾ ਖੁਮੀਨੀ ਦੇ ਪਿੱਛੇ ਆਪਣੇ ਧਰਮ ਦੀ ਪਾਲਣਾ ਨੂੰ ਅਗੇਤ ਦੇਣ ਲਈ ਹਰ ਹੱਦ ਤੱਕ ਜਾਣ ਨੂੰ ਤਿਆਰ ਹੁੰਦੀ ਸੀ, ਅਜੋਕੇ ਪੜਾਅ ਉੱਤੇ ਜਦੋਂ ਧੱਕੇ ਨਾਲ ਕੱਟੜਪੰਥੀ ਨਿਯਮ ਪਾਲਣ ਲਈ ਕਿਹਾ ਜਾਣ ਲੱਗ ਪਿਆ ਤਾਂ ਉਸੇ ਦੇਸ਼ ਦੇ ਲੋਕ ਇਸ ਨੂੰ ਬਰਦਾਸ਼ਤ ਦੀ ਹੱਦ ਤੋਂ ਬਾਹਰਾ ਮੰਨਣ ਲੱਗੇ ਹਨ। ਜਿਹੜੇ ਭਾਰਤ ਦੇਸ਼ ਦੀ ਪ੍ਰੰਪਰਾ ਵੱਖੋ-ਵੱਖ ਧਾਰਮਿਕ ਵਿਸ਼ਵਾਸਾਂ ਦੇ ਹੁੰਦਿਆਂ ਮਿਲ ਕੇ ਰਹਿਣ ਦੀ ਰਹੀ ਹੈ, ਜੇ ਉਸ ਵਿੱਚ ਵੀ ਆਮ ਲੋਕਾਂ ਨੂੰ ਇੱਕ ਜਾਂ ਦੂਸਰੇ ਧਰਮ ਦੀ ਧੌਂਸ ਦਿੱਤੀ ਜਾਣ ਲੱਗ ਪਈ ਤਾਂ ਇੱਕ ਪੜਾਅ ਤੱਕ ਲੋਕ ਇਸ ਖੇਡ ਵਿੱਚ ਬੇਸ਼ੱਕ ਸ਼ਾਮਲ ਹੋ ਜਾਣ, ਬਹੁਤਾ ਚਿਰ ਇਸ ਵਹਿਣ ਵਿੱਚ ਵਗਦੇ ਨਹੀਂ ਰਹਿਣਗੇ। ਔਕੜ ਇਹ ਹੈ ਕਿ ਜਦੋਂ ਆਮ ਲੋਕ ਇਸ ਵਹਿਣ ਵਿੱਚ ਵਗਣਾ ਗਲਤ ਸਮਝਣ ਲੱਗਦੇ ਹਨ, ਓਦੋਂ ਤੱਕ ਬੜੀ ਦੇਰ ਹੋ ਚੁੱਕੀ ਹੁੰਦੀ ਹੈ ਤੇ ਫਿਰ ਲਾਂਭੇ ਹੋਣ ਲਈ ਰਾਹ ਲੱਭ ਸਕਣਾ ਔਖਾ ਹੋ ਜਾਂਦਾ ਹੈ। ਸਾਡੇ ਗਵਾਂਢ ਪਾਕਿਸਤਾਨ ਵਰਗੇ ਦੇਸ਼ਾਂ ਵਿੱਚ ਆਮ ਲੋਕ ਏਸੇ ਔਕੜ ਵਿੱਚ ਫਸੇ ਹੋਏ ਹਨ, ਵਹਿਣ ਨਾਲ ਵਗਣਾ ਔਖਾ ਹੈ, ਪਰ ਵਹਿਣ ਦੇ ਖਿਲਾਫ ਸਿਰ ਚੁੱਕ ਕੇ ਵੇਖਣਾ ਗੁਸਤਾਖੀ ਮੰਨੀ ਜਾਣ ਦਾ ਡਰ ਹੁੰਦਾ ਹੈ ਤੇ ਧਰਮ ਦੇ ਖਿਲਾਫ ਗੁਸਤਾਖੀ ਦੀ ਇੱਕੋ ਇੱਕ ਸਿਖਰਲੀ ਸਜ਼ਾ ਮੌਤ ਰੱਖੀ ਜਾਂਦੀ ਹੈ। ਈਰਾਨ ਦੀ ਕੁੜੀ ਮਾਹਸਾ ਅਮੀਨੀ ਨਾਲ ਵੀ ਇਹੋ ਹੋਇਆ, ਉਸ ਨਾਲ ਵਾਪਰੀ ਜ਼ਿਆਦਤੀ ਖਿਲਾਫ ਰੋਸ ਕਰਦਿਆਂ ਨਾਲ ਵੀ ਇਹੋ ਵਾਪਰ ਰਿਹਾ ਹੈ ਤੇ ਜਿਹੜੇ ਲੋਕ ਵਕਤ ਗੁਆਉਣ ਪਿੱਛੋਂ ਏਦਾਂ ਦੇ ਵਹਿਣ ਖਿਲਾਫ ਭਾਰਤ ਵਿੱਚ ਉਠੇ ਉਬਾਲਿਆਂ ਵਿਰੁੱਧ ਮੂੰਹ ਖੋਲ੍ਹਣਾ ਚਾਹੁਣਗੇ, ਉਨ੍ਹਾਂ ਨੂੰ ਵੀ ਸਮਾਂ ਓਦੋਂ ਕੋਈ ਰਾਹ ਨਹੀਂ ਦੇਣ ਲੱਗਾ। ਬੜੇ ਲੋਕਕਹਿੰਦੇ ਹਨ ਕਿ ਉਨ੍ਹਾਂ ਕਦੀ ਝੂਠ ਨਹੀਂ ਬੋਲਿਆ, ਪਰ ਇਹ ਕੋਈ ਵੱਡੀ ਗੱਲ ਨਹੀਂ, ਦੱਸਣਾ ਹੈ ਤਾਂ ਇਹ ਦੱਸਣ ਕਿ ਜਦੋਂ ਬੋਲਣ ਦੀ ਲੋੜ ਸੀ, ਓਦੋਂ ਜ਼ਬਾਨ ਖੋਲ੍ਹੀ ਸੀ ਕਿ ਨਹੀਂ? ਜੇ ਓਦੋਂ ਜ਼ਬਾਨ ਖੋਲ੍ਹੀ ਨਹੀਂ ਸੀ ਤਾਂ ਇਸ ਗੱਲ ਦਾ ਸਿਹਰਾ ਵੀ ਲੈਣਾ ਔਖਾ ਹੋਵੇਗਾ ਕਿ ਅਸੀਂ ਕਦੀ ਝੂਠ ਨਹੀਂ ਬੋਲਿਆ, ਤੇ ਇਹ ਸਵਾਲ ਉਨ੍ਹਾਂ ਸਾਰਿਆਂ ਲੋਕਾਂ ਸਾਹਮਣੇ ਹੈ, ਜਿਹੜੇ ਗੱਲਾਂ ਬਹੁਤ ਕਰਦੇ ਹਨ, ਦੂਜਿਆਂ ਨੂੰ ਕੁਝ ਕਰਨ ਨੂੰ ਕਹਿੰਦੇ ਅਤੇ ਉਨ੍ਹਾਂ ਨੂੰ ਸ਼ਾਬਾਸ਼ ਦੇ ਛੱਡਣਾ ਵੀਬਹੁਤ ਮੰਨਦੇ ਹਨ, ਪਰ ਖੁਦ ਉਹ ਕਦੇ ਕੁਝ ਬੋਲਦੇ ਹੀ ਨਹੀਂ।

# ਵਿਰਾਸਤੀ ਵਸਤਾਂ ਇਕੱਠੀਆਂ ਕਰਨ ਦਾ ਸ਼ੌਕੀਨ: ਤਸਵਿੰਦਰ ਸਿੰਘ ਬੜੈਚ

ਉਜਾਗਰ ਸਿੰਘ

ਹਰ ਇਨਸਾਨ ਵਿੱਚ ਕੋਈ ਇਕ ਖਾਸ ਗੁਣ ਅਤੇ ਜ਼ਿੰਦਗੀ ਵਿੱਚ ਸ਼ੌਕ ਹੁੰਦਾ ਹੈ। ਉਹ ਗੁਣ ਅਤੇ ਸ਼ੌਕ ਕਿਸੇ ਵੀ ਰੂਪ ਵਿੱਚ ਪ੍ਰਗਟ ਹੋ ਸਕਦਾ ਹੈ। ਸ਼ੌਕ ਦਾ ਕੋਈ ਮੁੱਲ ਵੀ ਨਹੀਂ ਹੁੰਦਾ। ਉਸ ਨੂੰ ਸੰਭਾਲਣਾ ਇਨਸਾਨ ਦੇ ਵਸ ਵਿੱਚ ਹੁੰਦਾ ਹੈ ਕਿ ਉਸ ਨੇ ਉਸ ਦਾ ਸਦਉਪਯੋਗ ਕਿਵੇਂ ਕਰਨਾ ਹੈ। ਲੁਧਿਆਣਾ ਜਿਲ੍ਹੇ ਦੀ ਸਮਰਾਲਾ ਤਹਿਸੀਲ ਦੇ ਪਿੰਡ ਦੀਵਾਲਾ ਵਿਖੇ ਇਕ ਨੌਜਵਾਨ ਤਸਵਿੰਦਰ ਸਿੰਘ ਬੜੈਚ ਵਿੱਚ ਪੁਰਤਤਵ ਵਿਰਾਸਤੀ ਵਸਤਾਂ ਨੂੰ ਇਕੱਠੀਆਂ ਕਰਕੇ ਸਾਂਭਣ ਦਾ ਗੁਣ ਅਤੇ ਸ਼ੌਕ ਕੁਦਰਤ ਨੇ ਉਸ ਨੂੰ ਦਿੱਤਾ ਹੈ। ਪਰੰਤੂ ਉਸ ਦੇ ਮੱਧ ਵਰਗੀ ਕਿਸਾਨ ਦਾ ਮੈਂਬਰ ਹੋਣ ਕਰਕੇ ਆਰਥਿਕ ਔਕੜਾਂ ਸ਼ੌਕ ਨੂੰ ਪੂਰਾ ਕਰਨ ਦੇ ਰਾਹ ਵਿੱਚ ਪਹਾੜ ਦੀ ਤਰ੍ਹਾਂ ਖੜ੍ਹੀਆਂ ਹੋ ਗਈਆਂ ਸਨ ਪਰੰਤੂ ਉਸ ਨੇ ਹੌਸਲਾ ਨਹੀਂ ਹਾਰਿਆ। ਸਹਿਜਤਾ ਨਾਲ ਆਪਣੇ ਸ਼ੌਕ ਦੀ ਪੂਰਤੀ ਲਈ ਜੁਟਿਆ ਰਿਹਾ। ਫਿਰ ਉਸ ਨੇ ਆਪਣੇ ਘਰ ਵਿੱਚ ਹੀ ਇਕ ਛੋਟਾ ਜਿਹਾ ਪੁਰਾਤਤਵ ਪੰਜਾਬੀ ਵਿਰਾਸਤੀ ਵਸਤਾਂ ਦਾ ' ਮਿੰਨੀ ਅਜਾਇਬ ਘਰ' ਸਥਾਪਤ ਕਰ ਲਿਆ, ਜਿਸ ਦਾ ਨਾਮ ਉਸਨੇ 'ਬਾਬਾ ਨੰਦ ਸਿੰਘ ਬੜੈਚ' ਪਿੰਡ ਦੀਵਾਲਾ ਰੱਖਿਆ ਹੈ। ਅਸਲ ਵਿੱਚ ਇਹ 'ਲੋਕ ਅਜਾਇਬ ਘਰ' ਹੈ ਕਿਉਂਕਿ ਇਸ ਨੂੰ ਕਦੀ ਵੀ ਕੋਈ ਆ ਕੇ ਵੇਖ ਸਕਦਾ ਹੈ। ਕੋਈ ਸਮਾਂ ਨਿਸਚਤ ਨਹੀਂ ਹੈ ਕਿਉਂ ਕਿ ਘਰ ਵਿੱਚ ਹੀ ਹੋਣ ਕਰਕੇ ਹਮੇਸ਼ਾ ਲਈ ਖੁਲ੍ਹਾ ਰਹਿੰਦਾ ਹੈ। ਸ਼ੌਕ ਮਨੁੱਖ ਦੀ ਸੋਚ ਦਾ ਲਖਾਇਕ ਹੁੰਦਾ ਹੈ। ਸ਼ੌਕ ਵੀ ਅਨੇਕ ਕਿਸਮ ਦੇ ਅਵੱਲੜੇ ਉਸਾਰੂ ਅਤੇ ਪਿਛਾਂਹ ਖਿੱਚੂ ਹੁੰਦੇ ਹਨ। ਸ਼ੌਕ ਦੀ ਪੂਰਤੀ ਇਨਸਾਨ ਕਿਸੇ ਮਕਸਦ ਨਾਲ ਨਹੀਂ ਕਰਦਾ ਸਗੋਂ ਸ਼ੌਕ ਦੀ ਪੂਰਤੀ ਲਈ ਉਹ ਹਰ ਇੱਛਾ ਨੂੰ ਤਿਆਗ ਸਕਦਾ ਹੈ। ਵਰਤਮਾਨ ਸਮਾਜ ਦਾ ਤਾਣਾ-ਬਾਣਾ ਆਧੁਨਿਕਤਾ ਦੇ ਸ਼ੌਕੀਨਾ ਦੀ ਭੇਂਟ ਚੜ੍ਹ ਗਿਆ ਹੈ। ਨੌਜਵਾਨ ਪੀੜ੍ਹੀ ਬਰਾਂਡਡ ਵਸਤਾਂ ਦੀ ਦੀਵਾਨੀ ਹੋਈ ਫਿਰਦੀ ਹੈ। ਉਨ੍ਹਾਂ ਨੂੰ ਪੁਰਾਤਨ ਵਿਰਾਸਤੀ ਵਸਤਾਂ ਦੇ ਨਾਮ ਵੀ ਪਤਾ ਨਹੀਂ। ਕਈ ਵਾਰ ਸ਼ੌਕ ਮਨੁੱਖ ਨੂੰ ਕਰਜ਼ੇ ਦੀ ਲਪੇਟ ਵਿੱਚ ਲੈ ਲੈਂਦਾ ਹੈ। ਸ਼ੌਕ ਦੀ ਪੂਰਤੀ ਲਈ ਘਰ ਫੂਕ ਤਮਾਸ਼ਾ ਵੇਖਣ ਵਾਲੀ ਗੱਲ ਬਣ ਜਾਂਦਾ ਹੈ। ਸ਼ੌਕ ਵਿੱਚੋਂ ਕੱਢਣ ਪਾਉਣ ਨੂੰ ਕੁਝ ਨਹੀਂ ਹੁੰਦਾ। ਸ਼ੌਕ ਗੁਆਉਂਦਾ ਹੈ ਪਰੰਤੂ ਮਾਨਸਿਕ ਸੰਤੁਸ਼ਟੀ ਜ਼ਰੂਰ ਦਿੰਦਾ ਹੈ। ਵਿਰਾਸਤੀ ਵਸਤਾਂ ਇਕੱਠੀਆਂ ਕਰਨ ਵਿੱਚ ਹੁਣ ਤੱਕ ਤਸਵਿੰਦਰ ਸਿੰਘ ਬੜੈਚ 5 ਲੱਖ ਰੁਪਏ ਖ਼ਰਚਾ ਕਰ ਚੁੱਕਾ ਹੈ। ਜਿਥੋਂ ਵੀ ਇਹ ਵਸਤਾਂ ਮਿਲ ਸਕਦੀਆਂ ਹਨ, ਉਨ੍ਹਾਂ ਨੂੰ ਲੈਣ ਲਈ ਉਹ ਦਿੱਲੀ, ਕਲਕੱਤਾ, ਰਾਜਸਥਾਨ ਅਤੇ ਹੋਰ ਜਿਥੇ ਵੀ ਕਿਸੇ ਵਿਰਾਸਤੀ ਵਸਤੂ ਦੀ ਕਨਸੋਅ ਮਿਲਦੀ ਹੈ, ਉਥੇ ਪਹੁੰਚ ਜਾਂਦਾ ਹੈ। ਅਜੋਕੇ ਜ਼ਮਾਨੇ ਵਿੱਚ ਹਰ ਵਿਰਾਸਤੀ ਵਸਤੂ ਮੁੱਲ ਖਰੀਦਣੀ ਪੈਂਦੀ ਹੈ। ਇਥੇ ਹੀ ਬਸ ਨਹੀਂ ਸਗੋਂ ਮੂੰਹ ਮੰਗੀ ਕੀਮਤ ਦੇਣੀ ਪੈਂਦੀ ਹੈ। ਕਈ ਲੋਕ ਤਾਂ ਤਸਵਿੰਦਰ ਸਿੰਘ ਨੂੰ ਕਹਿੰਦੇ ਹਨ ਕਿ ਉਹ ਫਾਲਤੂ ਵਿੱਚ ਹੀ ਖ਼ਰਚਾ ਕਰ ਰਿਹਾ ਹੈ ਅਤੇ ਨਾਲੇ ਉਹ ਆਪਣੇ ਖੇਤੀਬਾੜੀ ਦੇ ਕਾਰੋਬਾਰ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਇਥੋਂ ਤੱਕ ਕਿ ਕੁਝ ਲੋਕ ਤਾਂ ਉਸ ਦੇ ਸ਼ੌਕ ਨੂੰ ਪਾਗਲਪਣ ਕਹਿੰਦੇ ਹਨ। ਪਰੰਤੂ ਤਸਵਿੰਦਰ ਸਿੰਘ ਲੋਕਾਂ ਦੀਆਂ ਇਨ੍ਹਾਂ ਗੱਲਾਂ ਦੀ ਪਰਵਾਹ ਨਹੀਂ ਕਰਦਾ, ਸਗੋਂ ਹੋਰ ਉਤਸ਼ਾਹ ਨਾਲ ਕੰਮ ਕਰਦਾ ਹੈ। ਕਿਸਾਨ ਦਾ ਪੁੱਤ ਹੋਣ ਕਰਕੇ ਪਰਿਵਾਰ ਦੇ ਗੁਜ਼ਾਰੇ ਦਾ ਵੀ ਫ਼ਿਕਰ ਰਹਿੰਦਾ ਹੈ ਪਰੰਤੂ ਉਹ ਹਰ ਸਭਿਆਚਾਰਕ, ਇਤਿਹਾਸਿਕ, ਧਾਰਮਿਕ ਅਤੇ ਖੇਡ ਮੇਲਿਆਂ ਵਿੱਚ ਆਪਣੀਆਂ ਵਸਤਾਂ ਦੀ ਪ੍ਰਦਰਸ਼ਨੀ ਲਾਉਣ ਲਈ ਪਹੁੰਚ ਜਾਂਦਾ ਹੈ। ਸਮਾਂ ਅਤੇ ਪੈਸਾ ਵੀ ਬਰਬਾਦ ਹੁੰਦਾ ਹੈ। ਲੋਕਾਂ ਦੇ ਤਾਨ੍ਹੇ ਮਿਹਣੇ ਵੀ ਸੁਣਨੇ ਪੈਂਦੇ ਹਨ। ਅਜੋਕੀ ਨੌਜਵਾਨ ਪੀੜ੍ਹੀ ਸ਼ੌਕ ਦੀ ਪੂਰਤੀ ਲਈ ਵਿਰਾਸਤ 'ਤੇ ਪਹਿਰਾ ਨਹੀਂ ਦਿੰਦੀ। ਇਸ ਦੀ ਚੀਸ ਤਸਵਿੰਦਰ ਸਿੰਘ ਬੜੈਚ ਨੂੰ ਬਹੁਤ ਸਤਾਉਂਦੀ ਹੈ। ਨੌਜਵਾਨ ਕੋਈ ਵੀ ਵਿਰਾਸਤੀ ਵਸਤੂ ਨੂੰ ਇਸਤੇਮਾਲ ਹੀ ਨਹੀਂ ਕਰਨਾ ਚਾਹੁੰਦਾ, ਸਗੋਂ ਪੁਰਾਤਤਵੀ ਚੀਜ਼ਾਂ ਨੂੰ ਵਰਤਣ ਵਾਲੇ ਨੂੰ ਚੰਗਾ ਨਹੀਂ ਸਮਝਿਆ ਜਾਂਦਾ। ਪੁਰਾਤਤਵ ਸਾਡੀ ਵਿਰਾਸਤ ਹੈ, ਵਿਰਾਸਤ ਤੋਂ ਮੂੰਹ ਮੋੜ ਕੇ ਸਫਲਤਾ ਪ੍ਰਾਪਤ ਕਰਨੀ ਮੁਸ਼ਕਲ ਹੋ ਜਾਂਦੀ ਹੈ। ਵਿਰਾਸਤ ਕਿਸੇ ਸਮਾਜ ਦੀ ਹੋਂਦ ਦੀ ਪਛਾਣ ਹੁੰਦੀ ਹੈ। ਪੰਜਾਬ ਦੀ ਵਿਰਾਸਤ ਬਹੁਤ ਅਮੀਰ ਹੈ। ਪਰੰਤੂ ਦੁੱਖ ਦੀ ਗੱਲ ਹੈ ਕਿ ਸਾਡਾ ਭਵਿਖ ਸਾਡੇ ਬੱਚੇ ਆਪਣੀ ਵਿਰਾਸਤ ਨਾਲ ਜੁੜਨ ਦੀ ਥਾਂ ਦੂਰ ਜਾ ਰਹੇ ਹਨ। ਤਸਵਿੰਦਰ ਸਿੰਘ ਬੜੈਚ ਦਾ ਆਪਣੇ ਪਿੰਡ ਵਿੱਚ ਪੁਰਾਤਤਵੀ ਵਸਤਾਂ ਦਾ ' ਮਿੰਨੀ ਅਜਾਇਬ ਘਰ' ਸਥਾਪਤ ਕਰਨਾ, ਨੌਜਵਾਨ ਪੀੜ੍ਹੀ ਨੂੰ ਆਪਣੀ ਵਿਰਾਸਤ ਨਾਲ ਜੋੜ ਕੇ ਰੱਖਣ ਦਾ ਉਪਰਾਲਾ ਹੀ ਹੈ। ਉਨ੍ਹਾਂ ਸਾਰੀਆਂ ਵਸਤਾਂ ਨੂੰ ਬਹੁਤ ਹੀ ਸੋਹਣੇ ਢੰਗ ਨਾਲ ਸਜਾਇਆ ਹੋਇਆ ਹੈ। ਉਸ ਨੇ ਸਾਰੀਆਂ ਵਸਤਾਂ ਇਕ ਸੁਲਝੇ ਹੋਏ ਕੇਅਰ ਟੇਕਰ ਦੀ ਤਰ੍ਹਾਂ ਸੀਮਤ ਸਾਧਨਾ ਦੇ ਹੁੰਦਿਆਂ ਕੰਧਾਂ 'ਤੇ ਟਾਂਡਾਂ ਬਣਾਕੇ ਵਸਤਾਂ ਨੂੰ ਸਜਾਇਆ ਹੋਇਆ ਹੈ। ਉਸ ਦੇ ਅਜਾਇਬ ਘਰ ਵਿੱਚ ਬਹੁਤ ਸਾਰੀਆਂ ਅਜਿਹੀਆਂ ਵਸਤਾਂ ਹਨ, ਜਿਹੜੀਆਂ ਅੱਜ ਕੱਲ੍ਹ ਲੱਭਿਆਂ ਨਹੀਂ ਲੱਭਦੀਆਂ। ਜਿਵੇਂ ਈਸਟ ਇੰਡੀਆ ਕੰਪਨੀ, ਅਹਿਮਦ ਸ਼ਾਹ ਅਬਦਾਲੀ, ਅਕਬਰ, ਸ਼ੇਰ ਸ਼ਾਹ ਸੂਰੀ ਅਤੇ ਨਾਨਕਸ਼ਾਹੀ ਸਿੱਕੇ ਉਸ ਦੇ ਅਜਾਇਬ ਘਰ ਦੀ ਸ਼ੋਭਾ ਵਧਾ ਰਹੇ ਹਨ। ਇੱਕ ਲਾਹੌਰ ਦਾ ਬਣਿਆਂ 100 ਸਾਲ ਪੁਰਾਣਾ ਸਾਈਕਲ ਹੈ। ਉਸ ਸਾਈਕਲ ਨੂੰ ਪ੍ਰਾਪਤ ਕਰਨ ਲਈ ਉਸਨੂੰ ਮੂੰਹ ਮੰਗਿਆ ਪੈਸਾ ਦੇਣਾ ਪਿਆ ਹੈ। ਉਹ ਦਸਦਾ ਹੈ ਕਿ ਇਸ ਸਾਈਕਲ ਬਦਲੇ ਉਹ ਆਪਣੀ ਪੁਰਾਣੀ ਮਾਰੂਤੀ ਕਾਰ ਵੀ ਦੇਣ ਲਈ ਤਿਆਰ ਸੀ। ਇਸ ਤੋਂ ਇਲਾਵਾ ਪੰਜਾਬੀ ਲੋਕ ਗਾਇਕਾਂ ਅਤੇ ਗੀਤਕਾਰਾਂ ਦੇ ਲਗਪਗ 300 ਤਵੇ ਹਨ। ਉਸ ਕੋਲ ਹਰ ਪੰਜਾਬੀ ਗਾਇਕ ਦੇ ਤਵੇ ਵਰਕਿੰਗ ਹਾਲਤ ਵਿੱਚ ਪਏ ਹਨ। ਸਮਾਜ ਦੇ ਅਲੋਪ ਹੋ ਰਹੇ ਸਾਰੇ ਚੇਟਕ ਉਸ ਨੇ ਸਾਂਭੇ ਹੋਏ ਹਨ। ਤਸਵਿੰਦਰ ਸਿੰਘ ਬੜੈਚ ਨੇ ਮਹਿਸੂਸ ਕੀਤਾ ਕਿ ਜੇਕਰ ਸਾਡੀ ਨਵੀਂ ਪਨੀਰੀ ਆਪਣੀ ਵਿਰਾਸਤ ਨਾਲੋਂ ਟੁੱਟ ਗਈ ਤਾਂ ਉਨ੍ਹਾਂ ਦਾ ਵਿਰਾਸਤ 'ਤੇ ਮਾਣ ਕਰਨਾ ਤਾਂ ਅਸੰਭਵ ਹੈ ਪ੍ਰੰਤੂ ਆਉਣ ਵਾਲੀਆਂ ਨਸਲਾਂ ਨੂੰ ਵੀ ਆਪਣੀ ਵਿਰਾਸਤ ਤੋਂ ਵਾਂਝੀਆਂ ਰੱਖਣ ਦਾ ਕੰਮ ਕਰਨਗੀਆਂ।







ਤਸਵਿੰਦਰ ਸਿੰਘ ਬੜੈਚ

ਤਸਵਿੰਦਰ ਸਿੰਘ ਬੜੈਚ ਨੂੰ ਇਹ ਸ਼ੌਕ ਇਕ ਘਟਨਾ ਤੋਂ ਬਾਅਦ ਪੈਦਾ ਹੋਇਆ, ਜਦੋਂ ਉਹ 2000 ਵਿੱਚ ਆਪਣੇ ਖੇਤਾਂ ਵਿੱਚ ਕੰਮ ਕਰ ਰਿਹਾ ਸੀ ਤਾਂ ਉਸ ਨੂੰ ਇਕ ਡਬਲੀ ਪੈਸਾ ਲੱਭਿਆ। ਜਦੋਂ ਉਹ ਡਬਲੀ ਪੈਸਾ ਉਨ੍ਹਾਂ ਬੱਚਿਆਂ ਨੂੰ ਵਿਖਾ ਕੇ ਪੁਛਿਆ ਕਿ ਇਹ ਕੀ ਹੈ? ਤਾਂ ਬੱਚੇ ਬਿਲਕੁਲ ਅਣਜਾਣ ਸਨ। ਉਸ ਦਿਨ ਤੋਂ ਬਾਅਦ ਉਨ੍ਹਾਂ ਮਨ ਬਣਾ ਲਿਆ ਕਿ ਪੁਰਾਤਨ ਪੁਰਾਤਤਵੀ ਵਿਰਾਸਤੀ ਵਸਤਾਂ ਇਕੱਠੀਆਂ ਕਰਕੇ ਉਨ੍ਹਾਂ ਦੀ ਪ੍ਰਦਰਸ਼ਨੀ ਸਕੂਲਾਂ, ਕਾਲਜਾਂ ਅਤੇ ਸਭਿਆਚਾਰਕ ਮੇਲਿਆਂ ਵਿੱਚ ਲਗਾਈ ਜਾਵੇਗੀ ਤਾਂ ਜੋ ਵਿਦਿਆਰਥੀਆਂ ਨੂੰ ਪਤਾ ਲੱਗ ਸਕੇ ਕਿ ਉਨ੍ਹਾਂ ਦੀ ਵਿਰਾਸਤ ਕਿਹੋ ਜਿਹੀ, ਕਿਤਨੀ ਪੁਰਾਣੀ ਤੇ ਅਮੀਰ ਸੀ। ਵਿਰਾਸਤ ਦਿਹਾਤੀ ਰਹਿਤਲ ਵਿੱਚ ਵਿਚਰਦਿਆਂ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ ਜਿਨ੍ਹਾਂ ਵਿੱਚ ਪਹਿਰਾਵਾ, ਸਿੱਕੇ, ਖੇਤੀ ਨਾਲ ਸੰਬੰਧਤ ਸੰਦ, ਤਰਖਾਣਾ, ਲੁਹਾਰਾ, ਆਵਾਜਾਈ ਦੇ ਸਾਧਨ ਅਤੇ ਭਾਂਡੇ ਟੀਂਡੇ ਅਤੇ ਹੋਰ ਘਰੇਲੂ ਸਾਜੋ ਸਾਮਾਨ ਆਦਿ ਆ ਜਾਂਦੇ ਹਨ। ਤਸਵਿੰਦਰ ਸਿੰਘ ਬੜੈਚ ਦੇ ਅਜਾਇਬ ਘਰ ਵਿੱਚ ਬਹੁਤ ਸਾਰੀਆਂ ਪੁਰਾਤਨ ਵਸਤਾਂ ਹਨ, ਪਰੰਤੂ ਸਾਰੀਆਂ ਲਿਖੀਆਂ ਨਹੀਂ ਜਾ ਸਕਦੀਆਂ। ਇਨ੍ਹਾਂ ਵਸਤਾਂ ਦੇ ਵੱਖਰੇ-ਵੱਖਰੇ ਕਾਰਨਰ ਸਾਧਾਰਨ ਢੰਗ ਨਾਲ ਬਣਾਏ ਹੋਏ ਹਨ ਕੁਝ ਕੁ ਇਸ ਪ੍ਰਕਾਰ ਹਨ, ਜਿਵੇਂ ਪਿਤਲ ਦੇ ਭਾਂਡੇ, ਹਮਾਮ, ਬਲਟੋਹੀ, ਤਪਾਈ, ਪਤੀਲੀ, ਕੰਗਣੀ ਵਾਲੇ ਗਲਾਸ, ਡੋਲੂ, ਜੱਗ, ਕਾਂਸੀ ਦੇ ਕੌਲ, ਛੰਨੇ, ਕੜਛੀ, ਥਾਲ, ਪਰਾਤ, ਕੱਦੂਕਸ਼, ਗੜਬੀ, ਕੁਮੰਡਲ, ਕੇਤਲੀ, ਡੋਰੀ, ਤੜਕਣੀ, ਤੁਸਕ ਆਦਿ। ਇਸੇ ਤਰ੍ਹਾਂ ਚਰਖਾ, ਰੂੰ ਪਿੰਜਣ ਵਾਲਾ ਵੇਲਣਾ, ਊਰਾ, ਅਟੇਰਨ, ਨਾਲੇ ਬੁਣਨ ਵਾਲਾ ਅੱਡਾ, ਖੱਡੀ ਵਾਲੀ ਨਾਲ, ਚਾਦਰਾਂ ਤੇ ਫੁੱਲ ਪਾਉਣ ਵਾਲੇ ਠੱਪੇ, ਪੰਜੇ, ਕੁੰਡੀਆਂ ਆਦਿ। ਖੇਤੀ ਨਾਲ ਸੰਬੰਧਤ, ਤੰਗਲੀ, ਸਲੰਘ, ਪੰਜਾਲੀ, ਸੁਹਾਗਾ, ਹਲ, ਦੋਲਾ, ਊਠ ਦੀ ਕਾਠੀ, ਘੋੜੇ ਦੀ ਕਾਠੀ, ਬਲਦਾਂ ਦੀਆਂ ਟੱਲੀਆਂ, ਖੂਹ ਦੀਆਂ ਟਿੰਡਾਂ, ਊਠ ਦੀ ਨਿਉਲ, ਦਾਤੀ, ਖਰਖਰਾ, ਖੁਰੀ, ਘੋੜੇ ਦੀ ਰਕਾਬ, ਛਿਕਲੀ, ਪਸ਼ੂਆਂ ਨੂੰ ਦਵਾਈ ਦੇਣ ਵਾਲੀ ਨਾਲ ਅਤੇ ਫੌੜਾ ਆਦਿ। ਬੱਚਿਆਂ ਦੇ ਖਿਡੌਣੇ ਜਿਵੇਂ ਪਰਤਾ-ਪਾ, ਗਡੀਹਰਾ, ਲਾਟੂ, ਬੰਟੇ, ਪਿੱਠੂ, ਗੁਲੇਲ, ਖਿੱਦੋ ਖੂੰਡੀ, ਗੁੱਲੀ ਡੰਡਾ ਆਦਿ। ਮਨੋਰੰਜਨ ਦੇ ਸਾਧਨ ਟਿਊਬਾਂ ਵਾਲੇ ਰੇਡੀਓ, ਗਰਾਮੋਫੋਨ, ਤਵੇ, ਟੇਪ ਰਿਕਾਰਡ, ਕੈਸਿਟਾਂ, ਟੈਕਸਲਾ ਦਾ ਬਲੈਕ ਐਂਡ ਵਾਈਟ.ਟੀ.ਵੀ., ਪੁਰਾਣੇ ਫੋਨ, ਪੁਰਾਣੇ ਕੈਮਰੇ, ਘਰੇਲੂ ਸਾਮਾਨ ਲੂਣਦਾਨੀ, ਸੇਵੀਆਂ ਵੱਟਣ ਵਾਲੀ ਜੰਡੀ, ਟਰੰਕ, ਛਾਲਣੇ, ਛੱਜ, ਰੋਪੜੀ ਜਿੰਦੇ, ਟੋਕਰੀ, ਮੂੜਾ, ਪੀਪਾ, ਸੂਤ ਵਾਲਾ ਮੰਜਾ, ਮਧਾਣੀ ਚਕਲਾ-ਵੇਲਣਾ, ਬੱਤੀਆਂ ਵਾਲਾ ਸਟੋਵ, ਸਾਗ ਚੀਰਨ ਵਾਲੀ ਦਾਤੀ, ਛਾਬਾ, ਪੀੜ੍ਹੀਆਂ, ਖੁਰਚਣੀ, ਚਿਮਟਾ, ਭੂਕਣਾ, ਘੋਟਣਾ, ਕੁੰਡੀ-ਸੋਟਾ, ਚੱਕੀ, ਹਾਰਾ, ਤੌੜੀ, ਉਖਲੀ ਮੋਹਲਾ, ਪਟਾਰੀ, ਲੈਂਪ, ਲਾਲਟੈਣ, ਫੱਟੀ ਤੇ ਸਲੇਟ, ਗੱਲਾ, ਡੋਲ, ਡੋਲ ਕੱਢਣ ਵਾਲੀਆਂ ਕੁੰਡੀਆਂ, ਤੱਕੜੀ, ਖਲ, ਨਸਵਾਰ ਵਾਲੀ ਡੱਬੀ, ਠੋਕਰ, ਹੱਟੜੀ, ਦਰੀਆਂ, ਖੇਸ, ਫੁਲਕਾਰੀ, ਘੱਗਰਾ, ਝੋਲਾ, ਹੱਥ ਪੱਖਾ, ਪੱਖੀ, ਇੰਨੂ, ਪਿੱਛੂ, ਲੁਹਾਰਾਂ ਦੀ ਧੌਂਕਣੀ ਆਦਿ ਹਨ। ਇਸ ਤੋਂ ਇਲਾਵਾ 100 ਸਾਲ ਪੁਰਾਣਾ ਲਾਹੌਰ ਦਾ ਬਣਿਆਂ ਸਾਈਕਲ, ਸਾਈਕਲ ਲਾਈਸੈਂਸ, ਰੇਡੀਓ ਲਾਈਸੈਂਸ। ਇਨ੍ਹਾਂ ਨੂੰ ਇਕੱਤਰ ਕਰਨ ਵਿੱਚ ਭਾਵੇਂ ਕਾਫ਼ੀ ਖ਼ਰਚਾ ਹੋ ਰਿਹਾ ਹੈ ਤਾਂ ਵੀ ਪਰਿਵਾਰ ਦਾ ਪੂਰਾ ਸਹਿਯੋਗ ਮਿਲ ਰਿਹਾ ਹੈ। ਤਸਵਿੰਦਰ ਸਿੰਘ ਬੜੈਚ ਦੀ ਪਤਨੀ ਹਰਜਿੰਦਰ ਕੌਰ, ਦੋਵੇਂ ਸਪੁੱਤਰ ਕੋਮਲਪ੍ਰੀਤ ਸਿੰਘ, ਅਕਸ਼ਪ੍ਰੀਤ ਸਿੰਘ ਅਤੇ ਉਸ ਦੇ ਪਿਤਾ ਦਾ ਦੋਸਤ ਚਮਕੌਰ ਸਿੰਘ ਘਣਗਸ ਵੀ ਇਸ ਕੰਮ ਵਿੱਚ ਸਹਿਯੋਗ ਦੇ ਰਹੇ ਹਨ।

ਤਸਵਿੰਦਰ ਸਿੰਘ ਬੜੈਚ ਨੇ ਆਪਣੇ ਘਰ ਵਿੱਚ ਹੀ ਇੱਕ ਲਾਇਬਰੇਰੀ ਵੀ ਸਥਾਪਤ ਕੀਤੀ ਹੋਈ ਹੈ ਤਾਂ ਜੋ ਪਿੰਡ ਦੀ ਨੌਜਵਾਨ ਪੀੜ੍ਹੀ ਵਿੱਚ ਪੁਸਤਕਾਂ ਪੜ੍ਹਨ ਦੀ ਰੁਚੀ ਪੈਦਾ ਹੋ ਸਕੇ। ਦੇਸ਼ ਵਿਦੇਸ਼ ਤੋਂ ਲੋਕ ਇਸ ਅਜਾਇਬ ਘਰ ਨੂੰ ਵੇਖਣ ਆਉਂਦੇ ਹਨ। ਉਨ੍ਹਾਂ ਦੀ ਚਾਹ ਪਾਣੀ ਦੀ ਸੇਵਾ ਵੀ ਕੀਤੀ ਜਾਂਦੀ ਹੈ। ਉਸ ਨੂੰ ਕਈ ਸੰਸਥਾਵਾਂ ਨੇ ਸਨਮਾਨਤ ਵੀ ਕੀਤਾ ਹੈ, ਜਿਨ੍ਹਾਂ ਵਿੱਚ ਪੰਜਾਬੀ ਸੱਥ ਬਰਬਾਲੀ, ਲਾਲ ਚੰਦ ਯਮਲਾ ਜੱਟ ਸਭਿਆਚਾਰਕ ਕਮੇਟੀ ਪਿੰਡ ਲੁਹਾਰਾ ਮੋਗਾ, ਕੋਹਿਨੂਰ ਵੈਲਫੇਅਰ ਐਂਡ ਸਪੋਰਟਸ ਕਲੱਬ ਖੱਟਰਾਂ, ਪੰਜਾਬ ਯੂਥ ਫੋਰਮ ਮਾਛੀਵਾੜਾ ਸਾਹਿਬ, ਪੰਜਾਬ ਕਲਾ ਮੰਚ ਚਮਕੌਰ ਸਾਹਿਬ, ਮਾਣ ਪੰਜਾਬੀਆਂ ਤੇ ਅੰਤਰ-ਰਾਸ਼ਟਰੀ ਸਾਹਿਤਕ ਮੰਚ ਅਤੇ ਪ੍ਰਾਚੀਨ ਸ੍ਰੀ ਮੁਕਤੇਸ਼ਵਰ ਮਹਾਂ ਦੇਵ ਸ਼ਿਵ ਮੰਦਰ ਸਸਾਇਟੀ ਚਹਿਲਾਂ ਆਦਿ। ਤਸਵਿੰਦਰ ਸਿੰਘ ਬੜੈਚ ਦਾ ਜਨਮ ਸਮਰਾਲਾ ਤਹਿਸੀਲ ਜਿਲ੍ਹਾ ਲੁਧਿਆਣਾ ਦੇ ਪਿੰਡ ਦੀਵਾਲਾ ਵਿਖੇ 16 ਮਈ 1973 ਨੂੰ ਮਾਤਾ ਚਰਨਜੀਤ ਕੌਰ ਦੀ ਕੁੱਖੋਂ ਪਿਤਾ ਮੇਵਾ ਸਿੰਘ ਦੇ ਘਰ ਹੋਇਆ। ਉਸ ਨੇ ਪਹਿਲੀਆਂ ਤਿੰਨ ਕਲਾਸਾਂ ਪਿੰਡ ਦੇ ਸਕੂਲ, ਚੌਥੀ ਤੇ ਪੰਜਵੀਂ ਦਹਿੜੂ ਅਤੇ ਅੱਠਵੀਂ, ਨੌਵੀਂ ਤੇ ਦਸਵੀਂ ਸਰਕਾਰੀ ਹਾਈ ਸਕੂਲ ਨਾਗਰਾ ਤੋਂ ਪਾਸ ਕੀਤੀਆਂ।

# 9200 ਕਰੋੜ ਰੁਪਏ ਦੀ ਬਜ਼ਾਰੀ ਕੀਮਤ ਵਾਲੀ 26300 ਏਕੜ ਵਾਹੀਯੋਗ ਸ਼ਾਮਲਾਤ ਜ਼ਮੀਨ ਦੀ ਕੀਤੀ ਸ਼ਨਾਖਤ : ਧਾਲੀਵਾਲ

*ਇਨ੍ਹਾਂ ਜ਼ਮੀਨਾਂ ਤੋਂ ਨਜ਼ਾਇਜ਼ ਕਬਜ਼ੇ ਹਟਾ ਕੇ ਚਕੌਤੇ 'ਤੇ ਚੜਾਉਣ ਲਈ ਪੰਚਾਇਤਾਂ ਨੂੰ ਸੌਂਪਿਆ ਜਾਵੇਗਾ *153 ਬਲਾਕਾਂ ਵਿੱਚੋਂ 86 ਬਲਾਕਾ ਦੇ ਸ਼ਾਮਲਾਤ ਜਮੀਨ ਸਬੰਧੀ ਮੌਜੂਦਾ ਮਾਲ ਵਿਭਾਗ ਦੇ ਰਿਕਾਰਡ ਨੂੰ ਘੋਖਣ ਦਾ ਕੰਮ ਮੁਕੰਮਲ, ਬਾਕੀ ਕੰਮ ਇੱਕ ਸਾਲ ਦੇ ਅੰਦਰ ਅੰਦਰ ਮੁਕੰਮਲ ਕਰ ਲਿਆ ਜਾਵੇਗਾ



ਚੰਡੀਗੜ੍ਹ, 13 ਅਕਤੂਬਰ (ਪੋਸਟ ਬਿਊਰੋ): ਪੰਜਾਬ ਸਰਕਾਰ ਵਲੋਂ ਦੇਸ਼ ਭਰ ਵਿੱਚੋਂ ਇੱਕ ਵੱਡੀ ਪਹਿਲਕਦਮੀ ਕਰਦਿਆਂ ਅਜਿਹੀਆਂ ਪੰਚਇਤੀ ਜ਼ਮੀਨਾਂ ਦੀ ਸ਼ਨਾਖਤ ਕਰਨ ਦਾ ਇਤਿਹਾਸ ਰਚਿਆ ਹੈ, ਜਿਨਾਂ ਦਾ ਪੰਚਾਇਤਾਂ ਨੂੰ ਪਤਾ ਹੀ ਨਹੀਂ ਸੀ। ਅੱਜ ਇੱਥੇ ਪੰਜਾਬ ਭਵਨ ਵਿਖੇ ਪੱਤਰਕਾਰ ਸੰਮੇਲਨ ਦੌਰਾਨ ਜਾਣਕਾਰੀ ਸਾਂਝੀ ਕਰਦਿਆਂ ਸੂਬੇ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਹੇਠ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਪਿੰਡਾਂ ਦੀਆਂ ਸ਼ਾਮਲਾਤ ਜਮੀਨਾਂ ਤੋਂ ਨਜਾਇਜ ਕਬਜੇ ਛੁਡਾਉਣ ਅਤੇ ਸ਼ਾਮਲਾਤ ਜ਼ਮੀਨਾ ਦੀ ਸ਼ਨਾਖਤ ਕਰਨ ਲਈ ਸਰਕਾਰ ਬਣਦਿਆਂ ਵੱਡੇ ਪੱਧਰ 'ਤੇ ਮੁਹਿੰਮ ਅਰੰਭੀ ਗਈ ਸੀ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਵੱਲੋਂ ਇੱਕ ਵੱਖਰੇ ਸ਼ਾਮਲਾਤ ਸੈੱਲ ਦੀ ਸਥਾਪਨਾ ਕੀਤੀ ਗਈ ਹੈ।

ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਵਿਭਾਗ ਵੱਲੋਂ ਸ਼ਾਮਲਾਤ ਜਮੀਨਾਂ ਨਾਲ ਸਬੰਧਿਤ ਸਾਰੇ ਮਾਲ ਵਿਭਾਗ ਦੇ ਰਿਕਾਰਡ ਨੂੰ ਪੂਰੀ ਗਹਿਰਾਈ ਨਾਲ ਘੋਖਿਆ ਜਾ ਰਿਹਾ ਹੈ, ਜਿਸ ਸਬੰਧੀ ਹੁਣ ਤੱਕ 153 ਬਲਾਕਾਂ ਵਿੱਚੋਂ 86 ਬਲਾਕਾ ਦੇ ਸ਼ਾਮਲਾਤ ਜਮੀਨ ਸਬੰਧੀ ਮੌਜੂਦਾ ਮਾਲ ਵਿਭਾਗ ਦੇ ਰਿਕਾਰਡ ਨੂੰ ਘੋਖਣ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਇਸ ਪੜਤਾਲ ਦੌਰਾਨ ਵਿਭਾਗ ਨੇ 26300 ਏਕੜ ਵਾਹੀਯੋਗ ਪੰਚਾਇਤੀ ਜ਼ਮੀਨ ਦੀ ਸ਼ਨਾਖਤ ਕੀਤੀ ਗਈ ਹੈ, ਜੋ ਪੰਚਾਇਤਾਂ ਦੇ ਕੋਲ ਨਹੀਂ ਸੀ, ਜਿਸ ਦੀ ਅੰਦਾਜਨ ਬਜ਼ਾਰੀ ਕੀਮਤ ਲੱਗ ਭਗ 9200 ਕਰੋੜ ਰੁਪਏ ਹੈ।

ਪੇਂਡੂ ਵਿਕਾਸ ਮੰਤਰੀ ਨੇ ਪਹਿਲੀਆਂ ਸਰਕਾਰਾਂ ਨੂੰ ਆੜੇ ਹੱਥੀ ਲੈਂਦਿਆਂ ਕਿਹਾ ਕਿ ਕਿਸੇ ਵੀ ਪਹਿਲੀ ਸਰਕਾਰ ਨੇ ਸ਼ਾਮਲਾਤ ਜਮੀਨਾਂ ਦੀ ਸਾਂਭ ਸੰਭਾਲ ਨੂੰ ਸੰਜੀਦਗੀ ਨਾਲ ਨਹੀਂ ਲਿਆ। ਉਨ੍ਹਾਂ ਕਿਹਾ ਕਿ ਪਰ ਸਾਡੀ ਸਰਕਾਰ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਪੇਂਡੂ ਵਿਕਾਸ ਵਿਭਾਗ ਵਲੋਂ 26300 ਏਕੜ ਸ਼ਾਮਲਾਤ ਜ਼ਮੀਨ ਦੀ ਸ਼ਨਾਖਤ ਕੀਤੀ ਹੈ ਜੋ ਸਾਡੀ ਸਰਕਾਰ ਦੀ ਇਕ ਵੱਡੀ ਪ੍ਰਾਪਤੀ ਹੈ।

ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਜਲਦੀ ਹੀ ਬਾਕੀ ਰਹਿੰਦੇ ਬਲਾਕਾਂ ਵਿੱਚ ਸ਼ਾਮਲਾਤ ਜਮੀਨ ਦੀ ਸ਼ਨਾਖਤ ਦਾ ਕੰਮ ਮੁਕੰਮਲ ਕੀਤਾ ਜਾਵੇ ਤਾਂ ਜੋ ਕਿ ਹੋਰ ਹਜਾਰਾਂ ਏਕੜ ਸ਼ਾਮਲਾਤ ਜਮੀਨ ਦੀ ਸਨਾਖਤ ਕੀਤੀ ਜਾ ਸਕੇ। ਜਿਸ ਬਾਰੇ ਵੇਰਵੇ 31 ਦਸੰਬਰ, ,2022 ਤੋਂ ਪਹਿਲਾਂ ਸਾਝੇ ਕੀਤੇ ਜਾਣਗੇ ਅਤੇ ਉਨ੍ਹਾਂ ਨਾਲ ਹੀ ਕਿਹਾ ਕਿ ਅਜਿਹੀਆਂ ਸਾਰੀਆਂ ਜ਼ਮੀਨਾਂ ਦੇ ਕਬਜ਼ੇ ਲੈਣ ਦਾ ਟੀਚਾ ਦਸੰਬਰ 2023 ਤੱਕ ਮੁਕੰਮਲ ਕਰ ਲਿਆ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਸ਼ਾਮਲਾਤ ਜਮੀਨਾਂ ਦੇ ਰਿਕਾਰਡ ਨੂੰ ਵਿਭਾਗ ਦੀ ਵੈਬਸਾਈਟ ਤੇ ਵੀ ਅਪਲੋਡ ਕੀਤਾ ਜਾ ਰਿਹਾ ਹੈ।

ਕੁਲਦੀਪ ਸਿੰਘ ਧਾਲੀਵਾਲ ਨੇ ਪੰਚਾਇਤੀ ਜ਼ਮਨਿਾਂ ਤੋਂ ਨਜਾਇਜ਼ ਕਬਜ਼ੇ ਛੁਡਵਾਉਣ ਦੀ ਮੁਹਿੰਮ ਨੂੰ ਅੱਗੇ ਤੋਰਦਿਆਂ ਇੱਕ ਵਟਸਐਪ ਨੰਬਰ ਜਾਰੀ ਕਰਦਿਆਂ ਪੰਜਾਬ ਦੇ ਸਮੂਹ ਨਾਗਰਿਕਾ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਵਾਸੀ ਸ਼ਾਮਲਾਤ ਜਮੀਨਾਂ 'ਤੇ ਨਜ਼ਾਇਜ ਕਬਜ਼ਿਆ ਸਬੰਧੀ ਸ਼ਿਕਾਇਤ ਜਾ ਸੂਚਨਾ ਵਟਸਐਪ ਨੰਬਰ 9115116262 'ਤੇ ਦੇਣ ਤਾਂ ਜੋ ਵਿਭਾਗ ਦੀ ਕਾਰਗੁਜਾਰੀ ਵਿੱਚ ਹੋਰ ਵੀ ਸੁਧਾਰ ਕੀਤਾ ਜਾ ਸਕੇ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ। ਪੇਂਡੂ ਵਿਕਾਸ ਮੰਤਰੀ ਨੇ ਦੱਸਿਆ ਕਿ ਪਿਛਲੇ ਲਗਭਗ 7 ਮਹੀਨਿਆਂ ਦੌਰਾਨ ਸਰਕਾਰ ਵਲੋਂ ਸ਼ਾਮਲਾਤ ਜ਼ਮੀਨਾ ਤੋਂ ਨਜ਼ਾਇਜ਼ ਕਬਜ਼ੇ ਛੁਡਵਾਉਣ ਦੀ ਮੁਹਿੰਮ ਦੇ ਪਹਿਲੇ ਪੜਾਅ ਦੌਰਾਨ ਕੁਲ 9126 ਏਕੜ ਜਮੀਨ ਦਾ ਕਬਜ਼ਾ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਰਾਹੀ ਗਰਾਮ ਪੰਚਾਇਤਾਂ ਨੇ ਪ੍ਰਾਪਤ ਕੀਤਾ ਜਾ ਚੁੱਕਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਪੀਲ ਉਪਰੰਤ ਲੋਕਾਂ ਵੱਲੋਂ ਪ੍ਰੇਰਿਤ ਹੋ ਕੇ ਵੱਡੀ ਗਿਣਤੀ ਵਿੱਚ ਸਾਮਲਾਤ ਜਮੀਨਾਂ ਤੋਂ ਆਪਣੇ ਤੌਰ ਤੇ ਕਬਜ਼ੇ ਛੱਡਦੇ ਹੋਏ ਪਿੰਡਾਂ ਦੀਆਂ ਪੰਚਾਇਤਾਂ ਨੂੰ ਲਗਭਗ 3435 ਏਕੜ ਜਮੀਨ ਸੌਂਪੀ ਗਈ ਹੈ। ਉੱਥੇ ਹੀ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਵੱਲੋ 5691 ਏਕੜ ਜਮੀਨ ਆਪਣੇ ਪੱਧਰ ਤੇ ਉਪਰਾਲੇ ਕਰਨ ਅਤੇ ਕਾਨੂੰਨੀ ਦਖਲ ਰਾਹੀ ਹਾਸਿਲ ਕੀਤੀ ਗਈ।

ਕੁਲਦੀਪ ਸਿੰਘ ਧਾਲੀਵਾਲ ਨੇ ਐਲਾਨ ਕੀਤਾ ਕਿ ਜਿਹੜੀਆਂ ਪੰਚਾਇਤੀ ਜ਼ਮੀਨਾ ਤੋਂ ਨਜ਼ਾਇਜ਼ ਕਬਜ਼ੇ ਛੁਡਵਾਏ ਗਏ ਹਨ, ਉਨ੍ਹਾਂ ਨੂੰ ਪਿੰਡਾਂ ਦੇ ਵਿਕਾਸ ਲਈ ਵਾਹੀਯੋਗ ਜ਼ਮੀਨਾਂ ਨੂੰ ਚਕੌਤੇ ਚੜਾਇਆ ਜਾਵੇਗਾ, ਜਿੱਥੇ ਜ਼ਮੀਨ ਵਾਹੀਯੋਗ ਨਹੀਂ ਹੋਵੇਗੀ ਉਨ੍ਹਾਂ ਜ਼ਮੀਨਾਂ ਦੀ ਵਰਤੋ ਵਾਤਾਵਰਣ ਨੂੰ ਬਚਾਉਣ ਲਈ ਰੁੱਖ ਲਗਾਏ ਜਾਣ ਲਈ ਕੀਤੀ ਜਾਵੇਗੀ।

# ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਦੇ ਵੀਸੀ ਦੀ ਨਿਯੁਕਤੀ ਨੂੰ ਲੈ ਕੇ ਡਾ. ਗੁਰਪ੍ਰੀਤ ਸਿੰਘ ਵਾਂਡਰ ਨੇ ਆਪਣਾ ਨਾਮ ਲਿਆ ਵਾਪਿਸ



ਚੰਡੀਗੜ੍ਹ, 13 ਅਕਤੂਬਰ (ਪੋਸਟ ਬਿਊਰੋ): ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਦੇ ਵੀਸੀ ਦੀ ਨਿਯੁਕਤੀ 'ਤੇ ਪੈਦਾ ਹੋਏ ਵਿਵਾਦ ਤੋਂ ਬਾਅਦ ਡਾਕਟਰ ਗੁਰਪ੍ਰੀਤ ਸਿੰਘ ਵਾਂਡਰ ਨੇ ਆਪਣਾ ਨਾਂ ਵਾਪਸ ਲੈ ਲਿਆ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਹੈ ਕਿ ਪੰਜਾਬ ਦੇ ਰਾਜਪਾਲ ਨੂੰ ਭੇਜੇ ਜਾਣ ਵਾਲੇ 3 ਨਾਵਾਂ ਦੇ ਪੈਨਲ ਵਿੱਚੋਂ ਉਨ੍ਹਾਂ ਦਾ ਨਾਂ ਹਟਾਇਆ ਜਾਵੇ। ਸੂਬਾ ਸਰਕਾਰ ਨੇ ਵੀਸੀ ਦੇ ਅਹੁਦੇ ਲਈ ਉਨ੍ਹਾਂ ਦਾ ਨਾਂ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਭੇਜਿਆ ਸੀ। ਪਰ, ਰਾਜਪਾਲ ਨੇ ਇਸ ਨੂੰ ਵਾਪਸ ਕਰ ਦਿੱਤਾ ਸੀ। ਜਿਸ ਤਰ੍ਹਾਂ ਇਹ ਪੂਰਾ ਮਾਮਲਾ ਵਿਵਾਦਾਂ 'ਚ ਘਿਰਿਆ ਹੈ, ਉਸ ਨਾਲ ਸੂਬੇ ਦੀ ਭਗਵੰਤ ਮਾਨ ਸਰਕਾਰ ਅਤੇ ਰਾਜਪਾਲ ਵਿਚਾਲੇ ਤਣਾਅ ਵਧਣ ਦਾ ਖਦਸ਼ਾ ਹੈ। ਜਾਣਕਾਰੀ ਅਨੁਸਾਰ ਹੁਣ ਪੰਜਾਬ ਸਰਕਾਰ ਨੂੰ ਯੂਨੀਵਰਸਿਟੀ ਦੇ ਵੀਸੀ ਦੇ ਅਹੁਦੇ ਲਈ ਕਿਸੇ ਹੋਰ 3 ਨਾਵਾਂ 'ਤੇ ਵਿਚਾਰ ਕਰਨਾ ਹੋਵੇਗਾ। ਜ਼ਿਕਰਯੋਗ ਹੈ ਕਿ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਯੂਨੀਵਰਸਿਟੀ ਦੇ ਵੀਸੀ ਦੀ ਨਿਯੁਕਤੀ ਨਾਲ ਸਬੰਧਤ ਫਾਈਲ ਵਾਪਸ ਕਰ ਦਿੱਤੀ ਸੀ, ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਡਾ: ਗੁਰਪ੍ਰੀਤ ਸਿੰਘ ਵਾਂਡਰ ਦੇ ਨਾਂ ਦੀ ਸਿਫ਼ਾਰਸ਼ ਕੀਤੀ ਗਈ ਸੀ। ਰਾਜਪਾਲ ਨੇ 3 ਨਾਵਾਂ ਦਾ ਪੈਨਲ ਭੇਜਣ ਲਈ ਕਿਹਾ ਸੀ ਪਰ ਬੁੱਧਵਾਰ ਤੱਕ ਪੈਨਲ ਨਹੀਂ ਭੇਜਿਆ ਗਿਆ।

# ਮੋਟਰਸਾਈਲ ਸਵਾਰ ਬੱਸ ਨਾਲ ਟਕਰਾ ਕੇ ਸੜਕ 'ਤੇ ਡਿੱਗਿਆ, ਪਿੱਛੋਂ ਫੌਜ ਦੇ ਟਰੱਕ ਨੇ ਕੁਚਲਿਆ



ਬਠਿੰਡਾ, 13 ਅਕਤੂਬਰ (ਪੋਸਟ ਬਿਊਰੋ): ਬਠਿੰਡਾ ਅੰਮ੍ਰਿਸਰ ਕੌਮੀ ਸ਼ਾਹ ਮਾਰਗ 'ਤੇ ਪਿੰਡ ਗਿਲਪੱਤੀ ਨੇੜੇ ਸੜਕ ਪਾਰ ਕਰ ਰਿਹਾ ਬਾਈਕ ਚਾਲਕ ਬੱਸ ਨਾਲ ਟਕਰਾ ਕੇ ਸੜਕ 'ਤੇ ਡਿੱਗ ਗਿਆ। ਇਸ ਦੌਰਾਨ ਪਿੱਛੇ ਤੋਂ ਆ ਰਹੇ ਇਕ ਫੌਜੀ ਟਰੱਕ ਨੇ ਉਕਤ ਚਾਲਕ ਨੂੰ ਕੁਚਲ ਦਿੱਤਾ, ਜਿਸ ਕਾਰਨ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਸਮਾਜ ਸੇਵੀ ਸੰਸਥਾ ਨੌਜਵਾਨ ਵੈਲਫੇਅਰ ਸੁਸਾਇਟੀ ਬਠਿੰਡਾ ਦੇ ਵਲੰਟੀਅਰ ਜਗਦੀਪ ਗਿਲਪੱਤੀ, ਸੁਖਪ੍ਰੀਤ ਸਿੰਘ, ਸਤਨਾਮ ਐਂਬੂਲੈਂਸ ਸਮੇਤ ਮੌਕੇ 'ਤੇ ਪਹੁੰਚੇ ਤੇ ਪੁਲਿਸ ਨੂੰ ਮੌਕੇ 'ਤੇ ਬੁਲਾ ਕੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਸਿਵਲ ਹਸਪਤਾਲ ਪਹੁੰਚਾਇਆ। ਮ੍ਰਿਤਕ ਦੀ ਪਛਾਣ ਤਰਨਜੀਤ ਸਿੰਘ (44 ਸਾਲ) ਪੁੱਤਰ ਗੁਰਮੇਲ ਸਿੰਘ ਵਾਸੀ ਬੰਬੀਹਾ ਭਾਈ (ਮੋਗਾ) ਵਜੋਂ ਹੋਈ ਹੈ। ਥਾਣਾ ਥਰਮਲ ਪੁਲਿਸ ਮਾਮਲੇ ਦੀ ਪੜਤਾਲ ਕਰ ਰਹੀ ਹੈ ।

# ਐੱਸ.ਆਈ.ਟੀ. ਨੇ ਸਾਬਕਾ ਬਾਦਲ ਤੋਂ ਕੀਤੀ ਪੁੱਛਗਿੱਛ



ਚੰਡੀਗੜ੍ਹ, 13 ਅਕਤੂਬਰ (ਪੋਸਟ ਬਿਊਰੋ): 2015 ਦੇ ਕੋਟਕਪੂਰਾ ਗੋਲੀ ਕਾਂਡ ਮਾਮਲੇ ਵਿੱਚ ਅੱਜ ਏਡੀਜੀਪੀ ਐੱਲ.ਕੇ ਯਾਦਵ ਦੀ ਅਗਵਾਈ ਵਾਲੀ ਐੱਸ.ਆਈ.ਟੀ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਪੁੱਛਗਿੱਛ ਕੀਤੀ ਹੈ . ਇਸ ਦੌਰਾਨ ਐੱਸ.ਆਈ.ਟੀ ਸਵੇਰੇ 11 ਵਜੇ ਪ੍ਰਕਾਸ਼ ਸਿੰਘ ਬਾਦਲ ਦੇ ਚੰਡੀਗੜ੍ਹ ਸਥਿਤ ਘਰ ਪਹੁੰਚੀ ਸੀ।

ਐੱਸ.ਆਈ.ਟੀ ਨੇ ਪ੍ਰਕਾਸ਼ ਸਿੰਘ ਬਾਦਲ ਕੋਲੋਂ ਲਗਭਗ ਤਿੰਨ ਘੰਟੇ ਤੱਕ ਪੁੱਛਗਿੱਛ ਕੀਤੀ ਹੈ। ਪ੍ਰਪਾਤ ਜਾਣਕਾਰੀ ਅਨੁਸਾਰ ਪ੍ਰਕਾਸ਼ ਸਿੰਘ ਬਾਦਲ ਨੇ ਐੱਸ.ਆਈ.ਟੀ ਦੇ ਸਾਰੇ ਸਵਾਲਾਂ ਦੇ ਜਵਾਬ ਦਿੱਤੇ ਹਨ ਅਤੇ ਇਸਦੇ ਨਾਲ ਹੀ ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਪੁੱਛਗਿੱਛ ਵਿਚ ਪੂਰਾ ਸਹਿਯੋਗ ਕਰਨਗੇ । ਉਨ੍ਹਾਂ ਨੇ ਕਿਹਾ ਕਿ ਜੇਕਰ ਐਸਆਈਟੀ ਨੂੰ ਲੋੜ ਪਈ ਤਾਂ ਉਹ ਫਿਰ ਤੋਂ ਐੱਸ.ਆਈ.ਟੀ ਦੇ ਸਾਹਮਣੇ ਪੇਸ਼ ਹੋਣਗੇ। ਇਸਤੋਂ ਪਹਿਲਾਂ ਤਤਕਾਲੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਕੋਲੋਂ ਵੀ ਐੱਸ.ਆਈ.ਟੀ ਵੱਲੋਂ ਪੁੱਛਗਿੱਛ ਕੀਤੀ ਜਾ ਚੁੱਕੀ ਹੈ। ਜ਼ਿਕਰਯੋਗ ਹੈ ਕਿ 14 ਅਕਤੂਬਰ ਨੂੰ ਕੋਟਕਪੂਰਾ ਗੋਲੀ ਕਾਂਡ ਮਾਮਲੇ ਦੀ ਬਰਸੀ ਹੈ, ਜਿਸਦੇ ਸੱਤ ਸਾਲ ਪੂਰੇ ਹੋ ਜਾਣਗੇ।

# ਪਰਾਲੀ ਨੂੰ ਬਿਨ੍ਹਾਂ ਅੱਗ ਲਗਾਏ ਖੇਤੀ ਕਰਕੇ ਜੈ ਸਿੰਘ ਵਾਲਾ ਦਾ ਕਿਸਾਨ ਗੁਰਮੁਖ ਸਿੰਘ ਬਣਿਆ ਹੋਰਨਾਂ ਕਿਸਾਨਾਂ ਲਈ ਮਿਸਾਲ

ਪਰਾਲੀ ਨੂੰ ਖੇਤਾਂ ਵਿੱਚ ਹੀ ਵਾਹੁਣ ਨਾਲ ਖੇਤ ਦੀ ਉਪਜਾਊ ਸ਼ਕਤੀ ਵਿੱਚ ਹੁੰਦੈ ਚੋਖਾ ਵਾਧਾ : ਗੁਰਮੁਖ ਸਿੰਘ

-ਪਿਛਲੇ 5 ਸਾਲਾਂ ਤੋਂ ਖੇਤੀਬਾੜੀ ਵਿਭਾਗ ਨਾਲ ਤਾਲਮੇਲ ਕਰਕੇ ਕਰ ਰਿਹੈ ਆਪਣੇ 15 ਏਕੜ ਜ਼ਮੀਨ 'ਤੇ ਮੁਨਾਫ਼ੇ ਵਾਲੀ ਖੇਤੀ




ਮੋਗਾ, 13 ਅਕਤੂਬਰ (ਪੋਸਟ ਬਿਊਰੋ): ਜ਼ਿਲ੍ਹਾ ਮੋਗਾ ਦੇ ਪਿੰਡ ਜੈ ਸਿੰਘ ਵਾਲਾ ਦੇ ਉਦਮੀ ਅਤੇ ਅਗਾਂਹ ਵਧੂ ਕਿਸਾਨ ਗੁਰਮੁਖ ਸਿੰਘ ਨੇ ਪਿਛਲੇ 5 ਸਾਲਾਂ ਤੋਂ ਪਰਾਲੀ ਨੂੰ ਅੱਗ ਲਗਾਏ ਬਿਨ੍ਹਾਂ ਉੱਨਤ ਖੇਤੀ ਕਰਨ ਵਿੱਚ ਇੱਕ ਮਿਸਾਲ ਪੈਦਾ ਕੀਤੀ ਹੈ। ਕਿਸਾਨ ਗੁਰਮੁੱਖ ਸਿੰਘ ਨੇ ਦੱਸਿਆ ਕਿ ਉਹ 15 ਏਕੜ ਆਪਣੀ ਮਾਲਕੀ ਵਾਲੀ ਜ਼ਮੀਨ ਦੀ ਖੇਤੀ ਕਰਦਾ ਹੈ। ਉਸਨੇ ਦੱਸਿਆ ਕਿ ਉਹ 5 ਸਾਲਾਂ ਤੋਂ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨਾਲ ਤਾਲਮੇਲ, ਕੁਆਲਟੀ ਦੇ ਬੀਜ ਅਤੇ ਖੇਤੀ ਮਸ਼ੀਨਰੀ ਸਬਸਿਡੀ 'ਤੇ ਪ੍ਰਾਪਤ ਕਰਕੇ ਖੇਤੀ ਧੰਦੇ ਅਤੇ ਹੋਰ ਸਹਾਇਕ ਧੰਦੇ ਅਪਣਾ ਕੇ ਚੰਗਾ ਮੁਨਾਫਾ ਕਮਾ ਰਿਹਾ ਹੈ ਅਤੇ ਉਹ ਖੇਤੀਬਾੜੀ ਵਿਭਾਗ ਵੱਲੋਂ ਮੁਨਾਫ਼ੇ ਵਾਲੀ ਅਤੇ ਵਾਤਾਵਰਨ ਪੱਖੀ ਖੇਤੀ ਨੂੰ ਅਪਨਾ ਕੇ ਪੂਰੀ ਤਰ੍ਹਾਂ ਸੰਤੁਸ਼ਟ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਜੀਰੋ ਸਟਬਲ ਬਰਨ ਸੂਬਾ ਬਣਾਉਣ ਦੀ ਮੁਹਿੰਮ ਵਿੱਚ ਕਿਸਾਨਾਂ ਨੂੰ ਪਰਾਲੀ ਨਾ ਸਾੜ ਕੇ ਯੋਗਦਾਨ ਪਾਉਣਾ ਚਾਹੀਦਾ ਹੈ।

ਗੁਰਮੁਖ ਸਿੰਘ ਨੇ ਕਿਹਾ ਕਿ ਪਰਾਲੀ ਨੂੰ ਅੱਗ ਨਾ ਲਗਾਕੇ, ਇਸ ਨੂੰ ਮਸ਼ੀਨਾਂ ਰਾਹੀਂ ਖੇਤਾਂ ਵਿੱਚ ਹੀ ਮਿਲਾਕੇ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਹੁੰਦਾ ਹੈ ਜਿਸ ਨਾਲ ਖਾਦਾਂ ਦੀ ਖਪਤ ਅਤੇ ਖਰਚਾ ਘਟਦਾ ਹੈ ਅਤੇ ਮੁਨਾਫ਼ਾ ਵਧਦਾ ਹੈ। ਉਸਨੇ ਆਪਣੇ ਖੇਤ ਵਿਚ ਝੋਨੇ ਦੀ ਫ਼ਸਲ ਦੀ ਕਟਾਈ ਸੁਪਰ ਐਸ. ਐਮ. ਐਸ. ਸੰਯੁਕਤ ਕੰਬਾਇਨ ਨਾਲ ਕਰਵਾਈ ਹੈ। ਗੁਰਮੁਖ ਸਿੰਘ ਨੇ ਖੇਤੀਬਾੜੀ ਵਿਭਾਗ ਦੀਆਂ ਨਵੀਆਂ ਤਕਨੀਕਾਂ ਨਾਲ ਪੂਰੀ ਤਰ੍ਹਾਂ ਸੰਤੁਸ਼ਟੀ ਜਾਹਰ ਕੀਤੀ। ਉਸਨੇ ਕਿਹਾ ਕਿ ਪਰਾਲੀ ਨਾ ਸਾੜਨ ਦੇ ਫਾਇਦਿਆਂ ਦਾ ਤਜ਼ਰਬਾ ਉਸਨੇ ਪਿਛਲੇ 5 ਸਾਲਾਂ ਤੋਂ ਖੁਦ ਦੇਖਿਆ ਹੈ।

ਉਸਨੇ ਦਸਿਆ ਕਿ ਪਿਛਲੇ ਕੁੱਝ ਸਾਲਾਂ ਦੌਰਾਨ ਖੇਤੀਬਾੜੀ ਵਿਭਾਗ ਅਤੇ ਆਤਮਾ ਸਕੀਮ ਦੇ ਸੰਪਰਕ ਵਿੱਚ ਆਉਣ ਕਰਕੇ ਡੀ.ਏ.ਪੀ. ਦੀ ਖਪਤ ਝੋਨੇ ਦੀ ਫਸਲ 'ਤੇ ਬਿਲਕੁਲ ਬੰਦ ਕੀਤੀ ਹੈ ਅਤੇ ਯੂਰੀਏ ਦੀ ਵਰਤੋਂ ਵੀ ਕਾਫੀ ਘੱਟ ਕੀਤੀ ਹੈ। ਕਿਸਾਨ ਨੇ ਦੱਸਿਆ ਕਿ ਇਸ ਸਾਲ ਝੋਨੇ ਦੀ ਫਸਲ ਤੇ ਕੋਈ ਵੀ ਕੀੜੇਮਾਰ ਜਾਂ ਕੀਟਨਾਸ਼ਕ ਦਵਾਈ ਦੀ ਲੋੜ ਮਹਿਸੂਸ ਨਹੀਂ ਹੋਈ।

ਇਹ ਕਿਸਾਨ ਪਰਾਲੀ ਨਾ ਸਾੜਨ ਅਤੇ ਘੱਟ ਖਾਦਾਂ ਦੀ ਵਰਤੋਂ ਕਰਨ ਕਰਕੇ ਸੁੱਧ ਵਾਤਾਵਰਨ ਨੂੰ ਬਹੁਤ ਵੱਡੀ ਦੇਣ ਦੇ ਰਿਹਾ ਹੈ। ਇਸ ਦੇ ਨਾਲ-ਨਾਲ ਬਿਨ੍ਹਾਂ ਸਪਰੇਅ ਕੀਤਿਆਂ ਘਰੇਲੂ ਬਗੀਚੀ ਵਿੱਚ ਸਬਜ਼ੀਆਂ ਦੀ ਕਾਸ਼ਤ ਕਰਦਾ ਹੈ। ਇਹ ਕਿਸਾਨ ਆਪਣੇ ਇਲਾਕੇ ਵਿੱਚ ਹੋਰ ਕਿਸਾਨਾਂ ਲਈ ਪ੍ਰੇਰਣਾ ਦੇਣ ਲਈ ਚਾਨਣ ਮੁਨਾਰਾ ਬਣਿਆ ਹੈ ।

ਕਿਸਾਨ ਗੁਰਮੁਖ ਸਿੰਘ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਗਾਏ ਬਿਨ੍ਹਾਂ ਵਾਤਾਵਰਨ ਪੱਖੀ ਅਤੇ ਮੁਨਾਫ਼ੇ ਵਾਲੀ ਖੇਤੀ ਕਰਨ ਨੂੰ ਤਰਜ਼ੀਹ ਦੇਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜਦੋਂ ਕਿ ਪਰਾਲੀ ਨੂੰ ਸਾੜਨ ਦਾ ਕਿਸਾਨ ਨੂੰ ਕਿਸੇ ਵੀ ਤਰ੍ਹਾਂ ਦਾ ਕੋਈ ਫਾਇਦਾ ਹੋਣ ਦੀ ਬਿਜਾਇ ਨੁਕਸਾਨ ਹੀ ਹੁੰਦਾ ਹੈ ਤਾਂ ਸਾਨੂੰ ਇਸ ਨੂੰ ਸਾੜਨ ਦੀ ਜਰੂਰਤ ਹੀ ਕਿਉਂ ਹੈ।






# ਹਿਜਾਬ ਬੈਨ ਮਾਮਲੇ 'ਚ ਸੁਪਰੀਮ ਕੋਰਟ ਦੇ ਦੋ ਜੱਜਾਂ ਨੇ ਦਿੱਤਾ 'ਸਪਲਿਟ' ਫੈਸਲਾ

* ਕਿਹਾ, ਬੱਚੀਆਂ ਦੀ ਸਿੱਖਿਆ ਜਰੂਰੀ, ਹਿਜਾਬ ਪਹਿਨਣਾ ਪਸੰਦ ਦਾ ਮਾਮਲਾ

ਨਵੀਂ ਦਿੱਲੀ, 13 ਅਕਤੂਬਰ (ਪੋਸਟ ਬਿਊਰੋ)- ਵੀਰਵਾਰ ਨੂੰ ਸੁਪਰੀਮ ਕੋਰਟ ਦੇ ਦੋ ਜੱਜਾਂ ਨੇ ਕਰਨਾਟਕ 'ਚ ਵਿਦਿਅਕ ਸੰਸਥਾਵਾਂ 'ਚ ਹਿਜਾਬ 'ਤੇ ਪਾਬੰਦੀ ਜਾਰੀ ਰੱਖਣ ਬਾਰੇ ਵੱਖ-ਵੱਖ ਫੈਸਲਾ ਦਿੱਤਾ। ਹੁਣ ਇਹ ਮਾਮਲਾ ਵੱਡੀ ਬੈਂਚ ਦਾ ਗਠਨ ਕਰਨ ਲਈ ਸੀਜੇਆਈ ਕੋਲ ਭੇਜਿਆ ਜਾ ਰਿਹਾ ਹੈ। ਜਸਟਿਸ ਸੁਧਾਂਸ਼ੂ ਧੂਲੀਆ ਨੇ ਜਿੱਥੇ ਹਾਈ ਕੋਰਟ ਦੇ ਫੈਸਲੇ ਨੂੰ ਪਲਟਣ ਦੇ ਹੱਕ ਵਿੱਚ ਲਿਖਿਆ ਹੈ, ਉਥੇ ਹੀ ਜਸਟਿਸ ਹੇਮੰਤ ਗੁਪਤਾ ਨੇ ਹਾਈ ਕੋਰਟ ਦੇ ਫੈਸਲੇ ਨੂੰ ਬਰਕਰਾਰ ਰੱਖਣ ਦੇ ਹੱਕ ਵਿੱਚ ਫੈਸਲਾ ਸੁਣਾਇਆ ਹੈ। ਜਸਟਿਸ ਧੂਲੀਆ ਨੇ ਕਿਹਾ ਕਿ ਮੁੱਖ ਗੱਲ ਬੱਚੀਆਂ ਦੀ ਸਿੱਖਿਆ ਹੈ। ਲੜਕੀਆਂ ਨੂੰ ਸਿੱਖਿਆ ਪ੍ਰਾਪਤ ਕਰਨ ਵਿੱਚ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਹੋਰ ਵੀ ਬਹੁਤ ਸਾਰੀਆਂ ਮੁਸ਼ਕਲਾਂ ਹਨ। ਪਰ ਕੀ ਅਸੀਂ ਅਜਿਹੀਆਂ ਪਾਬੰਦੀਆਂ ਲਗਾ ਕੇ ਉਨ੍ਹਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾ ਰਹੇ ਹਾਂ?

ਦੋਵਾਂ ਜੱਜਾਂ ਨੇ ਆਪਣੇ ਹੁਕਮ ਵਿੱਚ ਅਹਿਮ ਟਿੱਪਣੀਆਂ ਕੀਤੀਆਂ। ਜਸਟਿਸ ਧੂਲੀਆ ਨੇ ਧਰਮ ਨਿਰਪੱਖਤਾ, ਸੰਵਿਧਾਨਕ ਆਜ਼ਾਦੀ ਅਤੇ ਲੜਕੀਆਂ ਦੀ ਸਿੱਖਿਆ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ, "ਵਿਸ਼ਵਾਸ ਸਾਡੇ ਸੰਵਿਧਾਨ ਦੇ ਕਈ ਪਹਿਲੂਆਂ ਵਿੱਚੋਂ ਇੱਕ ਹੈ। ਸਾਡਾ ਸੰਵਿਧਾਨ ਵੀ ਭਰੋਸੇ ਦਾ ਦਸਤਾਵੇਜ਼ ਹੈ।" ਉਨ੍ਹਾਂ ਕਿਹਾ, "ਇਹ ਜ਼ਰੂਰੀ ਹੈ ਕਿ ਸਕੂਲਾਂ ਵਿੱਚ



ਅਨੁਸ਼ਾਸਨ ਹੋਵੇ ਪਰ ਇਹ ਅਨੁਸ਼ਾਸਨ ਆਜ਼ਾਦੀ, ਸਨਮਾਨ ਦੀ ਕੀਮਤ 'ਤੇ ਨਹੀਂ ਹੋਣਾ ਚਾਹੀਦਾ। ਸਕੂਲ ਦੇ ਗੇਟ 'ਤੇ ਇੱਕ ਸਕੂਲੀ ਵਿਦਿਆਰਥਣ ਨੂੰ ਉਸ ਦਾ ਹਿਜਾਬ ਉਤਾਰਨ ਲਈ ਕਹਿਣਾ ਉਸ ਦੀ ਨਿੱਜਤਾ ਅਤੇ ਮਾਣ-ਸਨਮਾਨ 'ਤੇ ਹਮਲਾ ਹੈ।" ਉਸਨੇ ਕਿਹਾ, "ਇਹ ਆਖਿਰਕਾਰ ਪਸੰਦ ਦਾ ਮਾਮਲਾ ਹੈ ਅਤੇ ਹੋਰ ਕੁਝ ਨਹੀਂ। ਸਾਰੇ ਪਟੀਸ਼ਨਕਰਤਾ ਹਿਜਾਬ ਪਹਿਨਣਾ ਚਾਹੁੰਦੇ ਹਨ। ਕੀ ਲੋਕਤੰਤਰ ਵਿੱਚ ਇਹ ਪੁੱਛਣਾ ਬਹੁਤ ਜ਼ਿਆਦਾ ਹੈ? ਇਹ ਨੈਤਿਕਤਾ ਜਾਂ ਸਿਹਤ ਦੇ ਵਿਰੁੱਧ ਕਿਵੇਂ ਹੈ?

ਜਸਟਿਸ ਧੂਲੀਆ ਨੇ ਕਿਹਾ ਕਿ ਇਸ ਮਾਮਲੇ ਦਾ ਫੈਸਲਾ ਕਰਦੇ ਸਮੇਂ ਉਨ੍ਹਾਂ ਨੇ ਲੜਕੀਆਂ ਦੀ ਸਿੱਖਿਆ ਨੂੰ ਧਿਆਨ 'ਚ ਰੱਖਿਆ ਸੀ। ਉਨ੍ਹਾਂ ਕਿਹਾ, "ਇਹ ਜਗ ਜਾਹਰ ਤੱਥ ਹੈ ਕਿ ਪੇਂਡੂ ਖੇਤਰਾਂ ਅਤੇ ਅਰਧ-ਸ਼ਹਿਰੀ ਖੇਤਰਾਂ ਵਿੱਚ ਲੜਕੀਆਂ ਨੂੰ ਪਹਿਲਾਂ ਹੀ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਤਾਂ ਕੀ ਅਸੀਂ ਉਨ੍ਹਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾ ਰਹੇ ਹਾਂ, ਇਹ ਸਵਾਲ ਮੇਰੇ ਦਿਮਾਗ ਵਿੱਚ ਵੀ ਸੀ।"

ਦੂਜੇ ਪਾਸੇ ਦੂਜੇ ਜੱਜ ਜਸਟਿਸ ਹੇਮੰਤ ਗੁਪਤਾ ਨੇ ਵਿਦਿਅਕ ਅਦਾਰਿਆਂ ਵਿਚ ਹਿਜਾਬ 'ਤੇ ਪਾਬੰਦੀ ਹਟਾਉਣ ਤੋਂ ਇਨਕਾਰ ਕਰਨ ਵਾਲੇ ਕਰਨਾਟਕ ਹਾਈ ਕੋਰਟ ਦੇ ਫੈਸਲੇ ਵਿਰੁੱਧ ਅਪੀਲ ਨੂੰ ਖਾਰਜ ਕਰ ਦਿੱਤਾ। ਹਾਈਕੋਰਟ ਦੇ ਫੈਸਲੇ ਨਾਲ ਸਹਿਮਤ ਹੁੰਦਿਆਂ ਜਸਟਿਸ ਗੁਪਤਾ ਨੇ ਕਿਹਾ, "ਮਤਭੇਦ ਹਨ।" ਜਸਟਿਸ ਹੇਮੰਤ ਗੁਪਤਾ ਨੇ ਕਿਹਾ ਕਿ ਇਸ ਮਾਮਲੇ ਵਿੱਚ ਸਾਡੀ ਰਾਏ ਵੱਖਰੀ ਹੈ। ਮੇਰੇ ਕੋਲ 11 ਸਵਾਲ ਹਨ - ਪਹਿਲਾ ਸਵਾਲ ਇਹ ਹੈ ਕਿ ਕੀ ਇਸ ਨੂੰ ਵੱਡੇ ਬੈਂਚ ਕੋਲ ਭੇਜਿਆ ਜਾਣਾ ਚਾਹੀਦਾ ਹੈ? ਕੀ ਹਿਜਾਬ ਪਾਬੰਦੀ ਨੇ ਕੁੜੀਆਂ ਨੂੰ ਵਿਗਾੜਿਆ ਹੈ? ਕੀ ਹਿਜਾਬ ਪਹਿਨਣਾ ਧਰਮ ਦਾ ਲਾਜ਼ਮੀ ਹਿੱਸਾ ਹੈ? ਕੀ ਹਿਜਾਬ ਪਹਿਨਣਾ ਧਾਰਮਿਕ ਆਜ਼ਾਦੀ ਦੇ ਅਧੀਨ ਹੈ? "ਮੈਂ ਅਪੀਲ ਨੂੰ ਖਾਰਜ ਕਰਨ ਦਾ ਪ੍ਰਸਤਾਵ ਦਿੰਦਾ ਹਾਂ," ਉਸਨੇ ਕਿਹਾ।

## ਦਿੱਲੀ ਦੇ ਹੋਟਲ 'ਚ ਔਰਤ ਨੂੰ ਨਸ਼ੀਲਾ ਪਦਾਰਥ ਦੇ ਕੇ ਕੀਤਾ ਗੈਗਰੇਪ

ਨਵੀਂ ਦਿੱਲੀ, 13 ਅਕਤੂਬਰ, (ਪੋਸਟ ਬਿਊਰੋ)- ਉੱਤਰ ਪੱਛਮੀ ਦਿੱਲੀ ਦੇ ਆਦਰਸ਼ ਨਗਰ 'ਚ ਇਕ ਹੋਟਲ ਦੇ ਕਮਰੇ 'ਚ 32 ਸਾਲਾ ਔਰਤ ਨਾਲ ਤਿੰਨ ਵਿਅਕਤੀਆਂ ਨੇ ਕਥਿਤ ਤੌਰ 'ਤੇ ਬਲਾਤਕਾਰ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਨੇ ਦੱਸਿਆ ਕਿ ਮੁਲਜ਼ਮ ਅਜੇ (39), ਤਾਰਾ ਚੰਦ (34) ਅਤੇ ਨਰੇਸ਼ (38) ਵਾਸੀ ਅਲਵਰ, ਰਾਜਸਥਾਨ ਹਨ, ਜਿਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਦੀ ਡਿਪਟੀ ਕਮਿਸ਼ਨਰ (ਉੱਤਰ-ਪੱਛਮੀ) ਊਸ਼ਾ ਰੰਗਨਾਨੀ ਨੇ ਕਿਹਾ ਕਿ ਘਟਨਾ ਦੇ ਸਬੰਧ ਵਿੱਚ ਐਤਵਾਰ ਨੂੰ ਆਦਰਸ਼ ਨਗਰ ਪੁਲਿਸ ਸਟੇਸ਼ਨ ਨੂੰ ਇੱਕ ਪੀਸੀਆਰ ਕਾਲ ਪ੍ਰਾਪਤ ਹੋਈ ਸੀ।

ਪੁਲਸ ਅਧਿਕਾਰੀ ਨੇ ਦੱਸਿਆ ਕਿ ਔਰਤ ਨੇ ਆਪਣੇ ਬਿਆਨ 'ਚ ਕਿਹਾ ਕਿ ਉਸ ਨੂੰ ਉਸ ਦੇ ਜਾਣਕਾਰ ਅਜੇ ਨੇ ਐਤਵਾਰ ਨੂੰ ਇਕ ਹੋਟਲ ਦੇ ਕਮਰੇ 'ਚ ਬੁਲਾਇਆ, ਜਿੱਥੇ ਉਸ ਦੇ ਦੋ ਦੋਸਤ ਵੀ ਮੌਜੂਦ ਸਨ। ਉਸ ਦੀ ਸ਼ਿਕਾਇਤ ਦੇ ਆਧਾਰ 'ਤੇ ਪੁਲਸ ਨੇ ਦੱਸਿਆ ਕਿ ਉਨ੍ਹਾਂ ਨੇ ਔਰਤ ਨੂੰ ਨਸ਼ੀਲਾ ਪਦਾਰਥ ਪਿਲਾਇਆ, ਜਿਸ ਤੋਂ ਬਾਅਦ ਉਹ ਬੇਹੋਸ਼ ਹੋ ਗਈ। ਇਸ ਤੋਂ ਬਾਅਦ ਤਿੰਨਾਂ ਨੇ ਕਥਿਤ ਤੌਰ 'ਤੇ ਔਰਤ ਨਾਲ ਬਲਾਤਕਾਰ ਕੀਤਾ।

ਭਾਰਤੀ ਦੰਡਾਵਲੀ ਦੀ ਧਾਰਾ 376 ਡੀ (ਗੈਂਗ ਰੇਪ), 377 (ਗੈਂਗਵਾਰ ਅਪਰਾਧ) ਅਤੇ 328 (ਜ਼ਹਿਰ ਨਾਲ ਚੋਟ ਪਹੁੰਚਾਉਣਾ) ਔਰਤ ਦੇ ਬਿਆਨ ਅਤੇ ਮੈਡੀਕਲ-ਲੀਗਲ ਕੇਸ (ਐਮਐਲਸੀ) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਜਾਂਚ ਟੀਮ ਨੇ ਹੋਟਲ ਤੋਂ ਨਮੂਨੇ ਇਕੱਠੇ ਕਰ ਲਏ ਹਨ ਅਤੇ ਅਗਲੇਰੀ ਜਾਂਚ ਜਾਰੀ ਹੈ।

# ਦਿੱਲੀ ਪੁਲਿਸ ਨੇ ਦੋ ਗੈਂਗਸਟਰਾਂ ਭਾਰੀ ਅਸਲੇ ਸਮੇਤ ਕੀਤੇ ਗ੍ਰਿਫਤਾਰ

ਨਵੀਂ ਦਿੱਲੀ, 13 ਅਕਤੂਬਰ (ਪੋਸਟ ਬਿਊਰੋ): ਦਿੱਲੀ ਪੁਲਿਸ ਨੇ ਦੀਪਕ ਉਰਫ਼ ਪੋਪਟ ਅਤੇ ਗੁਲਸ਼ਨ ਕੁਮਾਰ ਉਰਫ਼ ਗੁਲੀਆ ਨਾਮ ਦੇ ਦੋ ਕਥਿਤ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਦੋਵੇਂ ਬਦਮਾਸ਼ਾਂ ਦੇ ਮਸ਼ਹੂਰ ਗੈਂਗਸਟਰ ਲਾਰੈਂਸ ਬਿਸ਼ਨੋਈ, ਸੰਪਤ ਨਹਿਰਾ, ਟੀਨੂੰ ਭਿਵਾਨੀ ਸਮੇਤ ਕਈ ਗਰੁੱਪਾਂ ਨਾਲ ਪੁਰਾਣੇ ਸਬੰਧ ਹਨ। ਦੋਵਾਂ ਗੈਂਗਸਟਰਾਂ ਖ਼ਿਲਾਫ਼ ਦਿੱਲੀ ਅਤੇ ਹਰਿਆਣਾ ਵਿੱਚ ਦਰਜਨ ਤੋਂ ਵੱਧ ਅਪਰਾਧਿਕ ਮਾਮਲੇ ਦਰਜ ਹਨ।

ਦਿੱਲੀ ਪੁਲਿਸ ਦੇ ਸਪੈਸ਼ਲ



ਸੈੱਲ ਨੇ ਮੰਗਲਵਾਰ ਨੂੰ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਏਸੀਪੀ ਅਤਰ ਸਿੰਘ ਦੀ ਨਿਗਰਾਨੀ ਹੇਠ ਇੰਸਪੈਕਟਰ ਸ਼ਿਵ ਕੁਮਾਰ ਅਤੇ ਇੰਸਪੈਕਟਰ ਜਤਿੰਦਰ ਮਾਵੀ ਦੀ ਅਗਵਾਈ ਹੇਠ ਸਪੈਸ਼ਲ ਸੈੱਲ ਐਸਆਰ ਦੀ ਇੱਕ ਟੀਮ ਨੇ ਦੋਨਾਂ ਨੂੰ ਦਿੱਲੀ ਦੇ ਇਲਾਕੇ ਵਿੱਚ ਗੋਲੀਬਾਰੀ ਕਰਨ ਤੋਂ ਬਾਅਦ ਗ੍ਰਿਫਤਾਰ ਕੀਤਾ। ਲਾਡੋ ਸਰਾਏ, ਦਿੱਲੀ ਅਤੇ 30 ਸਤੰਬਰ ਦੀ ਅੱਧੀ ਰਾਤ ਨੂੰ ਗ੍ਰਿਫਤਾਰ ਕੀਤਾ ਗਿਆ।

ਪੁਲੀਸ ਅਨੁਸਾਰ 30 ਸਤੰਬਰ ਦੀ ਰਾਤ ਕਰੀਬ 10.15 ਵਜੇ ਦੀਪਕ ਉਰਫ਼ ਪੋਪਟ ਅਤੇ ਗੁਲਸ਼ਨ ਕੁਮਾਰ ਨੂੰ ਛੱਤਰਪੁਰ ਤੋਂ ਦਿੱਲੀ ਦੀ ਲਾਡੋ ਸਰਾਏ ਵੱਲ ਜਾਂਦੇ ਦੇਖਿਆ ਗਿਆ। ਪੁਲੀਸ ਨੇ ਦੋਵਾਂ ਮੁਲਜ਼ਮਾਂ ਨੂੰ ਚੈਕਿੰਗ ਪੁਆਇੰਟ 'ਤੇ ਰੁਕਣ ਦਾ ਇਸ਼ਾਰਾ ਕੀਤਾ ਪਰ ਦੀਪਕ ਉਰਫ਼ ਪੋਪਟ ਨੇ ਅਚਾਨਕ ਪਿਸਤੌਲ ਕੱਢ ਕੇ ਗੋਲੀ ਚਲਾ ਦਿੱਤੀ। ਪੁਲਿਸ ਨੇ ਵੀ ਆਤਮ ਰੱਖਿਆ ਵਿੱਚ ਜਵਾਬੀ ਕਾਰਵਾਈ ਕੀਤੀ।

ਦੀਪਕ ਦੇ ਕਬਜ਼ੇ 'ਚੋਂ ਗੁਲਸ਼ਨ ਕੁਮਾਰ ਕੋਲੋਂ 32 ਦਾ ਇਕ ਅਰਧ-ਆਟੋਮੈਟਿਕ ਪਿਸਤੌਲ, ਚਾਰ ਜਿੰਦਾ ਕਾਰਤੂਸ ਅਤੇ 315 ਬੋਰ ਦਾ ਇਕ ਸਿੰਗਲ ਸ਼ਾਟ ਪਿਸਤੌਲ ਅਤੇ ਦੋ ਜਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ। ਦੋਵਾਂ ਕੋਲੋਂ ਇੱਕ ਟੀਵੀਐਸ ਬਾਈਕ ਵੀ ਬਰਾਮਦ ਹੋਈ ਹੈ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੇ ਇਹ ਬਾਈਕ ਦੋ ਮਹੀਨੇ ਪਹਿਲਾਂ ਦਿੱਲੀ ਦੇ ਯਮੁਨਾ ਵਿਹਾਰ ਇਲਾਕੇ ਤੋਂ ਚੋਰੀ ਕੀਤੀ ਸੀ।

## ਨਰਬਲੀ ਦਿੱਤੀ, ਫਿਰ ਲਾਸ਼ ਨੂੰ ਖਾ ਗਏ, ਤਿੰਨ ਟੋਇਆਂ 'ਚੋਂ ਮਿਲੀਆਂ ਲਾਸ਼ਾਂ



ਕੇਰਲ, 13 ਅਕਤੂਬਰ (ਪੋਸਟ ਬਿਊਰੋ)- ਕੇਰਲ 'ਚ ਮਨੁੱਖੀ ਬਲੀ ਦੀ ਨੀਅਤ ਨਾਲ ਦੋ ਔਰਤਾਂ ਦੀ ਹੱਤਿਆ ਦੇ ਮਾਮਲੇ 'ਚ ਸਨਸਨੀਖੇਜ਼ ਖੁਲਾਸੇ ਹੋਏ ਹਨ। ਦੱਸ ਦਈਏ ਕਿ ਇਸ ਮਾਮਲੇ 'ਚ ਇਕ ਜੋੜੇ ਸਮੇਤ ਤਿੰਨ ਮੁਲਜ਼ਮ ਹਨ, ਜਿਨ੍ਹਾਂ ਨੇ ਆਰਥਿਕ ਤੰਗੀ ਦੂਰ ਕਰਨ ਅਤੇ ਖੁਸ਼ਹਾਲੀ ਹਾਸਲ ਕਰਨ ਲਈ ਇਨ੍ਹਾਂ ਔਰਤਾਂ ਦੀ ਬਲੀ ਦਿੱਤੀ ਸੀ। ਮ੍ਰਿਤਕ ਪਦਮਾ ਅਤੇ ਰੋਜ਼ਲਿਨ ਸਰੀਰ ਦੇ ਅੰਗਾਂ ਨੂੰ ਟੁਕੜਿਆਂ ਵਿੱਚ ਕੱਟ ਕੇ ਘਰ ਦੇ ਪਿੱਛੇ ਦੱਬ ਦਿੱਤਾ ਗਿਆ ਸੀ।

ਜਾਂਚ 'ਚ ਜੁਟੀ ਪੁਲਸ ਨੇ ਦੱਸਿਆ ਕਿ ਪੀੜਤ ਔਰਤ ਦੇ ਸਰੀਰ ਦਾ ਹਿੱਸਾ ਤਿੰਨ ਟੋਇਆਂ 'ਚੋਂ ਬਰਾਮਦ ਹੋਇਆ ਹੈ, ਜਿੱਥੇ ਉਸ ਨੂੰ ਦੱਬਿਆ ਗਿਆ ਸੀ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਕਾਤਲਾਂ ਨੇ ਔਰਤਾਂ ਦੀ ਹੱਤਿਆ ਕਰਨ ਤੋਂ ਬਾਅਦ ਉਨ੍ਹਾਂ ਦੇ ਸਰੀਰ ਵਿੱਚੋਂ ਮਾਸ ਦਾ ਇੱਕ ਟੁਕੜਾ ਖਾ ਲਿਆ ਸੀ। ਪੁਲਸ ਦਾ ਕਹਿਣਾ ਹੈ ਕਿ ਮੁੱਖ ਮੁਲਜ਼ਮ ਫੇਸਬੁੱਕ ਰਾਹੀਂ ਲੋਕਾਂ ਨੂੰ ਲੱਭਦਾ ਸੀ।

ਪੁਲਸ ਨੇ ਦੱਸਿਆ ਕਿ ਸੜਕਾਂ 'ਤੇ ਲਾਟਰੀ ਦੀਆਂ ਟਿਕਟਾਂ ਵੇਚ ਕੇ ਰੋਜ਼ੀ-ਰੋਟੀ ਕਮਾਉਣ ਵਾਲੀਆਂ ਦੋਵੇਂ ਔਰਤਾਂ ਦੀ ਆਰਥਿਕ ਤੰਗੀ ਦੂਰ ਕਰਨ ਅਤੇ ਖੁਸ਼ਹਾਲੀ ਲਿਆਉਣ ਲਈ ਬਲੀ ਦਿੱਤੀ ਗਈ। ਮੰਗਲਵਾਰ ਨੂੰ ਪਠਾਨਮਥਿੱਟਾ ਦੇ ਏਲੰਥੁਰ ਪਿੰਡ 'ਚ ਜੋੜੇ ਦੇ ਘਰ ਦੇ ਵਿਹੜੇ 'ਚੋਂ ਮ੍ਰਿਤਕ ਦੇ ਕੱਟੇ ਅੰਗ ਬਰਾਮਦ ਕੀਤੇ ਗਏ। ਪੁਲਸ ਨੇ ਦੱਸਿਆ ਕਿ ਪੀੜਤਾਂ ਦੇ ਸਰੀਰ ਦੇ ਅੰਗਾਂ ਨੂੰ ਟੁਕੜਿਆਂ ਵਿੱਚ ਕੱਟ ਕੇ ਏਲੰਥੁਰ ਵਿੱਚ ਦੋ ਥਾਵਾਂ 'ਤੇ ਦਫ਼ਨਾਇਆ ਗਿਆ ਸੀ। ਪੁਲਿਸ ਨੇ ਦੱਸਿਆ ਕਿ ਮੁਲਜ਼ਮਾਂ ਨੇ ਆਪਣਾ ਜੁਰਮ ਕਬੂਲ ਕਰ ਲਿਆ ਹੈ।

## ਲਾਲੂ ਯਾਦਵ ਗੁਰਦਿਆਂ ਦੇ ਇਲਾਜ ਲਈ ਸਿੰਗਾਪੁਰ ਪਹੁੰਚੇ

ਪਟਨਾ, 13 ਅਕਤੂਬਰ, (ਪੋਸਟ ਬਿਊਰੋ): ਰਾਸ਼ਟਰੀ ਜਨਤਾ ਦਲ ਵਲੋਂ ਬੀਤੇ ਦਿਨੀਂ ਐਲਾਨੇ ਗਏ ਪ੍ਰਧਾਨ ਲਾਲੂ ਪ੍ਰਸਾਦ ਯਾਦਵ ਕਿਡਨੀ ਦੀ ਸਮੱਸਿਆ ਨਾਲ ਜੂਝ ਰਹੇ ਹਨ। ਇਸ ਦੇ ਇਲਾਜ ਲਈ ਉਹ ਮੰਗਲਵਾਰ ਦੇਰ ਰਾਤ ਸਿੰਗਾਪੁਰ ਪਹੁੰਚੇ, ਜਿੱਥੇ ਉਨ੍ਹਾਂ ਦੀ ਬੇਟੀ ਰੋਹਿਣੀ ਆਚਾਰੀਆ ਨੇ ਉਨ੍ਹਾਂ ਦਾ ਸਵਾਗਤ ਕੀਤਾ। ਲਾਲੂ ਯਾਦਵ ਦੇ ਨਾਲ ਉਨ੍ਹਾਂ ਦੀ ਪਤਨੀ ਰਾਬੜੀ ਦੇਵੀ, ਐਮਪੀ ਬੇਟੀ ਮੀਸਾ ਭਾਰਤੀ, ਐਮਐਲਸੀ ਸੁਨੀਲ ਸਿੰਘ, ਸੁਭਾਸ਼ ਯਾਦਵ ਵੀ ਸਿੰਗਾਪੁਰ ਪਹੁੰਚ ਚੁੱਕੇ ਹਨ। ਧੀ ਰੋਹਿਣੀ ਅਚਾਰੀਆ ਨੇ ਲਾਲੂ ਯਾਦਵ ਦੇ ਸਿੰਗਾਪੁਰ ਪਹੁੰਚਣ ਦਾ ਵੀਡੀਓ ਟਵੀਟ ਕੀਤਾ ਹੈ। ਇਸ 'ਚ ਲਾਲੂ ਵ੍ਹੀਲਚੇਅਰ 'ਤੇ ਨਜ਼ਰ ਆ ਰਹੇ ਹਨ। ਲਾਲੂ ਯਾਦਵ ਦੇ ਪੁੱਤਰ ਤੇ ਬਿਹਾਰ ਦੇ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਨੇ ਲਾਲੂ ਯਾਦਵ ਦੀ ਸਿਹਤ ਬਾਰੇ ਜਾਣਕਾਰੀ ਦਿੱਤੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਲਾਲੂ ਯਾਦਵ ਨੂੰ ਕਿਡਨੀ ਦੀ ਸਮੱਸਿਆ ਹੈ। ਉਸ ਦਾ ਇਲਾਜ ਦਿੱਲੀ ਏਮਜ਼ ਦੇ ਡਾਕਟਰਾਂ ਦੀ ਨਿਗਰਾਨੀ ਹੇਠ ਚੱਲ ਰਿਹਾ ਹੈ, ਪਰ ਉਸ ਨੂੰ ਬਿਹਤਰ ਇਲਾਜ ਲਈ ਸਿੰਗਾਪੁਰ ਲਿਜਾਇਆ ਗਿਆ ਹੈ। ਉਥੋਂ ਦੇ ਡਾਕਟਰ ਦੀ ਸਲਾਹ ਅਨੁਸਾਰ ਹੀ ਇਲਾਜ ਕੀਤਾ ਜਾਵੇਗਾ।

## ਬੀਕਾਨੇਰ 'ਚ ਟੈਂਪੂ ਤੇ ਟੈਂਕਰ ਦੀ ਭਿਆਨਕ ਟੱਕਰ, ਪਤੀ-ਪਤਨੀ ਸਮੇਤ 3 ਦੀ ਮੌਤ

ਜੈਪੁਰ, 13 ਅਕਤੂਬਰ (ਪੋਸਟ ਬਿਊਰੋ)- ਰਾਜਸਥਾਨ ਦੇ ਬੀਕਾਨੇਰ ਜ਼ਿਲੇ ਦੇ ਗੰਗਾਸ਼ਹਿਰ ਥਾਣਾ ਖੇਤਰ 'ਚ ਬੁੱਧਵਾਰ ਨੂੰ ਨੋਖਾ ਹਾਈਵੇ 'ਤੇ ਇਕ ਟੈਂਪੂ ਅਤੇ ਟੈਂਕਰ ਵਿਚਾਲੇ ਹੋਈ ਟੱਕਰ 'ਚ ਪਤੀ-ਪਤਨੀ ਸਮੇਤ 3 ਲੋਕਾਂ ਦੀ ਮੌਤ ਹੋ ਗਈ ਅਤੇ 2 ਹੋਰ ਜ਼ਖਮੀ ਹੋ ਗਏ। ਬੁੱਧਵਾਰ ਨੂੰ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਪੁਲਸ ਨੇ ਦੱਸਿਆ ਕਿ ਸੂਚਨਾ ਤੋਂ ਬਾਅਦ ਟੀਮ ਮੌਕੇ 'ਤੇ ਪਹੁੰਚੀ ਅਤੇ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ। ਇਸ ਦੇ ਨਾਲ ਹੀ ਮ੍ਰਿਤਕਾਂ ਨੂੰ ਪੋਸਟਮਾਰਟਮ ਲਈ ਭੇਜ ਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

ਐਸਐਚਓ ਲਕਸ਼ਮਣ ਸਿੰਘ ਨੇ ਦੱਸਿਆ ਕਿ ਬੀਕਾਨੇਰ ਤੋਂ ਦੇਸ਼ਨੋਕ ਜਾ ਰਿਹਾ ਟੈਂਪੂ ਬੀਕਾਨੇਰ ਵੱਲ ਆ ਰਹੇ ਇੱਕ ਟੈਂਕਰ ਨਾਲ ਟਕਰਾ ਗਿਆ। ਇਸ ਘਟਨਾ ਵਿੱਚ ਟੈਂਪੂ ਵਿੱਚ ਸਵਾਰ ਸੁੰਦਰਲਾਲ ਭੂਰਾ (58), ਉਸ ਦੀ ਪਤਨੀ ਰਾਜੂ ਦੇਵੀ (55)





ਅਤੇ ਭੰਵਰਲਾਲ ਭੂਰਾ (70) ਦੀ ਮੌਤ ਹੋ ਗਈ, ਜਦੋਂ ਕਿ ਦੋ ਹੋਰ ਜ਼ਖ਼ਮੀ ਹੋ ਗਏ। ਉਸ ਨੇ ਦੱਸਿਆ ਕਿ ਸੁੰਦਰਲਾਲ ਅਤੇ ਭੰਵਰਲਾਲ ਭਰਾ ਸਨ।

ਪੁਲਸ ਅਧਿਕਾਰੀ ਨੇ ਦੱਸਿਆ ਕਿ ਲਾਸ਼ਾਂ ਨੂੰ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਭੇਜ ਦਿੱਤਾ ਗਿਆ ਹੈ ਅਤੇ ਵੀਰਵਾਰ ਸਵੇਰੇ ਪੋਸਟਮਾਰਟਮ ਕਰਵਾਇਆ ਜਾਵੇਗਾ। ਜ਼ਖਮੀਆਂ ਨੂੰ ਇਲਾਜ ਲਈ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਟੈਂਕਰ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਜਾਂਚ ਕੀਤੀ ਜਾ ਰਹੀ ਹੈ।

## ਗਾਜ਼ੀਆਬਾਦ ਵਿੱਚ ਬੰਬ ਵਾਂਗ ਫਟਿਆ ਟੀਵੀ, ਇੱਕ ਦੀ ਮੌਤ, ਦੋ ਗੰਭੀਰ ਜ਼ਖ਼ਮੀ

ਗਾਜ਼ੀਆਬਾਦ, 13 ਅਕਤੂਬਰ (ਪੋਸਟ ਬਿਊਰੋ)- ਗਾਜ਼ੀਆਬਾਦ 'ਚ ਬੀਤੇ ਦਿਨ ਇਕ ਅਜੀਬੋ-ਗਰੀਬ ਮਾਮਲਾ ਸਾਹਮਣੇ ਆਇਆ ਹੈ, ਜਿਸ 'ਚ ਟੀਵੀ 'ਚ ਧਮਾਕਾ ਹੋਣ ਕਾਰਨ ਇਕ ਨੌਜਵਾਨ ਦੀ ਮੌਤ ਹੋ ਗਈ। ਇਸ ਦੇ ਨਾਲ ਹੀ ਇਸ ਧਮਾਕੇ 'ਚ ਉਸ ਨੌਜਵਾਨ ਦਾ ਦੋਸਤ ਅਤੇ ਉਸ ਦੀ ਮਾਂ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਉਸ ਦਾ ਦਿੱਲੀ ਦੇ ਜੀਟੀਬੀ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਦੱਸਿਆ ਜਾ ਰਿਹਾ ਹੈ ਕਿ ਟੀਵੀ ਧਮਾਕਾ ਹੋਣ ਕਾਰਨ ਓਮੇਂਦਰ ਨਾਂ ਦੇ ਨੌਜਵਾਨ ਦੀ ਮੌਤ ਹੋ ਗਈ। ਧਮਾਕਾ ਇੰਨਾ ਜ਼ਬਰਦਸਤ ਸੀ ਕਿ ਇਕ ਕੰਧ ਪੂਰੀ ਤਰ੍ਹਾਂ ਟੁੱਟ ਗਈ। ਕਮਰੇ ਦੀਆਂ ਬਾਕੀ ਕੰਧਾਂ ਵਿੱਚ ਤਰੇੜਾਂ ਆ ਗਈਆਂ। ਗੁਆਂਢੀਆਂ ਮੁਤਾਬਕ ਧਮਾਕੇ ਦੀ ਆਵਾਜ਼ 500 ਮੀਟਰ ਦੂਰ ਤੱਕ ਸੁਣਾਈ ਦਿੱਤੀ। ਹਾਲਾਂਕਿ ਟੀਵੀ ਦੇ ਟੁੱਟਣ ਦਾ ਕਾਰਨ ਸਪੱਸ਼ਟ ਨਹੀਂ ਹੋ ਸਕਿਆ ਹੈ।



ਮਾਮਲਾ ਗਾਜ਼ੀਆਬਾਦ ਦੇ ਹਰਸ਼ ਵਿਹਾਰ ਦਾ ਹੈ। ਪੁਲਿਸ ਮੁਤਾਬਕ ਓਮੇਂਦਰ ਦੇ ਦੋਸਤ ਕਰਨ ਨੂੰ ਸੋਮਵਾਰ ਨੂੰ ਇੱਕ ਕੁੱਤੇ ਨੇ ਵੱਢ ਲਿਆ ਸੀ। ਓਮੇਂਦਰ ਉਸ ਨੂੰ ਰੇਬੀਜ਼ ਦੇ ਟੀਕੇ ਲਈ ਦਿੱਲੀ ਦੇ ਗੁਰੂ ਤੇਗ ਬਹਾਦਰ ਹਸਪਤਾਲ ਲੈ ਗਿਆ। ਦੋਵੇਂ ਦੁਪਹਿਰ 2.30 ਵਜੇ ਕਰਨ ਦੇ ਘਰ ਵਾਪਸ ਆਏ ਅਤੇ ਪਹਿਲੀ ਮੰਜ਼ਿਲ 'ਤੇ ਟੀਵੀ ਦੇਖਣ ਲੱਗੇ। ਉੱਥੇ ਕਰਨ ਦੀ ਮਾਂ ਓਮਵਤੀ ਵੀ ਮੌਜੂਦ ਸੀ। ਦੁਪਹਿਰ 3 ਵਜੇ ਦੇ ਕਰੀਬ ਅਚਾਨਕ ਟੀਵੀ ਸਕਰੀਨ 'ਤੇ ਜ਼ੋਰਦਾਰ ਧਮਾਕਾ ਹੋਇਆ।

ਕਰਨ ਦੇ ਭਰਾ ਨੇ ਸਭ ਤੋਂ ਪਹਿਲਾਂ ਦੇਖਿਆ, ਤਿੰਨਾਂ ਦਾ ਖੂਨ ਵਹਿ ਰਿਹਾ ਹੈ। ਹਾਦਸੇ ਤੋਂ ਬਾਅਦ ਹੇਠਾਂ ਕਮਰੇ 'ਚ ਮੌਜੂਦ ਕਰਨ ਦਾ ਭਰਾ ਸੁਮਿਤ ਅਤੇ ਭਰਜਾਈ ਮੋਨਿਕਾ ਸਭ ਤੋਂ ਪਹਿਲਾਂ ਮੌਕੇ 'ਤੇ ਪਹੁੰਚੇ। ਜਦੋਂ ਮੈਂ ਦੇਖਿਆ ਤਾਂ ਕਰਨ, ਓਮਵਤੀ ਅਤੇ ਓਮੇਂਦਰ ਖੂਨ ਨਾਲ ਲੱਥਪੱਥ ਜ਼ਮੀਨ 'ਤੇ ਪਏ ਸਨ। ਕਮਰੇ ਦੀ ਕੰਧ ਟੁੱਟ ਗਈ। ਸੋਫੇ, ਬਿਸਤਰੇ ਅਤੇ ਹੋਰ ਸਾਮਾਨ ਨੁਕਸਾਨਿਆ ਗਿਆ। ਇਸ ਤੋਂ ਬਾਅਦ ਉਸ ਨੂੰ ਦਿੱਲੀ ਦੇ ਜੀਟੀਬੀ ਹਸਪਤਾਲ ਲਿਜਾਇਆ ਗਿਆ। ਜਿੱਥੇ ਓਮੇਂਦਰ ਦੀ ਮੌਤ ਹੋ ਗਈ, ਜਦਕਿ ਮਾਂ-ਪੁੱਤ ਦਾ ਇਲਾਜ ਚੱਲ ਰਿਹਾ ਹੈ।

## ਜੇਲ 'ਚ 16 ਦਲਿਤਾਂ 'ਤੇ ਤਸ਼ੱਦਦ, ਕੁੱਟਮਾਰ ਤੋਂ ਬਾਅਦ ਗਰਭਵਤੀ ਔਰਤ ਦਾ ਗਰਭਪਾਤ

ਚਿੱਕਮਗਲੁਰੂ, 13 ਅਕਤੂਬਰ, (ਪੋਸਟ ਬਿਊਰੋ)- ਕਰਨਾਟਕ ਦੇ ਚਿੱਕਮਗਲੁਰੂ ਜ਼ਿਲ੍ਹੇ ਵਿੱਚ ਭਾਜਪਾ ਦੇ ਕੱਟੜ ਸਮਰਥਕ ਜਗਦੀਸ਼ ਗੌੜਾ 'ਤੇ 16 ਦਲਿਤਾਂ ਨੂੰ ਕਈ ਦਿਨਾਂ ਤੱਕ ਆਪਣੇ ਕੌਫੀ ਪਲਾਂਟ ਵਿੱਚ ਬੰਦ ਰੱਖਣ ਦਾ ਦੋਸ਼ ਹੈ। ਪੀੜਤਾਂ ਦਾ ਕਹਿਣਾ ਹੈ ਕਿ ਉਨ੍ਹਾਂ 'ਤੇ ਤਸ਼ੱਦਦ ਕੀਤਾ ਗਿਆ। ਪੁਲਸ ਨੇ ਦੱਸਿਆ ਕਿ ਇਨ੍ਹਾਂ 'ਚੋਂ ਇਕ ਗਰਭਵਤੀ ਔਰਤ ਨੇ ਉਸ 'ਤੇ ਹਮਲਾ ਕਰਨ ਤੋਂ ਬਾਅਦ ਆਪਣਾ ਬੱਚਾ ਗੁਆ ਦਿੱਤਾ। ਪੁਲਸ ਨੇ ਮਾਮਲਾ ਦਰਜ ਕਰ ਲਿਆ ਹੈ ਅਤੇ ਔਰਤ ਦਾ ਜ਼ਿਲਾ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ। ਪੁਲਿਸ ਨੇ ਦੱਸਿਆ ਕਿ ਜਗਦੀਸ਼ ਗੌੜਾ ਅਤੇ ਉਸ ਦੇ ਪੁੱਤਰ ਤਿਲਕ ਗੌੜਾ ਨਾਮ ਦੇ ਦਲਿਤਾਂ 'ਤੇ ਅੱਤਿਆਚਾਰ ਕਰਨ ਵਾਲੇ ਕਾਨੂੰਨ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੇ ਦੱਸਿਆ ਕਿ ਦੋਵੇਂ ਫਰਾਰ ਹਨ ਅਤੇ ਉਨ੍ਹਾਂ ਦੀ ਭਾਲ ਜਾਰੀ ਹੈ।

ਭਾਜਪਾ ਨੇ ਇਸ ਵਿਅਕਤੀ ਤੋਂ





ਦੂਰੀ ਬਣਾ ਲਈ ਹੈ। ਪਾਰਟੀ ਦੇ ਜ਼ਿਲ੍ਹਾ ਬੁਲਾਰੇ ਨੇ ਉਨ੍ਹਾਂ ਦਾਅਵਿਆਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਕਿ ਉਹ ਪਾਰਟੀ ਆਗੂ ਸਨ। ਵਰਸਿਧੀ ਵੇਣੂਗੋਪਾਲ ਨੇ ਕਿਹਾ, "ਜਗਦੀਸ਼ ਨਾ ਤਾਂ ਪਾਰਟੀ ਦਾ ਵਰਕਰ ਹੈ ਅਤੇ ਨਾ ਹੀ ਮੈਂਬਰ। ਉਹ ਸਿਰਫ਼ ਭਾਜਪਾ ਸਮਰਥਕ ਹੈ। ਉਹ ਹੋਰ ਵੋਟਰਾਂ ਵਾਂਗ ਹੈ।" ਪੀੜਤ ਜੇਨੁਗੱਡੇ ਪਿੰਡ ਵਿੱਚ ਇੱਕ ਕੌਫੀ ਦੇ ਬਾਗ ਵਿੱਚ ਦਿਹਾੜੀਦਾਰ ਮਜ਼ਦੂਰ ਵਜੋਂ ਕੰਮ ਕਰ ਰਹੇ ਸਨ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੇ ਮਾਲਕ ਤੋਂ 9 ਲੱਖ ਰੁਪਏ ਦੀ ਰਕਮ ਉਧਾਰ ਲਈ ਸੀ। ਉਨ੍ਹਾਂ ਨੂੰ ਕਰਜ਼ੇ ਦੀ ਅਦਾਇਗੀ ਨਾ ਹੋਣ ਕਾਰਨ ਬੰਦ ਕਰ ਦਿੱਤਾ ਗਿਆ ਸੀ। ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ, "8 ਅਕਤੂਬਰ ਨੂੰ ਬਲਾਹਨੂਰ ਪੁਲਿਸ ਸਟੇਸ਼ਨ ਵਿੱਚ ਕੁਝ ਲੋਕ ਆਏ ਅਤੇ ਦੋਸ਼ ਲਗਾਇਆ ਕਿ ਜਗਦੀਸ਼ ਗੌੜਾ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਤਸੀਹੇ ਦੇ ਰਿਹਾ ਹੈ। ਪਰ ਉਸ ਦਿਨ ਬਾਅਦ ਵਿੱਚ ਉਨ੍ਹਾਂ ਨੇ ਸ਼ਿਕਾਇਤ ਵਾਪਸ ਲੈ ਲਈ।"

ਮਾਮਲੇ ਦੀ ਜਾਂਚ ਕਰ ਰਹੇ ਅਧਿਕਾਰੀ ਨੇ ਪੁਸ਼ਟੀ ਕੀਤੀ ਕਿ ਜਦੋਂ ਉਹ ਮੌਕੇ 'ਤੇ ਗਏ ਤਾਂ ਦੇਖਿਆ ਕਿ ਘੱਟੋ-ਘੱਟ 8-10 ਵਿਅਕਤੀ ਇੱਕ ਕਮਰੇ ਵਿੱਚ ਬੰਦ ਸਨ। ਪੁਲਸ ਨੇ ਮਾਲਕ ਤੋਂ ਪੁੱਛਗਿੱਛ ਕਰਨ ਤੋਂ ਬਾਅਦ ਉਨ੍ਹਾਂ ਨੂੰ ਛੱਡ ਦਿੱਤਾ। ਅਧਿਕਾਰੀ ਨੇ ਕਿਹਾ, "ਉਨ੍ਹਾਂ ਨੂੰ ਪਿਛਲੇ 15 ਦਿਨਾਂ ਤੋਂ ਘਰ ਵਿੱਚ ਨਜ਼ਰਬੰਦ ਰੱਖਿਆ ਗਿਆ ਸੀ। ਚਾਰ ਪਰਿਵਾਰ ਹਨ, ਜਿਨ੍ਹਾਂ ਵਿੱਚ 16 ਮੈਂਬਰ ਹਨ ਅਤੇ ਸਾਰੇ ਅਨੁਸੂਚਿਤ ਜਾਤੀ ਦੇ ਹਨ। ਅਧਿਕਾਰੀ ਨੇ ਕਿਹਾ ਕਿ ਸ਼ਿਕਾਇਤਕਰਤਾ ਦੇ ਅਨੁਸਾਰ, ਸਾਰੇ 16 ਨੂੰ ਘਰ ਵਿੱਚ ਨਜ਼ਰਬੰਦ ਰੱਖਿਆ ਗਿਆ ਸੀ।

## ਗੈਰ-ਕਾਨੂੰਨੀ ਗਤੀਵਿਧੀ ਦੇ ਦੋਸ਼ ਵਿੱਚ ਏਟੀਐਸ ਵਲੋਂ ਪੀਐਫਆਈ ਦਾ ਇੱਕ ਹੋਰ ਮੈਂਬਰ ਗ੍ਰਿਫਤਾਰ

ਮੁੰਬਈ, 13 ਅਕਤੂਬਰ, (ਪੋਸਟ ਬਿਊਰੋ)- ਏਟੀਐਸ ਨੇ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਦੇ ਤਹਿਤ ਇੱਕ ਮੁਲਜ਼ਮ ਸ਼ੇਖ ਉਮਰ ਸ਼ੇਖ ਹਬੀਬ ਨੂੰ ਜਾਲਨਾ, ਮਹਾਰਾਸ਼ਟਰ ਤੋਂ ਗ੍ਰਿਫ਼ਤਾਰ ਕੀਤਾ ਹੈ। ਜਿਸ ਦੀ ਉਮਰ 30 ਸਾਲ ਹੈ। ਗ੍ਰਿਫ਼ਤਾਰ ਮੁਲਜ਼ਮ ਨੂੰ ਮੰਗਲਵਾਰ ਨੂੰ ਔਰੰਗਾਬਾਦ ਐਨਆਈਏ ਵਿਸ਼ੇਸ਼ ਅਦਾਲਤ ਦੇ ਵਧੀਕ ਸੈਸ਼ਨ ਜੱਜ ਦੇ ਸਾਹਮਣੇ ਪੇਸ਼ ਕੀਤਾ ਗਿਆ। ਅਦਾਲਤ ਨੇ ਉਸ ਨੂੰ 15 ਅਕਤੂਬਰ ਤੱਕ ਪੁਲੀਸ ਹਿਰਾਸਤ ਵਿੱਚ ਭੇਜ ਦਿੱਤਾ ਹੈ।

ਮਹਾਰਾਸ਼ਟਰ ਦੇ ਅੱਤਵਾਦ ਵਿਰੋਧੀ ਦਸਤੇ ਨੇ 22 ਸਤੰਬਰ 2022 ਨੂੰ ਪਾਪੂਲਰ ਫਰੰਟ ਆਫ ਇੰਡੀਆ (ਪੀਐਫਆਈ) ਦੇ ਮੈਂਬਰਾਂ ਵਿਰੁੱਧ ਗੈਰ-ਕਾਨੂੰਨੀ ਗਤੀਵਿਧੀਆਂ ਲਈ ਚਾਰ ਐਫਆਈਆਰ ਦਰਜ ਕੀਤੀਆਂ ਸਨ। ਇਸ ਤੋਂ ਬਾਅਦ ਮਹਾਰਾਸ਼ਟਰ ਦੇ ਵੱਖ-ਵੱਖ ਹਿੱਸਿਆਂ ਤੋਂ 21 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ।

ਹਾਲ ਹੀ 'ਚ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐੱਨ.ਆਈ.ਏ.) ਨੇ ਕਈ ਸੂਬਿਆਂ 'ਚ ਪਾਪੂਲਰ ਫਰੰਟ ਆਫ ਇੰਡੀਆ



(ਪੀਐੱਫਆਈ) ਦੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਸੀ। ਉੱਤਰ ਪ੍ਰਦੇਸ਼, ਕੇਰਲ, ਆਂਧਰਾ ਪ੍ਰਦੇਸ਼, ਤੇਲੰਗਾਨਾ, ਕਰਨਾਟਕ ਅਤੇ ਤਾਮਿਲਨਾਡੂ ਸਮੇਤ ਹੋਰ ਰਾਜਾਂ ਵਿੱਚ ਪੀਐਫਆਈ ਦੇ ਖਿਲਾਫ ਵੱਡੇ ਪੱਧਰ 'ਤੇ ਛਾਪੇਮਾਰੀ ਕੀਤੀ ਗਈ। ਇਸ ਦੇਸ਼ ਵਿਆਪੀ ਛਾਪੇਮਾਰੀ ਵਿੱਚ 100 ਤੋਂ ਵੱਧ ਚੋਟੀ ਦੇ ਪੀਐਫਆਈ ਨੇਤਾਵਾਂ ਅਤੇ ਅਹੁਦੇਦਾਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

ਪੀਐੱਫਆਈ 'ਤੇ ਕਾਨਪੁਰ ਹਿੰਸਾ, ਅੱਤਵਾਦੀ ਗਤੀਵਿਧੀਆਂ ਨੂੰ ਅੰਜਾਮ ਦੇਣ ਅਤੇ ਧਰਮ ਦੇ ਆਧਾਰ 'ਤੇ ਨਫਰਤ ਫੈਲਾਉਣ ਦੇ ਕਈ ਦੋਸ਼ ਹਨ। ਦਿੱਲੀ ਵਿੱਚ ਅੰਦੋਲਨ ਤੋਂ ਲੈ ਕੇ ਮੱਧ ਪ੍ਰਦੇਸ਼ ਦੇ ਮੁਜ਼ੱਫਰਨਗਰ, ਸ਼ਾਮਲੀ ਅਤੇ ਖਰਗੋਨ ਵਿੱਚ ਫਿਰਕੂ ਹਿੰਸਾ ਤੱਕ, ਇਸ ਨੂੰ ਪੀਐਫਆਈ ਨਾਲ ਜੋੜਨ ਦਾ ਦਾਅਵਾ ਕੀਤਾ ਜਾ ਰਿਹਾ ਹੈ।






# 80 ਯਾਤਰੀਆਂ ਨੂੰ ਲਿਜਾ ਰਹੀ ਬੱਸ ਨੂੰ ਲੱਗੀ ਅੱਗ, 8 ਬੱਚਿਆਂ ਸਮੇਤ 18 ਲੋਕ ਸੜ ਕੇ ਮਰੇ



ਸਿੰਧ, 13 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸਿੰਧ ਸੂਬੇ ਦੇ ਜਮਸ਼ੋਰੋ ਜ਼ਿਲ੍ਹੇ 'ਚ ਨੂਰੀਬਾਦ ਨੇੜੇ ਇਕ ਯਾਤਰੀ ਬੱਸ 'ਚ ਅੱਗ ਲੱਗਣ ਕਾਰਨ 8 ਬੱਚਿਆਂ, 9 ਔਰਤਾਂ ਸਮੇਤ 18 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਜ਼ਖਮੀ ਹੋ ਗਏ। ਡਾਨ ਨਿਊਜ਼ ਨੇ ਪੁਲਿਸ ਦੇ ਹਵਾਲੇ ਨਾਲ ਇਸ ਘਟਨਾ ਦੀ ਜਾਣਕਾਰੀ ਦਿੱਤੀ ਹੈ। ਡਾਨ ਨਿਊਜ਼ ਦੀ ਰਿਪੋਰਟ ਦੇ ਅਨੁਸਾਰ, ਨੌਰਾਇਬਾਦ ਦੇ ਡਿਪਟੀ ਸੁਪਰਡੈਂਟ (ਡੀਐਸਪੀ) ਵਾਜਿਦ ਤਹਿਮ ਨੇ ਬੁੱਧਵਾਰ ਨੂੰ ਘਟਨਾ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਇਸ ਘਟਨਾ ਵਿੱਚ ਅੱਠ ਬੱਚਿਆਂ, ਨੌਂ ਔਰਤਾਂ ਅਤੇ ਦੋ ਪੁਰਸ਼ਾਂ ਦੀ ਮੌਤ ਹੋ ਗਈ ਹੈ।

ਉਸ ਨੇ ਦੱਸਿਆ ਕਿ ਬੱਸ ਵਿੱਚ 80 ਤੋਂ ਵੱਧ ਲੋਕ ਸਵਾਰ ਸਨ ਅਤੇ ਇਹ ਲੋਕ ਮੁਗੈਰੀ ਭਾਈਚਾਰੇ ਨਾਲ ਸਬੰਧਤ ਹਨ ਅਤੇ ਕਰਾਚੀ ਤੋਂ ਖੈਰਪੁਰ ਨਾਥਨ ਸ਼ਾਹ ਵਾਪਸ ਆ ਰਹੇ ਸਨ। ਰਿਪੋਰਟ ਮੁਤਾਬਕ ਇਕ ਅਧਿਕਾਰੀ ਨੇ ਦੱਸਿਆ ਕਿ ਕੋਚ ਦੇ ਏਅਰ ਕੰਡੀਸ਼ਨਿੰਗ ਸਿਸਟਮ 'ਚ ਖਰਾਬੀ ਕਾਰਨ ਅੱਗ ਲੱਗੀ। ਉਨ੍ਹਾਂ ਦੱਸਿਆ ਕਿ ਲਾਸ਼ਾਂ ਅਤੇ ਜ਼ਖਮੀਆਂ ਨੂੰ ਲਿਆਕਤ ਯੂਨੀਵਰਸਿਟੀ ਹਸਪਤਾਲ ਜਮਸ਼ੋਰੋ ਲਿਜਾਇਆ ਗਿਆ ਹੈ। ਇਸ ਦੌਰਾਨ ਬਚਾਅ ਅਤੇ ਰਾਹਤ ਕਾਰਜਾਂ ਲਈ ਵਾਲੰਟੀਅਰ ਵੀ ਮੌਕੇ 'ਤੇ ਪਹੁੰਚ ਗਏ ਹਨ। ਸਿੰਧ ਸੂਬੇ ਦੇ ਮੁੱਖ ਮੰਤਰੀ ਮੁਰਾਦ ਅਲੀ ਸ਼ਾਹ ਨੇ ਜਮਸ਼ੋਰੋ ਦੇ ਡਿਪਟੀ ਕਮਿਸ਼ਨਰ ਨੂੰ ਤੁਰੰਤ ਐਂਬੂਲੈਂਸ ਨਾਲ ਮੌਕੇ 'ਤੇ ਪਹੁੰਚਣ ਅਤੇ ਜ਼ਖਮੀਆਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਘਟਨਾ ਦੀ ਜਾਂਚ ਰਿਪੋਰਟ ਤਲਬ ਕਰ ਲਈ ਹੈ।

# ਯੂਕਰੇਨ ਦੇ ਵਿਦੇਸ਼ ਮੰਤਰੀ ਕੁਲੇਬਾ ਨੇ ਪੁਤਿਨ ਨੂੰ ਅੱਤਵਾਦੀ ਕਿਹਾ

ਕੀਵ, 13 ਅਕਤੂਬਰ, (ਪੋਸਟ ਬਿਊਰੋ): ਯੂਕਰੇਨ ਦੇ ਵਿਦੇਸ਼ ਮੰਤਰੀ ਦਮਿਤਰੋ ਕੁਲੇਬਾ ਨੇ ਸੋਮਵਾਰ ਨੂੰ ਕਿਹਾ ਕਿ ਯੂਕਰੇਨ 'ਚ ਰੂਸੀ ਮਿਜ਼ਾਈਲ ਹਮਲੇ ਦਰਸਾਉਂਦੇ ਹਨ ਕਿ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਇੱਕ ਅੱਤਵਾਦੀ ਹੈ ਜੋ ਮਿਜ਼ਾਈਲਾਂ ਨਾਲ ਗੱਲ ਕਰਦਾ ਹੈ।

ਕੁਲੇਬਾ ਨੇ ਟਵਿਟਰ 'ਤੇ ਲਿਖਿਆ, 'ਯੂਕਰੇਨ 'ਚ ਕਈ ਰੂਸੀ ਮਿਜ਼ਾਈਲ ਹਮਲੇ ਹੋਏ ਹਨ। ਪੁਤਿਨ ਦੀ ਇੱਕੋ-ਇੱਕ ਰਣਨੀਤੀ ਸ਼ਾਂਤੀਪੂਰਨ ਯੂਕਰੇਨੀ ਸ਼ਹਿਰਾਂ ਨੂੰ ਦਹਿਸ਼ਤਜ਼ਦਾ ਕਰਨਾ ਹੈ ਪਰ ਉਹ ਯੂਕਰੇਨ ਨੂੰ ਨਹੀਂ ਤੋੜ ਸਕੇਗਾ। ਇਹ ਉਨ੍ਹਾਂ ਸਾਰੇ ਲੋਕਾਂ ਨੂੰ ਖੁਸ਼ ਕਰਨ ਵਾਲੇ ਲੋਕਾਂ ਲਈ ਵੀ ਉਸ ਦਾ ਜਵਾਬ ਹੈ ਜੋ ਉਸ ਨਾਲ ਸ਼ਾਂਤੀ ਬਾਰੇ ਗੱਲ ਕਰਨਾ ਚਾਹੁੰਦੇ ਹਨ।

ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਧਮਾਕੇ ਲਈ ਯੂਕਰੇਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਕਿਹਾ ਸੀ ਕਿ ਪੁਲ ਨੂੰ ਉਡਾਉਣ ਦੀ ਘਟਨਾ ਅੱਤਵਾਦੀ ਸਾਜਿਸ਼ ਹੈ। ਇਸ ਦਾ ਮਕਸਦ ਨਾਗਰਿਕ ਬੁਨਿਆਦੀ ਢਾਂਚੇ ਨੂੰ ਤਬਾਹ ਕਰਨਾ ਸੀ। ਇਸ ਘਟਨਾ ਤੋਂ ਬਾਅਦ ਪੁਤਿਨ ਨੇ ਰੂਸੀ ਜਾਂਚ ਕਮੇਟੀ ਦੇ ਚੇਅਰਮੈਨ ਨਾਲ ਵੀ ਮੁਲਾਕਾਤ ਕੀਤੀ ਸੀ। ਧਮਾਕੇ ਦੀ ਜਾਂਚ ਲਈ ਇੱਕ ਕਮੇਟੀ ਵੀ ਬਣਾਈ ਗਈ ਹੈ।

ਇਸ ਤੋਂ ਪਹਿਲਾਂ ਸੋਮਵਾਰ ਨੂੰ ਯੂਕਰੇਨ ਦੀ ਰਾਜਧਾਨੀ ਕੀਵ ਵਿੱਚ ਜ਼ੋਰਦਾਰ ਧਮਾਕੇ ਹੋਏ ਸਨ। ਕੀਵ ਤੋਂ ਇਲਾਵਾ ਹੋਰ ਸ਼ਹਿਰਾਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ। ਹਮਲੇ 'ਚ ਕਈ ਲੋਕਾਂ ਦੇ ਮਾਰੇ ਜਾਣ ਦਾ ਖ਼ਦਸ਼ਾ ਹੈ। ਧਮਾਕਿਆਂ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਇਹ ਹਮਲਾ ਅਜਿਹੇ ਸਮੇਂ ਹੋਇਆ ਹੈ ਜਦੋਂ ਦੋ ਦਿਨ ਪਹਿਲਾਂ ਰੂਸ ਅਤੇ ਕ੍ਰੀਮੀਆ ਨੂੰ ਜੋੜਨ ਵਾਲੇ ਪੁਲ 'ਤੇ ਬੰਬ ਧਮਾਕਾ ਹੋਇਆ ਸੀ।

## ਰਿਸਰਚ ਦੌਰਾਨ ਵਿਗਿਆਨੀਆਂ ਨੂੰ ਮੰਗਲ 'ਤੇ ਪਾਣੀ ਦੇ ਮਿਲੇ ਨਵੇਂ ਸਬੂਤ

ਲੰਡਨ, 13 ਅਕਤੂਬਰ (ਪੋਸਟ ਬਿਊਰੋ)- ਖੋਜਕਰਤਾਵਾਂ ਦੀ ਇੱਕ ਅੰਤਰਰਾਸ਼ਟਰੀ ਟੀਮ ਨੇ ਮੰਗਲ ਗ੍ਰਹਿ ਦੇ ਦੱਖਣੀ ਧਰੁਵੀ 'ਆਈਸ ਕੈਪ' ਦੇ ਹੇਠਾਂ ਤਰਲ ਪਾਣੀ ਦੀ ਸੰਭਾਵਤ ਹੋਂਦ ਦੇ ਨਵੇਂ ਸਬੂਤ ਲੱਭੇ ਹਨ। ਨੇਚਰ ਐਸਟ੍ਰੋਨੋਮੀ ਜਰਨਲ ਵਿੱਚ ਪ੍ਰਕਾਸ਼ਿਤ ਨਤੀਜੇ, ਰਾਡਾਰ ਤੋਂ ਇਲਾਵਾ ਹੋਰ ਡੇਟਾ ਦੀ ਵਰਤੋਂ ਕਰਦੇ ਹੋਏ ਪਾਣੀ ਦਾ ਪਹਿਲਾ ਸੁਤੰਤਰ ਸਬੂਤ ਪ੍ਰਦਾਨ ਕਰਦੇ ਹਨ ਕਿ ਮੰਗਲ ਦੇ ਦੱਖਣੀ ਧਰੁਵ ਦੇ ਹੇਠਾਂ ਤਰਲ ਪਾਣੀ ਹੈ। ਕੈਮਬ੍ਰਿਜ ਯੂਨੀਵਰਸਿਟੀ ਦੀ ਅਗਵਾਈ ਵਾਲੇ ਖੋਜਕਰਤਾਵਾਂ ਨੇ ਸ਼ੈਫੀਲਡ ਯੂਨੀਵਰਸਿਟੀ ਦੇ ਨਾਲ ਸਾਂਝੇਦਾਰੀ ਵਿੱਚ, ਇਸਦੀ ਉਚਾਈ ਵਿੱਚ ਸੂਖਮ ਪੈਟਰਨਾਂ ਦੀ ਪਛਾਣ ਕਰਨ ਲਈ 'ਆਈਸ ਕੈਪ' ਦੀ ਉਪਰਲੀ ਸਤਹ ਦੇ ਆਕਾਰ ਦੇ ਪੁਲਾੜ ਯਾਨ ਲੇਜ਼ਰ-ਅਲਟੀਮੀਟਰ ਮਾਪਾਂ ਦੀ ਵਰਤੋਂ ਕੀਤੀ।

ਉਹਨਾਂ ਨੇ ਫਿਰ ਦਿਖਾਇਆ ਕਿ ਇਹ ਪੈਟਰਨ ਕੰਪਿਊਟਰ ਮਾਡਲਾਂ ਦੀਆਂ ਭਵਿੱਖਬਾਣੀਆਂ ਨਾਲ ਮੇਲ ਖਾਂਦਾ ਹੈ ਕਿ ਕਿਵੇਂ 'ਆਈਸ ਕੈਪ' ਦੇ ਹੇਠਾਂ ਪਾਣੀ ਦਾ ਇੱਕ ਨਿਕਾਏ ਸਤ੍ਹਾ ਨੂੰ ਪ੍ਰਭਾਵਿਤ ਕਰੇਗਾ। ਉਨ੍ਹਾਂ ਦੇ ਨਤੀਜੇ ਪਹਿਲਾਂ ਦੇ ਬਰਫ਼ ਭੇਦਕ ਰਾਡਾਰ ਮਾਪਾਂ ਦੇ ਨਾਲ ਮੇਲ ਖਾਂਦੇ ਹਨ, ਜੋ ਕਿ ਅਸਲ ਵਿੱਚ ਬਰਫ਼ ਦੇ ਹੇਠਾਂ ਤਰਲ ਰੂਪ ਵਿੱਚ ਪਾਣੀ ਦੇ ਸੰਭਾਵੀ ਖੇਤਰ ਨੂੰ ਦਿਖਾਉਣ ਲਈ ਵਿਆਖਿਆ ਕੀਤੀ ਗਈ ਸੀ। ਇਹ ਬਹਿਸ ਦਾ ਵਿਸ਼ਾ ਹੈ, ਅਤੇ ਕੁਝ ਅਧਿਐਨਾਂ ਨੇ ਸੁਝਾਅ ਦਿੱਤਾ ਹੈ ਕਿ ਰਾਡਾਰ ਸਿਗਨਲ ਪਾਣੀ ਦੇ ਤਰਲ ਰੂਪ ਦੇ ਕਾਰਨ ਨਹੀਂ ਹੈ।

# ਇਜ਼ਰਾਈਲ-ਲੇਬਨਾਨ ਵਿਚਾਲੇ 'ਇਤਿਹਾਸਕ ਸਮਝੌਤਾ', ਅਮਰੀਕਾ ਦੀ ਵਿਚੋਲਗੀ 'ਚ ਵੰਡੀ ਜਾਵੇਗੀ ਸਮੁੰਦਰੀ ਸਰਹੱਦ



ਅਜੈਰੂਸਲਮ, 13 ਅਕਤੂਬਰ, (ਪੋਸਟ ਬਿਊਰੋ)- ਇਜ਼ਰਾਈਲ ਨੇ ਮੰਗਲਵਾਰ ਨੂੰ ਕਿਹਾ ਕਿ ਲੇਬਨਾਨ ਨਾਲ ਸਮੁੰਦਰੀ ਸੀਮਾ ਨੂੰ ਲੈ ਕੇ 'ਇਤਿਹਾਸਕ ਸਮਝੌਤਾ' ਹੋ ਗਿਆ ਹੈ, ਜਿਸ ਨਾਲ ਦੋਹਾਂ ਦੇਸ਼ਾਂ ਲਈ ਸਮੁੰਦਰ 'ਚ ਗੈਸ ਪੈਦਾ ਕਰਨਾ ਆਸਾਨ ਹੋ ਜਾਵੇਗਾ। ਇਸਰਾਈਲ ਨੇ ਕਿਹਾ ਕਿ ਇਨ੍ਹਾਂ ਗੁਆਂਢੀ ਦੇਸ਼ਾਂ ਵਿਚਾਲੇ ਅਜੇ ਵੀ ਤਕਨੀਕੀ ਜੰਗ ਜਾਰੀ ਹੈ, ਜਿਸ ਕਾਰਨ ਜਿਸ ਕਾਰਨ ਉਨ੍ਹਾਂ ਵਿਚਾਲੇ ਗੱਲਬਾਤ ਕਿਸੇ ਨਤੀਜੇ 'ਤੇ ਨਹੀਂ ਪਹੁੰਚ ਸਕੀ ਸੀ। ਦੋਵਾਂ ਦੇਸ਼ਾਂ ਨੇ ਸਾਲ 2020 'ਚ ਗੱਲਬਾਤ ਸ਼ੁਰੂ ਕੀਤੀ ਸੀ ਪਰ ਪਿਛਲੇ ਕੁਝ ਹਫਤਿਆਂ 'ਚ ਇਸ 'ਚ ਤੇਜ਼ੀ ਆਈ ਹੈ। ਅਮਰੀਕੀ ਰਾਜਦੂਤ ਅਮੋਸ ਹੋਚਸਟੀਨ ਨੇ ਇਸ ਮਹੀਨੇ ਦੀ ਸ਼ੁਰੂਆਤ 'ਚ ਇਕ ਪ੍ਰਸਤਾਵ ਰੱਖਿਆ ਸੀ ਜਿਸ ਨੂੰ ਇਜ਼ਰਾਈਲ ਨੇ ਸਵੀਕਾਰ ਕਰ ਲਿਆ ਸੀ ਪਰ ਲੇਬਨਾਨ ਨੂੰ ਕੁਝ ਬਦਲਾਅ ਦੀ ਲੋੜ ਸੀ।

ਇਜ਼ਰਾਈਲ ਨੇ ਪਿਛਲੇ ਹਫਤੇ ਕਿਹਾ ਸੀ ਕਿ ਉਹ ਲੇਬਨਾਨ ਦੁਆਰਾ ਮੰਗੇ ਗਏ ਬਦਲਾਅ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹੈ। ਭਾਵੇਂ ਇਹ ਸੌਦਾ ਹੋਵੇ ਜਾਂ ਨਾ। ਪਰ ਫਿਰ ਵੀ ਗੱਲਬਾਤ ਜਾਰੀ ਰਹੀ। ਦੋਵਾਂ ਧਿਰਾਂ ਨੇ ਬਾਅਦ ਵਿੱਚ ਇਹ ਆਖਰੀ ਸ਼ਰਤਾਂ ਮੰਨ ਲਈਆਂ ਹਨ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਯੇਅਰ ਲੈਪਿਡ ਦੇ ਦਫ਼ਤਰ ਤੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ, "ਇਜ਼ਰਾਈਲ ਅਤੇ ਲੇਬਨਾਨ ਇੱਕ ਇਤਿਹਾਸਕ ਸਮਝੌਤੇ 'ਤੇ ਪਹੁੰਚ ਗਏ ਹਨ। ਇਸ ਨਾਲ ਇਜ਼ਰਾਈਲ ਦੀ ਸੁਰੱਖਿਆ ਮਜ਼ਬੂਤ ਹੋਵੇਗੀ।" ਲੇਬ-ਨਾਨ ਦੇ ਰਾਸ਼ਟਰਪਤੀ ਮਹਿਲ ਨੇ ਕਿਹਾ ਕਿ ਲੇਬਨਾਨ ਵੀ ਪ੍ਰਸਤਾਵਿਤ ਦਸਤਾਵੇਜ਼ ਤੋਂ ਸੰਤੁਸ਼ਟ ਹੈ ਅਤੇ ਉਮੀਦ ਜਤਾਈ ਕਿ "ਸਰਹੱਦ ਨੂੰ ਬੰਦ ਕਰਨ ਦੇ ਸਬੰਧ ਵਿੱਚ ਜਲਦੀ ਤੋਂ ਜਲਦੀ ਇੱਕ ਸਮਝੌਤੇ ਦਾ ਐਲਾਨ ਕੀਤਾ ਜਾਵੇਗਾ।"

ਲੇਬਨਾਨ ਦੇ ਮੁੱਖ ਵਾਰਤਾਕਾਰ ਇਲਿਆਸ ਬੋਊ ਸਾਬ ਨੇ ਕਿਹਾ ਕਿ "ਅੱਜ ਅਸੀਂ ਇੱਕ ਅਜਿਹਾ ਹੱਲ ਲੱਭ ਲਿਆ ਹੈ ਜਿਸ ਤੋਂ ਦੋਵੇਂ ਧਿਰਾਂ ਸੰਤੁਸ਼ਟ ਹਨ।" ਇਸ ਵਾਰਤਾ 'ਚ ਸ਼ਾਮਲ ਇਕ ਵੱਡੇ ਸੂਤਰ ਨੇ ਕਿਹਾ ਕਿ ਸਭ ਤੋਂ ਵੱਡਾ ਫਰਕ ਕਰਿਸ਼ ਗੈਸ ਖੇਤਰ 'ਤੇ ਸੀ, ਇਜ਼ਰਾਈਲ ਇਸ ਨੂੰ ਪੂਰੀ ਤਰ੍ਹਾਂ ਨਾਲ ਆਪਣੀ ਸਰਹੱਦ ਦਾ ਹਿੱਸਾ ਦੱਸਦਾ ਸੀ ਅਤੇ ਕਹਿੰਦਾ ਸੀ ਕਿ ਇਹ ਗੱਲਬਾਤ ਦਾ ਹਿੱਸਾ ਨਹੀਂ ਹੈ।

# ਅਮਰੀਕਾ 'ਚ ਭਾਰਤੀ ਮੂਲ ਦੇ ਵਿਦਿਆਰਥੀ ਦੀ ਹੱਤਿਆ ਕਰਨ ਵਾਲੇ ਨੇ ਕਿਹਾ, ਮੈਨੂੰ 'ਬਲੈਕਮੇਲ' ਕੀਤਾ ਗਿਆ


ਮ੍ਰਿਤਕ ਦੀ ਫਾਈਲ ਫੋਟੋ ਅਤੇ ਮੁਲਜ਼ਮ।

ਵਾਸ਼ਿੰਗਟਨ, 13 ਅਕਤੂਬਰ (ਪੋਸਟ ਬਿਊਰੋ)- ਇੱਕ ਕੋਰੀਆਈ ਵਿਦਿਆਰਥੀ ਜਿਸ ਨੇ ਆਪਣੇ ਭਾਰਤੀ ਮੂਲ ਦੇ ਰੂਮਮੇਟ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਸੀ, ਨੇ ਕਿਹਾ ਹੈ ਕਿ ਉਹ ਆਪਣੇ ਦੋਸਤ ਦੀ ਹੱਤਿਆ ਲਈ ਦਿਲੋਂ ਮੁਆਫੀ ਮੰਗਦਾ ਹੈ ਪਰ ਮੀਡੀਆ ਰਿਪੋਰਟਾਂ ਅਨੁਸਾਰ ਉਸਨੂੰ "ਬਲੈਕਮੇਲ" ਕੀਤਾ ਗਿਆ ਸੀ। ਇੰਡੀਆਪੋਲਿਸ ਦਾ 20 ਸਾਲਾ ਮਨੀਸ਼ ਛੇੜਾ ਪਿਛਲੇ ਬੁੱਧਵਾਰ ਨੂੰ ਪਰਡਿਊ ਯੂਨੀਵਰਸਿਟੀ ਦੇ ਮੈਕਕੇਨ ਹਾਲ ਵਿੱਚ ਮ੍ਰਿਤਕ ਪਾਇਆ ਗਿਆ ਸੀ। ਜੀ ਮਿਨ "ਜਿੰਮੀ" ਸ਼ਾ ਇੱਕ ਜੂਨੀਅਰ ਸਾਈਬਰ ਸੁਰੱਖਿਆ ਮੇਜਰ ਕਰ ਰਿਹਾ ਸੀ। ਇਸ ਕਤਲ ਦੇ ਸਬੰਧ ਵਿੱਚ ਕੋਰੀਆ ਦੇ ਇੱਕ ਅੰਤਰਰਾਸ਼ਟਰੀ ਵਿਦਿਆਰਥੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ। 22 ਸਾਲਾ ਸ਼ਾ ਨੇ ਸ਼ੁਕਰਵਾਰ ਨੂੰ ਪਹਿਲੀ ਵਾਰ ਅਦਾਲਤ 'ਚ ਪੇਸ਼ ਕੀਤਾ। ਕਤਲ ਦਾ ਕਾਰਨ ਪੁੱਛਣ 'ਤੇ ਉਸ ਨੇ ਕਿਹਾ ਕਿ ਉਸ ਨੂੰ ਬਲੈਕਮੇਲ ਕੀਤਾ ਗਿਆ ਸੀ।

ਇਹ ਪੁੱਛੇ ਜਾਣ 'ਤੇ ਕਿ ਕੀ ਉਨ੍ਹਾਂ ਨੇ ਪੀੜਤ ਪਰਿਵਾਰ ਨੂੰ ਕੁਝ ਕਹਿਣਾ ਹੈ, ਸ਼ਾ ਨੇ ਕਿਹਾ, "ਮੈਨੂੰ ਬਹੁਤ ਅਫ਼ਸੋਸ ਹੈ।" ਪਿਛਲੇ ਹਫ਼ਤੇ ਜਦੋਂ ਛੇੜਾ ਦੇ ਕਤਲ ਦੇ ਦੋਸ਼ ਵਿੱਚ ਸ਼ਾ ਨੂੰ ਜੇਲ੍ਹ ਲਿਜਾਇਆ ਜਾ ਰਿਹਾ ਸੀ ਤਾਂ ਉਸ ਨੇ ਕਿਹਾ ਕਿ ਮੈਂ ਆਪਣੇ ਪਰਿਵਾਰ ਨੂੰ ਪਿਆਰ ਕਰਦਾ ਹਾਂ। ਮ੍ਰਿਤਕ ਇੱਕ ਸੀਨੀਅਰ ਡਾਟਾ ਸਾਇੰਸ ਮੇਜਰ ਸੀ ਜਿਸਦੀ ਕਈ ਵਾਰ ਕਿਸੇ ਤਿੱਖੀ ਵਸਤੂ ਨਾਲ ਵਾਰ ਕਰਨ ਤੋਂ ਬਾਅਦ ਮੌਤ ਹੋ ਗਈ ਸੀ। ਸ਼ਾ ਨੇ ਕਰੀਬ 12:45 'ਤੇ ਪੁਲਿਸ ਨੂੰ ਇਹ ਸੂਚਿਤ ਕਰਨ ਲਈ ਫੋਨ ਕੀਤਾ ਕਿ ਉਸਨੇ ਆਪਣੇ ਰੂਮਮੇਟ ਨੂੰ ਚਾਕੂ ਨਾਲ ਮਾਰਿਆ ਹੈ।"

ਰਿਪੋਰਟਾਂ ਮੁਤਾਬਕ ਵਰੁਣ ਦੀ ਲਾਸ਼ ਕੈਂਪਸ ਦੇ ਪੱਛਮੀ ਸਿਰੇ 'ਤੇ ਸਥਿਤ ਮੈਕਕਚੀਅਨ ਹਾਲ ਦੀ ਪਹਿਲੀ ਮੰਜ਼ਿਲ 'ਤੇ ਮਿਲੀ। ਰਿਪੋਰਟ ਮੁਤਾਬਕ ਵਰੁਣ ਛੇੜਾ ਦੱਖਣੀ ਕੋਰੀਆ ਦੇ ਨੌਜਵਾਨ ਜੀ ਮਿਨ ਜਿੰਮੀ ਸ਼ਾ ਨਾਲ ਕਮਰਾ ਸਾਂਝਾ ਕਰਦਾ ਸੀ।

# ਸੋਮਾਲੀਆ 'ਚ 200 ਤੋਂ ਵੱਧ ਅੱਤਵਾਦੀ ਢੇਰ, ਵੱਡੇ ਹਮਲੇ ਦੀ ਸਾਜ਼ਿਸ਼ ਨਾਕਾਮ



ਮੋਗਾਦਿਸ਼ੂ, 13 ਅਕਤੂਬਰ (ਪੋਸਟ ਬਿਊਰੋ)- ਸੋਮਾਲੀ ਨੈਸ਼ਨਲ ਆਰਮੀ (ਐਸਐਨਏ) ਬਲਾਂ ਨੇ ਮੱਧ ਸੋਮਾਲੀਆ ਦੇ ਬੁਲਾਬੁਰਟ ਜ਼ਿਲ੍ਹੇ ਵਿੱਚ ਇੱਕ ਅਪਰੇਸ਼ਨ ਦੌਰਾਨ ਅਲ-ਸ਼ਬਾਬ ਦੇ 200 ਤੋਂ ਵੱਧ ਅੱਤਵਾਦੀਆਂ ਨੂੰ ਮਾਰ ਦਿੱਤਾ ਹੈ। ਐਸਐਨਏ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਸਰਕਾਰੀ ਮੀਡੀਆ ਦੇ ਅਨੁਸਾਰ, ਅੱਤਵਾਦੀ ਹਮਲੇ ਦੀ ਯੋਜਨਾ ਬਣਾ ਰਹੇ ਸਨ ਅਤੇ ਬੇਲੇਦਵੇਨ ਅਤੇ ਬੁਲਾਬਾਰਡੇ ਜ਼ਿਲ੍ਹੇ ਦੇ ਵਿਚਕਾਰ ਸੜਕ ਨੂੰ ਰੋਕ ਰਹੇ ਸਨ। ਇਸ ਦੌਰਾਨ ਬਲਾਂ ਨੂੰ ਸਮੇਂ ਸਿਰ ਖੁਫੀਆ ਸੂਚਨਾ ਮਿਲੀ ਅਤੇ ਐਤਵਾਰ ਨੂੰ ਅੱਤਵਾਦੀਆਂ ਦੇ ਹਮਲੇ ਨੂੰ ਨਾਕਾਮ ਕਰਦੇ ਹੋਏ ਇੰਨੀ ਵੱਡੀ ਗਿਣਤੀ 'ਚ ਅੱਤਵਾਦੀਆਂ ਨੂੰ ਮਾਰ ਦਿੱਤਾ।

ਸੋਮਾਲੀ ਨਿਊਜ਼ ਏਜੰਸੀ ਨੇ ਦੱਸਿਆ ਕਿ ਅਲ-ਸ਼ਬਾਬ ਦੇ ਅੱਤਵਾਦੀਆਂ ਨੇ ਬੁਲਾ-ਬਾਰਦੇ ਅਤੇ ਬੇਲੇਦਵੇਨ ਦੇ ਕਸਬਿਆਂ ਦੇ ਵਿਚਕਾਰ ਸੜਕ ਨੂੰ ਰੋਕਣ ਦਾ ਇਰਾਦਾ ਕੀਤਾ ਸੀ। ਪਰ ਉਸ ਨੇ ਗਲਤ ਅਨੁਮਾਨ ਲਗਾਇਆ ਅਤੇ ਫੌਜ ਨਾਲ ਮੁਕਾਬਲਾ ਹੋ ਗਿਆ। ਸਰਕਾਰ-ਪੱਖੀ ਮਿਲੀਸ਼ੀਆ ਦੀ ਹਮਾਇਤ ਪ੍ਰਾਪਤ ਸੋਮਾਲੀ ਬਲਾਂ ਨੇ ਪਿਛਲੇ ਤਿੰਨ ਹਫ਼ਤਿਆਂ ਵਿੱਚ ਮੱਧ ਸੋਮਾਲੀਆ ਵਿੱਚ ਕਾਰਵਾਈਆਂ ਵਿੱਚ 40 ਤੋਂ ਵੱਧ ਪਿੰਡਾਂ ਨੂੰ ਆਜ਼ਾਦ ਕਰਵ-ਾਇਆ ਹੈ ਅਤੇ 500 ਤੋਂ ਵੱਧ ਅਲ-ਸ਼ਬਾਬ ਅੱਤਵਾਦੀਆਂ ਨੂੰ ਮਾਰ ਦਿੱਤਾ ਹੈ।

# ਨੇਪਾਲ ਵਿੱਚ ਹੜ੍ਹ ਅਤੇ ਜ਼ਮੀਨ ਖਿਸਕਣ ਕਾਰਨ 33 ਮੌਤਾਂ



ਕਾਠਮੰਡੂ, 13 ਅਕਤੂਬਰ (ਪੋਸਟ ਬਿਊਰੋ)- ਨੇਪਾਲ ਵਿੱਚ ਪਿਛਲੇ ਇੱਕ ਹਫ਼ਤੇ ਵਿੱਚ ਭਾਰੀ ਮੀਂਹ ਕਾਰਨ ਆਏ ਹੜ੍ਹਾਂ ਅਤੇ ਜ਼ਮੀਨ ਖਿਸਕਣ ਕਾਰਨ ਘੱਟੋ-ਘੱਟ 33 ਲੋਕਾਂ ਦੀ ਮੌਤ ਹੋ ਗਈ ਹੈ। ਸਥਾਨਕ ਮੀਡੀਆ ਨੇ ਬੁੱਧਵਾਰ ਨੂੰ ਇਕ ਰਿਪੋਰਟ ਜਾਰੀ ਕਰਕੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਉੱਤਰ-ਪੱਛਮ ਵਿੱਚ ਕਰਨਾਲੀ ਸੂਬਾ ਮਾਨਸੂਨ ਦੀ ਬਾਰਸ਼ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੈ। ਇਸ ਸੂਬੇ ਵਿੱਚੋਂ ਹਜ਼ਾਰਾਂ ਵਸਨੀਕਾਂ ਨੂੰ ਬਾਹਰ ਕੱਢਿਆ ਗਿਆ ਸੀ। ਨੇਪਾਲ ਵਿੱਚ ਮਾਨਸੂਨ ਆਮ ਤੌਰ 'ਤੇ ਜੂਨ ਵਿੱਚ ਸ਼ੁਰੂ ਹੁੰਦਾ ਹੈ ਅਤੇ ਅਕਤੂਬਰ ਵਿੱਚ ਖ਼ਤਮ ਹੁੰਦਾ ਹੈ। ਨੈਸ਼ਨਲ ਐਮਰਜੈਂਸੀ ਆਪ੍ਰੇਸ਼ਨ ਸੈਂਟਰ ਦੇ ਅਨੁਸਾਰ, ਇਸ ਸਾਲ ਬਰਫ਼ਬਾਰੀ ਅਤੇ ਭਾਰੀ ਮੀਂਹ ਕਾਰਨ ਆਏ ਹੜ੍ਹਾਂ ਕਾਰਨ ਲਗਭਗ 110 ਲੋਕਾਂ ਦੀ ਮੌਤ ਹੋ ਗਈ ਹੈ ਅਤੇ ਸੈਂਕੜੇ ਘਰ ਨੁਕਸਾਨੇ ਗਏ ਹਨ। ਪਹਾੜੀ ਇਲਾਕਿਆਂ 'ਚ ਲਗਾਤਾਰ ਹੋ ਰਹੀ ਬਾਰਿਸ਼ ਕਾਰਨ ਬਚਾਅ ਕਰਮਚਾਰੀਆਂ ਨੂੰ ਇੱਥੇ ਪਹੁੰਚਣ 'ਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੇਠਲੇ ਕਾਲੀਕੋਟ ਜ਼ਿਲ੍ਹੇ 'ਚ ਪਿਛਲੇ ਇਕ ਹਫਤੇ 'ਚ ਭਾਰੀ ਬਾਰਿਸ਼ ਦੀ ਚਿਤਾਵਨੀ ਦੇ ਵਿਚਕਾਰ ਹਜ਼ਾਰਾਂ ਲੋਕਾਂ ਨੂੰ ਉਨ੍ਹਾਂ ਦੇ ਘਰਾਂ 'ਚੋਂ ਬਾਹਰ ਕੱਢਿਆ ਗਿਆ।

# ਨਿਸਾਨ ਨੇ ਰੂਸ ਛੱਡਣ ਦਾ ਕੀਤਾ ਫੈਸਲਾ, 1 ਡਾਲਰ ਤੋਂ ਘੱਟ 'ਚ ਵੇਚੇਗੀ ਪੂਰਾ ਕਾਰੋਬਾਰ




ਮਾਸਕੋ, 13 ਅਕਤੂਬਰ, (ਪੋਸਟ ਬਿਊਰੋ)- ਜਾਪਾਨੀ ਵਾਹਨ ਨਿਰਮ-ਾਤਾ ਕੰਪਨੀ ਨਿਸਾਨ ਨੇ ਰੂਸੀ ਬਾਜ਼ਾਰ ਨੂੰ ਛੱਡਣ ਦਾ ਹੈਰਾਨੀਜਨਕ ਫੈਸਲਾ ਲਿਆ ਹੈ। ਇਸ ਤੋਂ ਵੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਨਿਸਾਨ ਨੇ ਰੂਸ ਵਿਚ ਆਪਣਾ ਕਾਰੋਬਾਰ ਇਕ ਡਾਲਰ ਤੋਂ ਵੀ ਘੱਟ ਕੀਮਤ ਵਿਚ ਸਰਕਾਰੀ ਮਾਲਕੀ ਵਾਲੀ ਇਕਾਈ ਨੂੰ ਵੇਚਣ ਦਾ ਐਲਾਨ ਕੀਤਾ ਹੈ। ਬ੍ਰਾਂਡ ਨੇ ਮੰਗਲਵਾਰ ਨੂੰ ਇਹ ਦਾਅਵਾ ਕੀਤਾ। ਇਸ ਦਾ ਮਤਲਬ ਹੈ ਕਿ ਜਾਪਾਨੀ ਵਾਹਨ ਨਿਰਮਾਤਾ ਨੂੰ 687 ਮਿਲੀਅਨ ਡਾਲਰ ਦਾ ਨੁਕਸਾਨ ਹੋਇਆ ਹੈ।

ਇਹ ਕਦਮ ਕੰਪਨੀ ਨੂੰ ਦੇਸ਼ ਵਿੱਚ ਉਤਪਾਦਨ ਬੰਦ ਕਰਨ ਲਈ ਮਜਬੂਰ ਕਰਨ ਦੇ ਮਹੀਨਿਆਂ ਬਾਅਦ ਆਇਆ ਹੈ। ਨਾਲ ਹੀ, ਇਸਦਾ ਮਤਲਬ ਇਹ ਹੈ ਕਿ ਇਸ ਸਾਲ ਫਰਵਰੀ ਵਿੱਚ ਰੂਸ ਦੁਆਰਾ ਯੂਕਰੇਨ ਉੱਤੇ ਹਮਲਾ ਕਰਨ ਤੋਂ ਬਾਅਦ, ਨਿਸਾਨ ਰੂਸ ਤੋਂ ਬਾਹਰ ਨਿਕਲਣ ਵਾਲੀ ਨਵੀਨਤਮ ਪ੍ਰਮੁੱਖ ਵਾਹਨ ਨਿਰਮਾਤਾ ਬਣ ਗਈ ਹੈ। ਨਿੱਕੇਈ ਏਸ਼ੀਆ ਦਾ ਦਾਅਵਾ ਹੈ ਕਿ ਰੇਨੋ-ਨਿਸਾਨ-ਮਿਤਸੁਬੀਸ਼ੀ ਗੱਠਜੋੜ ਦੀ ਛਤਰ ਛਾਇਆ ਹੇਠ ਇੱਕ ਹੋਰ ਪ੍ਰਮੁੱਖ ਜਾਪਾਨੀ ਕਾਰ ਬ੍ਰਾਂਡ ਮਿਤਸੁਬਿਸ਼ੀ ਵੀ ਰੂਸੀ ਬਾਜ਼ਾਰ ਤੋਂ ਬਾਹਰ ਹੋਣ 'ਤੇ ਵਿਚਾਰ ਕਰ ਰਹੀ ਹੈ।

ਜਾਪਾਨ ਦੇ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ, "ਨਿਸਾਨ ਦੀ ਕਾਰਜਕਾਰੀ ਕਮੇਟੀ ਨੇ ਰੂਸੀ ਸੰਘ ਨੂੰ ਆਪਣੀ ਰੂਸੀ ਸੰਪਤੀਆਂ ਦੀ ਵਿਕਰੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਵਿੱਚ ਸੇਂਟ ਪੀਟਰਸਬਰਗ ਵਿੱਚ ਨਿਸਾਨ ਦੇ ਉਤਪਾਦਨ ਅਤੇ ਖੋਜ ਸਹੂਲਤਾਂ ਅਤੇ ਮਾਸਕੋ ਵਿੱਚ ਵਿਕਰੀ ਅਤੇ ਮਾਰਕੀਟਿੰਗ ਕੇਂਦਰ ਸ਼ਾਮਲ ਹਨ," ਜਾਪਾਨ ਦੇ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ। ਸੌਦੇ ਦੀਆਂ ਸ਼ਰਤਾਂ ਦੇ ਤਹਿਤ, ਨਿਸਾਨ "ਅਗਲੇ ਛੇ ਸਾਲਾਂ ਵਿੱਚ ਆਪਣਾ ਹਿੱਸਾ ਵਾਪਸ ਖਰੀਦ ਸਕਦਾ ਹੈ"। ਨਿਸਾਨ ਨੇ ਇੱਕ ਵੱਖਰੇ ਬਿਆਨ ਵਿੱਚ ਕਿਹਾ ਕਿ ਸੌਦੇ ਨੂੰ ਆਉਣ ਵਾਲੇ ਹਫ਼ਤਿਆਂ ਵਿੱਚ ਅੰਤਿਮ ਰੂਪ ਦਿੱਤਾ ਜਾਵੇਗਾ। ਸੌਦੇ ਦੇ ਤਹਿਤ, ਕੰਪਨੀ ਲਗਭਗ 100 ਬਿਲੀਅਨ ਯੇਨ ($ 686.5 ਮਿਲੀਅਨ) ਦਾ ਇੱਕ ਵਾਰ ਭੁਗਤਾਨ ਕਰੇਗੀ।

# ਵੈਨੇਜ਼ੁਏਲਾ ਵਿੱਚ ਲਗਾਤਾਰ ਭਾਰੀ ਮੀਂਹ, 22 ਲੋਕਾਂ ਦੀ ਮੌਤ, 50 ਤੋਂ ਵੱਧ ਲੋਕ ਲਾਪਤਾ



ਕਾਰਾਕਾਸ, 13 ਅਕਤੂਬਰ, (ਪੋਸਟ ਬਿਊਰੋ): ਇਨ੍ਹੀਂ ਦਿਨੀਂ ਦੱਖਣੀ ਅਮਰੀਕੀ ਦੇਸ਼ ਵੈਨੇਜ਼ੁਏਲਾ 'ਚ ਭਾਰੀ ਮੀਂਹ ਨੇ ਤਬਾਹੀ ਮਚਾਈ ਹੋਈ ਹੈ। ਵੈਨੇਜ਼ੁਏਲਾ ਵਿੱਚ ਲਗਾਤਾਰ ਕਈ ਦਿਨਾਂ ਤੋਂ ਭਾਰੀ ਮੀਂਹ ਪੈ ਰਿਹਾ ਹੈ। ਇਸ ਦੌਰਾਨ ਭਾਰੀ ਮੀਂਹ ਕਾਰਨ ਮੱਧ ਵੈਨੇਜ਼ੁਏਲਾ ਵਿੱਚ ਜ਼ਮੀਨ ਖਿਸਕਣ ਕਾਰਨ ਘੱਟੋ-ਘੱਟ 22 ਲੋਕਾਂ ਦੀ ਮੌਤ ਹੋ ਗਈ ਅਤੇ ਹੜ੍ਹ ਕਾਰਨ 50 ਤੋਂ ਵੱਧ ਲੋਕ ਲਾਪਤਾ ਹੋ ਗਏ। ਭਾਰੀ ਬਾਰਿਸ਼ ਕਾਰਨ ਨਦੀਆਂ 'ਚ ਉਛਾਲ ਹੈ। ਦਰਿਆਵਾਂ ਦੇ ਪਾਣੀ ਦਾ ਪੱਧਰ ਵਧਣ ਕਾਰਨ ਇਲਾਕੇ ਵਿੱਚ ਹੜ੍ਹ ਦੀ ਸਥਿਤੀ ਬਣੀ ਹੋਈ ਹੈ। ਵੈਨੇਜ਼ੁਏਲਾ ਦੇ ਉਪ ਰਾਸ਼ਟਰਪਤੀ ਡੇਲਸੀ ਰੋਡਰਿਗਜ਼ ਨੇ ਇਹ ਜਾਣਕਾਰੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਰਾਹਤ ਅਤੇ ਬਚਾਅ ਕਾਰਜ ਪੂਰੇ ਜ਼ੋਰਾਂ 'ਤੇ ਚੱਲ ਰਹੇ ਹਨ। ਉਪ ਰਾਸ਼ਟਰਪਤੀ ਡੇਲਸੀ ਰੋਡਰਿਗਜ਼ ਨੇ ਕਿਹਾ ਕਿ ਮੱਧ ਵੈਨੇਜ਼ੁਏਲਾ ਦੀਆਂ ਪੰਜ ਛੋਟੀਆਂ ਨਦੀਆਂ 'ਚ ਭਾਰੀ ਮੀਂਹ ਕਾਰਨ ਹੜ੍ਹ ਆ ਗਿਆ ਹੈ। ਰੋਡਰਿਗਜ਼ ਨੇ ਇੱਕ ਟੈਲੀਵਿਜ਼ਨ ਸੰਬੋਧਨ ਵਿੱਚ ਕਿਹਾ ਕਿ ਸ਼ਨੀਵਾਰ ਰਾਤ ਦੀ ਭਾਰੀ ਬਾਰਿਸ਼ ਨੇ ਪਹਾੜਾਂ ਤੋਂ ਵੱਡੇ ਰੁੱਖਾਂ ਦੇ ਤਣੇ ਅਤੇ ਮਲਬੇ ਨੂੰ ਵਹਾ ਦਿੱਤਾ ਜਿਸ ਨਾਲ ਕਾਰੋਬਾਰਾਂ ਅਤੇ ਖੇਤਾਂ ਨੂੰ ਨੁਕਸਾਨ ਪਹੁੰਚਿਆ ਹੈ।

# ਆਈਐੱਮਐੱਫ ਨੇ ਘਟਾਈ ਭਾਰਤ ਦੀ ਆਰਥਿਕ ਵਿਕਾਸ ਦਰ, ਕਿਹਾ 2023 'ਚ ਕਈ ਦੇਸ਼ ਦੇਖਣਗੇ ਮੰਦੀ




ਵਾਸ਼ਿੰਗਟਨ, 13 ਅਕਤੂਬਰ, (ਪੋਸਟ ਬਿਊਰੋ)- ਅੰਤਰਰਾਸ਼ਟਰੀ ਮੁਦਰਾ ਫੰਡ (ਆਈ.ਐੱਮ.ਐੱਫ.) ਨੇ ਦੂਜੀ ਵਾਰ ਭਾਰਤ ਦੀ ਆਰਥਿਕ ਵਿਕਾਸ ਦਰ 'ਚ ਕਟੌਤੀ ਕੀਤੀ ਹੈ। ਆਈਐੱਮਐੱਫ ਨੇ ਇਸ ਨੂੰ ਵਿੱਤੀ ਸਾਲ 2022-23 ਲਈ 7.4 ਫੀਸਦੀ ਤੋਂ ਘਟਾ ਕੇ 6.8 ਫੀਸਦੀ ਕਰ ਦਿੱਤਾ ਹੈ। ਆਈਐੱਮਐੱਫ ਨੇ ਕਿਹਾ, "ਸੰਖੇਪ ਵਿੱਚ, ਸਭ ਤੋਂ ਬੁਰਾ ਆਉਣਾ ਬਾਕੀ ਹੈ। ਇਹ ਸਮਾਂ ਕਈ ਲੋਕਾਂ ਲਈ 2023 ਦੀ ਮੰਦੀ ਵਰਗਾ ਸਾਬਤ ਹੋਵੇਗਾ।" ਜੁਲਾਈ ਵਿੱਚ ਆਈਐੱਮਐੱਫ ਨੇ ਭਾਰਤ ਦੀ ਵਿਕਾਸ ਦਰ ਨੂੰ 8.2 ਫੀਸਦੀ ਤੋਂ ਘਟਾ ਕੇ 7.4 ਫੀਸਦੀ ਕਰ ਦਿੱਤਾ ਸੀ, ਇਸ ਤਰ੍ਹਾਂ ਇਹ ਘਟ ਕੇ 0.8 ਫੀਸਦੀ ਰਹਿ ਗਈ ਸੀ।

ਆਈਐੱਮਐੱਫ ਦਾ ਕਹਿਣਾ ਹੈ ਕਿ ਗਲੋਬਲ ਕਾਰਕਾਂ ਅਤੇ ਸਖ਼ਤ ਮੁਦਰਾ ਨੀਤੀ ਦੇ ਪ੍ਰਭਾਵ ਕਾਰਨ ਭਾਰਤ ਦੀ ਆਰਥਿਕ ਵਿਕਾਸ ਦਰ ਘੱਟ ਰਹਿ ਸਕਦੀ ਹੈ। ਹਾਲਾਂਕਿ ਇਹ ਆਰਬੀਆਈ ਦੇ ਅਨੁਮਾਨ ਤੋਂ ਥੋੜ੍ਹਾ ਜ਼ਿਆਦਾ ਹੈ। ਕੇਂਦਰੀ ਬੈਂਕ ਨੇ ਚਾਲੂ ਵਿੱਤੀ ਸਾਲ 'ਚ ਜੀਡੀਪੀ 7.2 ਫੀਸਦੀ ਦੀ ਦਰ ਨਾਲ ਵਧਣ ਦਾ ਅਨੁਮਾਨ ਲਗਾਇਆ ਹੈ। ਅਗਲੇ ਵਿੱਤੀ ਸਾਲ ਯਾਨੀ 2023-24 'ਚ ਭਾਰਤੀ ਅਰਥਵਿਵਸਥਾ ਦੇ 6.1 ਫੀਸਦੀ ਦੀ ਦਰ ਨਾਲ ਵਧਣ ਦੀ ਉਮੀਦ ਹੈ।

ਆਈਐੱਮਐੱਫ ਨੇ ਜੁਲਾਈ ਵਿੱਚ ਅਪ੍ਰੈਲ 2022 ਵਿੱਚ ਸ਼ੁਰੂ ਹੋਣ ਵਾਲੇ ਵਿੱਤੀ ਸਾਲ ਵਿੱਚ ਭਾਰਤ ਲਈ ਕੁੱਲ ਘਰੇਲੂ ਉਤਪਾਦ (ਜੀਡੀਪੀ) ਵਿੱਚ 7.4 ਪ੍ਰਤੀਸ਼ਤ ਵਾਧੇ ਦਾ ਅਨੁਮਾਨ ਲਗਾਇਆ ਸੀ। ਇਹ ਪੂਰਵ ਅਨੁਮਾਨ ਇਸ ਸਾਲ ਜਨਵਰੀ ਵਿੱਚ ਅਨੁਮਾਨਿਤ 8.2 ਫੀਸਦੀ ਤੋਂ ਘੱਟ ਸੀ। ਵਿੱਤੀ ਸਾਲ 2021-22 (ਅਪ੍ਰੈਲ 2021 ਤੋਂ ਮਾਰਚ 2022) ਵਿੱਚ ਭਾਰਤ ਵਿੱਚ 8.7 ਫੀਸਦੀ ਦੀ ਦਰ ਨਾਲ ਆਰਥਿਕ ਵਿਕਾਸ ਹੋਇਆ ਸੀ।

# ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਮਹਾਰਾਣੀ ਐਲਿਜ਼ਾਬੈੱਥ-2 ਦੇ ਪਲਾਟੀਨਮ ਜੁਬਲੀ ਪਿਨ ਨਾਲ ਸਨਮਾਨਿਤ

## ਸਨਮਾਨ ਬਰੈਂਪਟਨ ਵੈੱਸਟ ਦੇ ਐੱਮ.ਪੀ.ਪੀ. ਅਮਰਜੋਤ ਸਿੰਘ ਸੰਧੂ ਦੇ ਦਫ਼ਤਰ 'ਚ ਹੋਇਆ



ਬਰੈਂਪਟਨ, (ਡਾ. ਝੰਡ) -ਬਰੈਂਪਟਨ ਵਿਚ ਪਿਛਲੇ ਦਸ ਸਾਲ ਤੋਂ ਸਿਹਤ ਸਬੰਧੀ ਜਾਗਰੂਕਤਾ ਦਾ ਲਗਾਤਾਰ ਅਮਲੀ ਹੋਕਾ ਦੇ ਰਹੀ 'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ' (ਟੀ.ਪੀ.ਏ.ਆਰ. ਕਲੱਬ) ਨੂੰ ਲੰਘੇ ਵੀਰਵਾਰ 6 ਅਕਤੂਬਰ ਵਿਸ਼ੇਸ਼ ਨੂੰ ਮਾਣ ਪ੍ਰਾਪਤ ਹੋਇਆ ਜਦੋਂ ਇਸ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਨੂੰ ਐੱਮ.ਪੀ.ਪੀ. ਅਮਰਜੋਤ ਸਿੰਘ ਸੰਧੂ ਵੱਲੋਂ ਉਨ੍ਹਾਂ ਦੇ ਦਫ਼ਤਰ ਵਿਚ ਹੋਏ ਇਕ ਸੰਖੇਪ ਸਮਾਗ਼ਮ ਦੌਰਾਨ 'ਮਹਾਰਾਣੀ ਐਲਿਜ਼ਾਬੈੱਥ-2 ਦੇ ਪਲਾਟੀਨਮ ਜੁਬਲੀ ਪਿੰਨ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਇੰਗਲੈਂਡ ਦੀ ਮਹਾਰਾਣੀ ਅਲਿਜ਼ਾਬੈੱਥ-2 ਜੋ 96 ਸਾਲ ਦੀ ਲੰਮੀ ਉਮਰ ਭੋਗਣ ਤੋਂ ਬਾਅਦ ਪਿਛਲੇ ਮਹੀਨੇ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗਈ, ਦੇ ਰਾਜ ਦੇ 70 ਸਾਲ ਲੰਮੇਂ ਚੱਲੇ ਕਾਰਜਕਾਲ ਦੀ ਨਿਸ਼ਾਨੀ ਵਜੋਂ ਇਹ ਪਲਾਟੀਨਮ ਜੁਬਲੀ ਪਿੰਨ ਐਵਾਰਡ ਆਖ਼ਰੀ ਸਨਮਾਨ-ਚਿੰਨ੍ਹ ਹਨ ਜੋ ਇੰਗਲੈਂਡ ਅਤੇ ਕੈਨੇਡਾ ਦੀਆਂ ਸਰਕਾਰਾਂ ਵੱਲੋਂ ਆਪਣੇ ਅਹਿਮ ਨਾਗਰਿਕਾਂ ਨੂੰ ਪ੍ਰਦਾਨ ਕੀਤੇ ਗਏ।

ਪਾਠਕਾਂ ਨੂੰ ਯਾਦ ਹੋਵੇਗਾ ਕਿ 2002 ਵਿਚ ਜਦੋਂ ਇੰਗਲੈਂਡ ਦੀ ਇਸ ਮਹਾਰਾਣੀ ਅਲਿਜ਼ਾਬੈੱਥ-2 ਦੇ ਰਾਜ ਦੇ 50 ਸਾਲ ਪੂਰੇ ਹੋਏ ਸਨ ਤਾਂ ਕਈ ਅਹਿਮ ਸ਼ਖ਼ਸੀਅਤਾਂ ਨੂੰ 'ਮਹਾਰਾਣੀ ਅਲਿਜ਼ਾਬੈੱਥ-2 ਗੋਲਡਨ ਜੁਬਲੀ ਐਵਾਰਡ' ਦਿੱਤੇ ਗਏ ਸਨ ਅਤੇ ਸਾਲ 2012 ਵਿਚ ਵੀ ਉਸ ਦੇ ਰਾਜਕਾਲ ਦੇ 60 ਸਾਲ ਪੂਰੇ ਹੋਣ 'ਤੇ ਕਈਆਂ ਨੂੰ ਪਲਾਟੀਨਮ ਐਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ ਸੀ। ਹੁਣ 2022 ਵਿਚ ਮਹਾਰਾਣੀ ਦੇ ਰਾਜਕਾਲ ਦੇ 70 ਸਾਲ ਪੂਰੇ ਹੋਣ 'ਤੇ 'ਅਲਿਜ਼ਾਬੈੱਥ-2 ਪਲਾਟੀਨਮ ਪਿੰਨ' ਕਈ ਅਹਿਮ ਸ਼ਖ਼ਸੀਅਤਾਂ ਨੂੰ ਪ੍ਰਦਾਨ ਕੀਤੇ ਗਏ ਹਨ। ਇਹ ਐਵਾਰਡ ਉਨ੍ਹਾਂ ਵਿਅੱਕਤੀਆਂ ਨੂੰ ਦਿੱਤੇ ਜਾਂਦੇ ਹਨ ਜਿਨ੍ਹਾਂ ਨੇ ਸਮਾਜ ਵਿਚ ਵਿਚਰਦਿਆਂ ਹੋਇਆਂ ਕਮਿਊਨਿਟੀ ਦੀ ਬੇਹਤਰੀ ਲਈ ਵਿਸ਼ੇਸ਼ ਸੇਵਾ ਨਿਭਾਈ ਹੋਵੇ, ਆਲੇ-ਦੁਆਲੇ ਦੇ ਲੋਕਾਂ ਨਾਲ ਆਪਸੀ ਸਾਂਝ ਵਧਾਉਣ ਵਿਚ ਅਹਿਮ ਯੋਗਦਾਨ ਪਾਇਆ ਹੋਵੇ, ਫ਼ਰੰਟ-ਲਾਈਨ ਵਰਕਰ ਦੇ ਤੌਰ 'ਤੇ ਜਾਂ ਵਾਲੰਟੀਅਰ ਵਜੋਂ ਵਿਸ਼ੇਸ਼ ਕੰਮ ਕੀਤਾ ਹੋਵੇ ਜਾਂ ਫਿਰ ਉਹ ਕਿਸੇ ਸਮਾਜ ਭਲਾਈ ਸੰਸਥਾ ਦਾ ਮੋਹਰੀ ਆਗੂ ਹੋਣ।

ਸੰਧੂਰਾ ਸਿੰਘ ਬਰਾੜ ਨੂੰ ਇਹ ਮਹਾਰਾਣੀ ਐਲਿਜ਼ਾਬੈੱਥ-2 ਦੇ ਪਲਾਟੀਨਮ ਜੁਬਲੀ ਪਿੰਨ ਐਵਾਰਡ ਮਿਲਣ 'ਤੇ ਉਨ੍ਹਾਂ ਦੇ ਦੋਸਤਾਂ-ਮਿੱਤਰਾਂ, ਟੀ.ਪੀ.ਏ.ਆਰ. ਕਲੱਬ ਦੇ ਸਹਿਯੋਗੀ ਮੈਂਬਰਾਂ, ਸਬੰਧੀਆਂ ਅਤੇ ਜਾਣਕਾਰਾਂ ਵੱਲੋਂ ਵਧਾਈ ਦੇ ਲਗਾਤਾਰ ਸੁਨੇਹੇ ਰਹੇ ਹਨ। ਜ਼ਿਕਰਯੋਗ ਹੈ ਕਿ ਦਸ ਸਾਲ ਪਹਿਲਾਂ ਉਨ੍ਹਾਂ ਨੇ ਆਪਣੇ 5-6 ਸਾਥੀਆਂ ਨਾਲ 'ਟੀ.ਪੀ.ਏ.ਆਰ. ਕਲੱਬ ਦਾ ਗਠਨ ਕੀਤਾ ਸੀ। ਹੌਲੀ-ਹੌਲੀ ਇਸ ਕਲੱਬ ਵਿਚ ਵਾਧਾ ਹੁੰਦਾ ਗਿਆ ਅਤੇ ਇਹ ਕਾਫਲੇ ਦਾ ਰੂਪ ਧਾਰਨ ਕਰ ਗਈ। ਹੁਣ ਇਸ ਸਮੇਂ ਇਸ ਕਲੱਬ ਦੇ 100 ਤੋਂ ਵਧੀਕ ਮੈਂਬਰ ਹਨ ਅਤੇ ਇਹ ਮੈਂਬਰ ਹਰ ਹਫ਼ਤੇ ਸ਼ਨੀਵਾਰ ਜਾਂ ਐਤਵਾਰ ਵਾਲੇ ਦਿਨ ਬਰੈਂਪਟਨ, ਮਿਸੀਸਾਗਾ ਜਾਂ ਕੈਲੇਡਨ ਦੀ ਕਿਸੇ ਨਾ ਕਿਸੇ ਟਰੇਲ 'ਤੇ 15-20 ਕਿਲੋਮੀਟਰ ਤੇ ਕਈ ਵਾਰ ਇਸ ਤੋਂ ਵੀ ਵੱਧ ਦੌੜ ਲਾਉਂਦੇ ਹਨ ਜਾਂ ਤੇਜ਼ ਤੁਰਦੇ ਹਨ। ਕਈ ਮੈਂਬਰ ਆਪਣੇ ਸਾਈਕਲਾਂ 'ਤੇ 50-60 ਕਿਲੋਮੀਟਰ ਦਾ ਪੈਂਡਾ ਤੈਅ ਕਰਦੇ ਹਨ। ਕਲੱਬ ਦੇ ਸਾਰੇ ਮੈਂਬਰ ਹਰ ਸਾਲ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ ਕਰਵਾਈ ਜਾਂਦੀ 'ਇਨਸਪੀਰੇਸ਼ਨਲ ਸਟੈੱਪਸ', 'ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ', ਤਰਕਸ਼ੀਲ ਸੋਸਾਇਟੀ ਕੈਨੇਡਾ ਵੱਲੋਂ ਕਰਵਾਈ ਜਾਂਦੀ 'ਰੱਨ-ਕਮ-ਵੱਕ' ਅਤੇ 'ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ' ਵਿਚ ਭਾਗ ਲੈਂਦੇ ਹਨ। ਇਸ ਸਾਲ 11 ਸਤੰਬਰ ਨੂੰ ਉਨ੍ਹਾਂ ਬਰੈਂਪਟਨ ਤੋਂ 100 ਕਿਲੋਮੀਟਰ ਦੂਰ ਪੈਂਦੇ ਸ਼ਹਿਰ ਜੌਰਜਿਨਾ ਵਿਚ ਹੋਈ ਮੈਰਾਥਨ/ਹਾਫ਼-ਮੈਰਾਥਨ/5 ਤੇ 10 ਕਿਲੋਮੀਟਰ ਦੌੜ ਵਿਚ ਵੀ ਭਾਗ ਲਿਆ। ਇਸ ਤੋਂ ਇਲਾਵਾ ਉਹ ਹਰ ਸਾਲ ਸੀ.ਐੱਨ. ਟਾਵਰ ਦੀਆਂ 1776 ਪੌੜੀਆਂ ਚੜ੍ਹਨ ਦੇ ਈਵੈਂਟ ਵਿਚ ਵੀ ਬੜੇ ਉਤਸ਼ਾਹ ਨਾਲ ਹਿੱਸਾ ਲੈਂਦੇ ਹਨ। ਇਹ ਵੱਖਰੀ ਗੱਲ ਹੈ ਕਿ ਸਾਰੀ ਦੁਨੀਆਂ ਵਿਚ ਫ਼ੈਲੀ ਕਰੋਨਾ ਮਹਾਂਮਾਰੀ ਕਾਰਨ ਪਿਛਲੇ ਤਿੰਨ ਸਾਲ ਤੋਂ ਇਹ ਈਵੈਂਟ ਨਹੀਂ ਕਰਵਾਇਆ ਜਾ ਸਕਿਆ ਅਤੇ ਅਗਲੇ ਸਾਲ ਤਾਂ ਇਹ ਫਿਰ ਸ਼ੁਰੂ ਹੋਣ ਦੀ ਪੂਰੀ ਉਮੀਦ ਹੈ। ਕਲੱਬ ਦੇ ਮੈਂਬਰਾਂ ਦੀਆਂ ਇਨ੍ਹਾਂ ਸਰਗ਼ਰਮੀਆਂ ਨਾਲ ਕਮਿਊਨਿਟੀ ਨੂੰ ਸਿਹਤ ਸਬੰਧੀ ਬੜਾ ਵਧੀਆ ਉਸਾਰੂ ਸੁਨੇਹਾ ਪਹੁੰਚਦਾ ਹੈ। ਏਸੇ ਲਈ ਹਰ ਸਾਲ ਇਸ ਕਲੱਬ ਦੇ ਮੈਂਬਰਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਸੰਧੂਰਾ ਸਿੰਘ ਬਰਾੜ ਦੀ ਯੋਗ ਅਗਵਾਈ ਵਿਚ ਇਹ ਕਲੱਬ ਨਵੀਆਂ ਪੁਲਾਂਘਾ ਪੁੱਟ ਰਹੀ ਹੈ ਅਤੇ ਉਨ੍ਹਾਂ ਵੱਲੋਂ ਨਿਭਾਈਆਂ ਗਈਆਂ ਸੇਵਾਵਾਂ ਦੇ ਬਦਲੇ ਹੀ ਉਨ੍ਹਾਂ ਨੂੰ ਮਹਾਰਾਣੀ ਅਲਿਜ਼ਾਬੈੱਥ-2 ਦਾ ਇਹ ਵੱਕਾਰੀ ਐਵਾਰਡ ਦਿੱਤਾ ਗਿਆ ਹੈ।

# ਫਰਿਜਨੋਂ ਚ ਉਸਤਾਦ ਲਾਲ ਚੰਦ ਯਮਲਾ ਜੱਟ ਯਾਦਗਾਰੀ ਮੇਲਾ 23 ਅਕਤੂਬਰ ਨੂੰ ਹੋਵੇਗਾ



ਸੈਕਰਾਮੈਂਟੋ,10 ਅਕਤੂਬਰ (ਹੁਸਨ ਲੜੋਆ ਬੰਗਾ)-ਯਮਲਾ ਜੱਟ ਫਾਉਡੇਸ਼ਨ ਫਰਿਜਨੋਂ ਦੇ ਪ੍ਰਬੰਧਕਾਂ ਦੀ ਬੀਤੇ ਦਿਨੀ ਹੋਈ ਮਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਕਿ ਮਰਹੂਮ ਗਾਇਕ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਯਾਦ ਨੂੰ ਸਮਰਪਤ ਮੇਲਾ ਫਰਿਜਨੋਂ ਚ 23 ਅਕਤੂਬਰ 2022 ਦਿਨ ਐਤਵਾਰ ਬਾਅਦ ਦੁਪਿਹਰ 1 ਵਜੇ ਤੇ ਲੈ ਕੇ ਸਾਮ 6 ਵਜੇ ਤੱਕ ਫਾਊਲਰ ਸ਼ਹਿਰ ਦੇ ਪੈਨਜੈਕ ਪਾਰਕ ਵਿੱਚ ਪਿੱਛਲੇ ਸਾਲ ਦੀ ਤਰ੍ਹਾਂ ਕਰਾਇਆ ਜਾਵੇਗਾ। ਇਸ ਮੇਲੇ ਵਿੱਚ ਬਹੁਤ ਸਾਰੇ ਨਾਮਵਰ ਗਇਕ ਵੀ ਪਹੁੰਚ ਰਹੇ ਹਨ। ਜਿਨ੍ਹਾਂ ਵਿੱਚ ਵਿਸ਼ੇਸ਼ ਲੋਕਾ ਦੀ ਪੁਰਜ਼ੋਰ ਮੰਗ 'ਤੇ ਗੀਤਕਾਰ ਅਤੇ ਗਾਇਕ ਧਰਮਵੀਰ ਥਾਂਦੀ, ਬੀਬੀ ਜੋਤ ਰਣਜੀਤ, ਐਚ. ਐਸ. ਭਜਨ, ਦਿਲਦਾਰ ਮਿਊਜ਼ੀਕਲ ਗਰੁੱਪ ਦੇ ਅਵਤਾਰ ਗਰੇਵਾਲ, ਰਾਣੀ ਗਿੱਲ, ਕਾਂਤਾ ਸਹੋਤਾ, ਉਅੰਕਾਰ ਗਿੱਲ, ਪੱਪੂ ਬਰਾੜ, ਅਕਾਸਦੀਪ ਅਕਾਸ਼, ਰਾਜੇਸ਼ ਰਾਜੂ, ਸੁਰਜੀਤ ਮਾਛੀਵਾੜਾ, ਗੋਗੀ ਸੰਧੂ, ਰਾਜ ਬਰਾੜ ਅਤੇ ਹਰਦੇਵ ਸਿੱਧੂ ਆਦਿਕ ਹਮੇਸ਼ਾ ਵਾਂਗ ਆਪਣੀ ਗਾਇਕੀ ਦਾ ਰੰਗ ਬੰਨਣ-ਗੇ। ਇਸ ਮੇਲੇ ਵਿੱਚ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਗਾਇਕੀ ਦਾ ਰੰਗ ਪੇਸ਼ ਕਰਨ ਵਾਲੇ ਗਾਇਕਾ ਨੂੰ ਖਾਸ ਤੌਰ 'ਤੇ ਖੁੱਲੇ ਅਖਾੜੇ ਵਿੱਚ ਗਾਉਣ ਦਾ ਮੌਕਾ ਦਿੱਤਾ ਜਾਵੇਗਾ ਅਤੇ ਹਿੱਸਾ ਲੈਣ ਵਾਲੇ ਸਾਰੇ ਕਲਾਕਾਰਾ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਮੇਲੇ ਵਿੱਚ ਦਾਖਲਾ ਅਤੇ ਲੰਗਰਾਂ ਦਾ ਫਰੀ ਪ੍ਰਬੰਧ ਹੋਵੇਗਾ।

# ਅਮਰੀਕਾ ਦੀ ਰਾਈਟ ਸਟੇਟ ਯੂਨੀਵਰਸਿਟੀ ਵਿਖੇ 'ਸਿੱਖਸ ਇਨ ਅਮਰੀਕਾ' ਦਾ ਆਯੋਜਨ



## * ਸਜਾਈਆਂ ਗਈਆਂ ਦਸਤਾਰਾਂ, ਸਿੱਖਾਂ ਬਾਰੇ ਸਾਂਝੀ ਕੀਤੀ ਗਈ ਜਾਣਕਾਰੀ

ਸੈਕਰਾਮੈਂਟੋ, 13 ਅਕਤੂਬਰ (ਹਸੁਨ ਲੜੋਆ ਬੰਗਾ)- ਸਿੱਖ ਧਰਮ ਦੀ ਵਿਲੱਖਣਤਾ ਦਰਸਾਉਣ ਅਤੇ ਵਿਦਿਆਰਥੀਆਂ, ਅਧਿਕਾਰੀਆਂ ਤੇ ਨਗਰ ਵਾਸੀਆਂ ਨੂੰ ਸਿੱਖ ਸਭਿਆਚਾਰ ਦੇ ਗੋਰਵ ਮਈ ਵਿਰਸੇ ਤੋਂ ਜਾਣੂ ਕਰਾਉਣ, ਸਿੱਖ ਪਛਾਣ ਬਾਰੇ ਜਾਗਰੂਕਤਾ ਪੈਦਾ ਕਰਨ ਲਈ, ਅਮਰੀਕਾ ਦੇ ਓਹਾਈਓ ਦੇ ਸੂਬੇ ਦੀ ਰਾਈਟ ਸਟੇਟ ਯੂਨੀਵਰਸਿਟੀ, ਡੇਟਨ ਵਿਖੇ 'ਸਿੱਖਸ ਇਨ ਅਮਰੀਕਾ ਐਂਡ ਰਾਈਟ ਸਟੇਟ ਯੂਨੀਵਰਸਿਟੀ' ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਹ ਪ੍ਰੋਗਰਾਮ ਮੌਜੂਦਾ, ਸਾਬਕਾ ਸਿੱਖ ਵਿਦਿਆਰਥੀਆਂ ਅਤੇ ਯੂਨੀਵਰਸਿਟੀ ਸੈਂਟਰ ਆਫ ਇੰਟਰਨੈਸ਼ਨਲ ਐਜੂਕੇਸ਼ਨ (ਯੂ.ਸੀ.ਆਈ.ਈ.) ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ ਸੀ। ਯੂਨੀਵਰਸਿਟੀ ਵਿਖੇ ਸਾਲ 1979 ਤੋਂ ਕੰਮ ਕਰ ਰਹੇ ਪ੍ਰੋਫੈਸਰ ਡਾ. ਕੁਲਦੀਪ ਸਿੰਘ ਰਤਨ ਨੇ ਆਪਣੇ ਉਦਘਾਟਨੀ ਭਾਸ਼ਣ ਵਿਚ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਅਜਿਹੇ ਸਮਾਗਮ ਕਰਵਾਉਣ ਦਾ ਕਾਰਨ ਦੱਸਿਆ। ਉਨ੍ਹਾਂ ਕਿਹਾ ਕਿ ਅਮਰੀਕਾ ਵਿੱਚ 11 ਸਤੰਬਰ 2001 (9/11) ਦੇ ਹਮਲੇ ਤੋਂ ਬਾਅਦ ਹਰ ਟੀਵੀ ਚੈਨਲ ਵਲੋਂ ਓਸਾਮਾ ਬਿਨ ਲਾਦੇਨ ਦੀਆਂ ਪੱਗ ਅਤੇ ਦਾਹੜੀ ਵਾਲੀਆਂ ਤਸਵੀਰਾਂ ਨੂੰ ਦਿਖਾਇਆ ਜਾ ਰਿਹਾ ਸੀ, ਜਿਸ ਕਾਰਨ 9/11 ਤੋਂ ਬਾਅਦ ਸਾਡੇ ਬਾਰੇ ਲੋਕਾਂ ਦਾ ਨਜ਼ਰੀਆ ਥੋੜ੍ਹਾ ਬਦਲ ਗਿਆ। ਅਸੀਂ ਉਸ ਤੋਂ ਚਾਰ ਦਿਨ ਬਾਦ ਐਰੀਜ਼ੋਨਾ ਵਿਖੇ ਬਲਬੀਰ ਸਿੰਘ ਸੋਢੀ ਨੂੰ ਗੁਆ ਦਿੱਤਾ, ਕਿਉਂਕਿ ਆਮ ਲੋਕਾਂ ਨੂੰ ਸਿੱਖਾਂ ਬਾਰੇ ਪਤਾ ਨਹੀਂ ਸੀ। ਇਹੀ ਕਾਰਨ ਹੈ ਕਿ ਸਿੱਖਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਅਜਿਹੇ ਪ੍ਰੋਗਰਾਮਾਂ ਦਾ ਆਯੋਜਿਤ ਕਰਨਾ ਬਹੁਤ ਜ਼ਰੂਰੀ ਹੋ ਗਿਆ। ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਅਤੇ ਕਮਿਊਨਿਟੀ ਕਾਰਕੂਨ ਸਮੀਪ ਸਿੰਘ ਗੁਮਟਾਲਾ ਨੇ ਵੀਡੀਓ ਅਤੇ ਸਲਾਈਡਾਂ ਦੀ ਵਰਤੋਂ ਕਰਕੇ ਸਿੱਖਾਂ ਬਾਰੇ ਜਾਣਕਾਰੀ ਦਿੱਤੀ। ਉਹਨਾਂ ਗੁਰੂ ਗ੍ਰੰਥ ਸਾਹਿਬ, 10 ਗੁਰੂ ਸਾਹਿਬਾਨ, ਸਿੱਖ ਕਕਾਰਾਂ (ਕੇਸ, ਕੰਗਾ, ਕੜਾ, ਕਿਰਪਾਨ ਅਤੇ ਕਛਹਿਰਾ), ਦਸਤਾਰ, ਲੰਗਰ, ਅਮਰੀਕਾ ਵਿੱਚ ਸਿੱਖਾਂ ਦੀ ਆਮਦ ਆਦਿ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਮਹਿਮਾਨਾਂ ਵਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੱਤੇ। ਯੂਨੀਵਰਸਿਟੀ ਵਿਖੇ ਇੰਜੀਨਿਅਰਿੰਗ ਵਿੱਚ ਮਾਸਟਰਜ਼ ਕਰ ਰਹੇ ਵਿਦਿਆਰਥੀ ਹਰਰੂਪ ਸਿੰਘ ਅਤੇ ਹਰਸ਼ਦੀਪ ਸਿੰਘ ਨੇ ਦੁਸਿਆ ਕਿ ਇਹ ਬਹੁਤ ਹੀ ਜਾਣਕਾਰੀ ਭਰਪੂਰ ਪ੍ਰੋਗਰਾਮ ਸੀ। ਉਹਨਾਂ ਸਮਾਗਮ ਦੇ ਆਯੋਜਨ ਵਿੱਚ ਸਹੂਲਤ ਕਰਨ ਲਈ ਯੂਨੀਵਰਸਿਟੀ ਦੇ ਸਟਾਫ ਮੈਂਬਰਾਂ, ਹੋਰ ਵਿਦਿਆਰਥੀ ਸੰਸਥਾਵਾਂ ਅਤੇ ਯੂ.ਸੀ.ਆਈ.ਈ. ਦਾ ਧੰਨਵਾਦ ਕੀਤਾ। ਉਹਨਾਂ ਕਿਹਾ, "ਇਸ ਸਮਾਗਮ ਨੇ ਸਾਡੀ ਯੂਨੀਵਰਸਿਟੀ ਦੇ ਭਾਈਚਾਰੇ ਨੂੰ ਇਕੱਠੇ ਹੋਣ, ਸਿੱਖ ਧਰਮ ਬਾਰੇ ਹੋਰ ਜਾਨਣ, ਸਮਝਣ ਅਤੇ ਸਿੱਖ ਸਭਿਆਚਾਰ ਦੇ ਗੋਰਵਮਈ ਵਿਰਸੇ ਤੋਂ ਜਾਣੂ ਕਰਾਉਣ ਲਈ ਇੱਕ ਵਧੀਆ ਮੌਕਾ ਪ੍ਰਦਾਨ ਕੀਤਾ। ਆਏ ਹੋਏ ਮਹਿਮਾਨਾਂ ਨੇ, ਜਿਸ ਵਿੱਚ ਵੱਖ-ਵੱਖ ਮੁਲਕਾਂ ਦੇ ਵਿਦਿਆਰਥੀ ਸ਼ਾਮਲ ਸਨ, ਨੇ ਉਤਸ਼ਾਹ ਨਾਲ ਹਿੱਸਾ ਲਿਆ।

ਮਹਿਮਾਨਾਂ ਨੇ ਦਸਤਾਰ ਬੰਨਣ ਦਾ ਵੀ ਅਨੁਭਵ ਕੀਤਾ। ਉਹਨਾਂ ਨੂੰ ਡੇਟਨ ਦੇ ਸਿੱਖ ਭਾਈਚਾਰੇ ਦੇ ਮੈਂਬਰਾਂ ਨਾਲ ਗੱਲਬਾਤ ਕਰਨ ਦਾ ਮੌਕਾ ਵੀ ਮਿ-ਲਿਆ। ਦਸਤਾਰ ਸਜਾਉਣ ਤੋਂ ਬਾਅਦ ਵਿਦਿਆਰਥੀ ਬਹੁਤ ਹੀ ਮਾਨ ਮਹਿਸੂਸ ਕਰ ਰਹੇ ਸਨ ਅਤੇ ਯੂਨੀਵਰਸਿਟੀ ਵਿੱਚ ਦਸਤਾਰ ਪਹਿਣ ਕੇ ਘੁੰਮਦੇ ਰਹੇ ਅਤੇ ਆਪਣੀਆਂ ਕਲਾਸਾਂ ਵਿੱਚ ਵੀ ਗਏ। ਉਹਨਾਂ ਇਸ ਦੀ ਮਹੱਤਤਾ, ਵੱਖ-ਵੱਖ ਰੰਗਾਂ ਅਤੇ ਦਸਤਾਰ ਬੰਨਣ ਦੇ ਵੱਖ-ਵੱਖ ਸਟਾਈਲ ਆਦਿ ਬਾਰੇ ਕਈ ਦਿਲਚ-ਸਪ ਸਵਾਲ ਵੀ ਪੁੱਛੇ। ਮਿਸ਼ੇਲ ਸਟ੍ਰੀਟਰ, ਡਾਇਰੈਕਟਰ ਯੂ.ਸੀ.ਆਈ.ਈ. ਨੇ ਸਿੱਖ ਵਿਦਿਆਰਥੀਆਂ ਨੂੰ ਇਸ ਪ੍ਰੋਗਰਾਮ ਨੂੰ ਆਯੋਜਿਤ ਅਤੇ ਕਾਮਯਾਬ ਕਰਨ ਲਈ ਵਧਾਈ ਦਿੱਤੀ। ਉਹਨਾਂ ਕਿਹਾ ਕਿ ਇਸ ਨੇ ਅਮਰੀਕੀ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਇਕੱਠੇ ਹੋ ਕੇ ਸਿੱਖ ਵਿਰਸੇ ਬਾਰੇ ਜਾਣਣ ਦਾ ਮੌਕਾ ਦਿੱਤਾ। ਇਸ ਪ੍ਰੋਗਰਾਮ ਵਿੱਚ ਪ੍ਰਦਰਸ਼ਨੀ ਵੀ ਲਗਾਈ ਗਈ ਜਿਸ ਵਿੱਚ ਦਸਤਾਰ, ਲੰਗਰ, ਮੂਲ ਮੰਤਰ, ਸਿੱਖ ਧਰਮ ਦੇ ਤਿੰਨ ਥੰਮ (ਕਿਰਤ ਕਰਨੀ, ਵੰਡ ਕੇ ਛੱਕਣਾ ਅਤੇ ਨਾਮ ਜਪਣਾ) ਅਤੇ ਅਮਰੀਕਾ ਦੀ ਫੋਜ ਵਿੱਚ ਸਿੱਖਾਂ ਬਾਰੇ ਜਾਣਕਾਰੀ ਦਿੱਤੀ ਗਈ। ਰਾਈਟ ਸਟੇਟ ਦੇ ਸਾਬਕਾ ਵਿਦਿਆਰਥੀ ਲ਼ੈਫਟੀਨੈਂਟ ਕਰਨਲ ਡਾ. ਤੇਜਦੀਪ ਸਿੰਘ ਰਤਨ ਜੋ ਕਿ ਇਸ ਸਮੇਂ ਫੋਜ ਵਿੱਚ ਹਨ, ਬਾਰੇ ਵੀ ਦੱਸਿਆ ਗਿਆ। ਇਸ ਤੋਂ ਇਲਾਵਾ, ਸਿੱਖ ਇਤਿਹਾਸ ਅਤੇ ਪਰੰਪਰਾ ਨਾਲ ਸੰਬੰਧਤ ਕਿਤਾਬਾਂ, ਕੜੇ, ਕੰਘੇ ਵੀ ਪ੍ਰਦਰਸ਼ਿਤ ਕੀਤੇ ਗਏ। ਮਹਿਮਾਨਾਂ ਨੇ ਪੰਜਾਬੀ ਖਾਣੇ ਦਾ ਆਨੰਦ ਮਾ-ਨਿਆ। ਪ੍ਰੋਗਰਾਮ ਵਿੱਚ ਯੂਨੀਵਰਸਿਟੀ ਦੇ ਵਿਦਿਆਰਥੀ ਨਵਰਤਨ ਸਿੰਘ, ਗੁਰਵੀਰ ਸਿੰਘ, ਅਰਵੀਰ ਸਿੰਘ, ਮਨਪ੍ਰੀਤ ਸਿੰਘ ਅਤੇ ਸਿੱਖ ਭਾਈਚਾਰੇ ਦੇ ਮੈਂਬਰ ਵੀ ਸ਼ਾਮਲ ਹੋਏ।




# ਬਜ਼ੁਰਗ ਮਾਲਤੀ ਨੂੰ ਕੈਬਨਿਟ ਮੰਤਰੀ ਨੇ ਕੀਤਾ ਸਨਮਾਨਿਤ



ਪ੍ਰਮਾਤਮਾ ਦੇ ਵੀ ਰੰਗ ਨਿਆਰੇ ਨੇ। ਕਦੇ ਇਹੀ ਮਾਲਤੀ ਮਰਨ ਕਿਨਾਰੇ ਪਤੀ ਨੇ ਸੁੱਟ ਦਿੱਤੀ ਸੀ ਝਾੜੀਆਂ 'ਚ ਤੇ ਅੱਜ ਉਸੇ ਮਾਲਤੀ ਨੂੰ ਪੰਜਾਬ ਦੀ ਕੈਬਨਿਟ ਮੰਤਰੀ ਨੇ ਕੀਤਾ ਸਨਮਾਨਿਤ। ਲੁਧਿਆਣਾ ਵਿਖੇ ਗੁਰੂ ਨਾਨਕ ਵਨ 'ਚ 1 ਅਕਤੂਬਰ 2022 ਨੂੰ ਰਾਜ ਪੱਧਰੀ ਸੀਨੀਅਰ ਸਿਟੀਜ਼ਨ (ਬਜ਼ੁਰਗ) ਦਿਵਸ ਮਨਾਉਂਦਿਆਂ ਸਮਾਗਮ ਦੌਰਾਨ ੰਜਾਬ ਦੀ ਕੈਬਨਿਟ ਮੰਤਰੀ ਸ੍ਰੀ ਮਤੀ ਡਾ. ਬਲਜੀਤ ਕੌਰ ਵੱਲੋਂ ਗੁਰੂ ਅਮਰ ਦਾਸ ਅਪਾਹਜ ਆਸ਼ਰਮ (ਸਰਾਭਾ) ਦੇ ਦੋੌਰ ਬਜ਼ੁਰਗਾਂ ਸਮੇਤ ਮਾਲਤੀ ਨੂੰ ਵੀ ਸ਼ੀਲਡ ਦੇ ਕੇ ਸਨਮਾਨਿਤ ਕੀਤਾ ਗਿਆ ।

ਇਹ ਉਹੀ ਬਜ਼ੁਰਗ ਮਾਲਤੀ ਸੀ ਜਿਸ ਨੂੰ ਦਸੰਬਰ 2018 ਦੇ ਅਖੀਰਲੇ ਹਫ਼ਓਮਪ;ਤੇ ਅਧਰੰਗ ਦਾ ਦੌਰਾ ਪੈ ਗਿਆ ਸੀ। ਰ ਮਜ਼ਦੂਰੀ ਕਰਨ ਵਾਲਾ ਇਸ ਦਾ ਪਤੀ ਇਲਾਜ ਕਰਵਾਉਣ ਦੀ ਬਜਾਏ ਮਾਲਤੀ ਨੂੰ ਲੁਧਿਆਣਾ ਦੇ ਕੰਗਣਵਾਲ ਪਿੰਡ ਦੇ ਜ਼ਦੀਕ ਝਾੜੀਆਂ 'ਚ ਸੁੱਟ ਗਿਆ ਸੀ ਅਤੇ ਮੁੜ ਕੇ ਨੀਂ ਆਇਆ। ਦੋ-ਤਿੰਨ ਦਿਨਾਂ ਬਾਅਦ ਕੁੱਝ ਦਇਆਵਾਨੌਜਵਾਨਾਂ ਨੇ ਇਸ ਨੂੰ ਝਾੜੀਆਂ ਚੋਂ ਚੁੱਕ ਕੇ ਸਿਵਲ ਹਸਪਤਾਲ 'ਚੋਂ ਦਵਾਈ ਆਦਿ ਦੁਆ ਕੇ ਗੁਰੂ ਅਮਰ ਾਸ ਅਪਾਹਜ ਆਸ਼ਰਮ (ਸਰਾਭਾ) 'ਚ ਦਾਖਲ ਕਰਵਾਇਆ। ਆਸ਼ਰਮ 'ਚ ਇਸ ਦਾ ਲਗਾਤਰ ਇਲਾਜ ਹੋਣ ਤੋਂ ਤਿੰਨ ਕੁ ਮਹੀਨੇ ਬਾਅਦ ਮਾਲਤੀ ਮੰਜੇ ਤੋਂ ਉੱਠ ਕੇ ਸਹਾਰੇ ਨਾਲ ਤੁਰਨ ਲੱਗ ਪਈ। ਜੋ ਕਿ ਅੱਜ ਕੱਲ ਆਸ਼ਰਮ ਵਿੱਚ ਥੋੜੀ ਹੁਤੀ ਸੇਵਾ ਵੀ ਕਰਦੀ ਹੈ। ਇਸੇ ਮਾਲਤੀ ਨੇ ਲੁਧਿਆਣਾ ਵਿਖੇ ਸੀਨੀਅਰ ਸਿਟੀਜ਼ਨ (ਬਜ਼ੁਰਗ) ਦਿਵਸ ਸਮਾਗਮ ਦੌਰਾਨ ਜ਼ੁਰਗਾਂ ਵੱਲੋਂ ਕਰਵਾਈਆਂ ਗਈਆਂ ਖੇਡਾਂ ਅਤੇ ਹੋਰ ਸਰਗਰਮੀਆਂ 'ਚ ਸ਼ੀਲਡ ਜਿੱਤੀ। ਕੈਬਨਿਟ ਮੰਤਰੀ ਡਾ. ਬਲਜੀਤ ਕੌਰ ੱਲੋਂ ਇਸ ਨੂੰ ਭਰੇ ਸਮਾਗਮ ਦੌਰਾਨ ਇਹ ਸ਼ੀਲਡ ਦੇ ਕੇ ਸਨਮਾਨਿਤ ਕੀਤਾ ਗਿਆ।

ਆਸ਼ਰਮ ਦੇ ਸੰਸਥਾਪਕ ਡਾ. ਨੌਰੰਗ ਸਿੰਘ ਮਾਂਗਟ ਨੇ ਦੱਸਿਆ ਕਿ ਇਸ ਆਸ਼ਰਮ ਵਿੱਚ ਦੋ ਸੌ (200) ਦੇ ਰੀਬ ਲਾਵਾਰਸ, ਬੇਘਰ, ਬੇਸਹਾਰਾ, ਅਪਾਹਜ, ਨੇਤਰਹੀਣ, ਬਿਮਾਰੀਆਂ ਨਾਲ ਪੀੜਤ ਅਤੇ ਦਿਮਾਗੀ ਸੰਤੁਲਨ ਗੁਆ ੱਕੇ ਮਰੀਜ਼ ਰਹਿੰਦੇ ਹਨ। ਸਵਾ ਸੌ ਦੇ ਕਰੀਬ ਮਰੀਜ਼ ਅਜਿਹੇ ਹਨ ਜਿਹਨਾਂ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ। ਅੱਸੀ ੇ ਕਰੀਬ ਮਰੀਜ਼ ਹਨ ਜਿਹੜੇ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ ਅਤੇ ਮਲ-ਮੂਤਰ ਵੀ ਕੱਪੜਿਆਂ 'ਚ ਹੀ ਕਰਦੇ ਹਨ। ਹੁਤ ਸਾਰੇ ਮਰੀਜ਼ ਆਪਣਾ ਨਾਉਂ ਤੇ ਪਰਿਵਾਰ ਵਾਰੇ ਦੱਸਣ ਤੋਂ ਵੀ ਅਸਮਰੱਥ ਹਨ। ਆਸ਼ਰਮ 'ਚ ਹੋ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲਦੀ ਹੈ। ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਡਾ. ੌਰੰਗ ਸਿੰਘ ਮਾਂਗਟ ਨੂੰ 8 ਅਕਤੂਬਰ ਸਵੇਰ ਤੋਂ 11 ਅਕਤੂਬਰ ਦੁਪਹਿਰ ਤੱਕ ਸਿੰਘ ਸਭਾ ਗੁਰਦਵਾਰਾ ਲਟਨ ਵਿਖੇ ਮਿਲਿਆ ਜਾ ਸਕਦਾ ਹੈ। ਡਾ. ਮਾਂਗਟ ਦਾ ਸੰਪਰਕ: ਕੈਨੇਡਾ: 403-401-8787; ਇੰਡੀਆ:95018-42506

# ਭਵਿੱਖ ਸਵਾਰਨ ਲਈ ਇਸ ਅਨਿਆਈਂ ਸਮਾਜ ਨੂੰ ਬਦਲ ਦਿਓ

ਸਮਾਜ ਦੇ ਆਰਥਿਕ ਢਾਂਚੇ ਦੇ ਸਭ ਤੋਂ ਹੇਠਲੇ ਪੱਧਰ ਤੇ ਮੌਜੂਦ ਬਹੁਗਿਣਤੀ ਲੋਕ ਜਿਹੜੇ ਕਿ ਆਪਣੀ ਦਸਾਂ ਨੌਹਾਂ ਨਾਲ ਕੀਤੀ ਕਿਰਤ ਨੂੰ ਵੇਚ ਕੇ ਰੋਟੀ ਕਮਾਉਂਦੇ ਨੇ, ਉਹ ਫਿਲਹਾਲ ਆਮ ਕਰਕੇ ਇਹ ਨਹੀਂ ਲੋਚਦੇ ਜਾਪਦੇ ਬਈ ਪੈਦਾਵਾਰ ਦੇ ਸਾਧਨਾਂ ਤੇ ਸਾਡਾ ਕਬਜਾ ਹੋਣਾ ਚਾਹੀਦਾ , ਉਹਨਾਂ ਨੂੰ ਜਿਹੜੀ ਗੱਲ ਦਿੱਸਦੀ ਹੈ ਤੇ ਸੋਚਣ ਉੱਤੇ ਮਜਬੂਰ ਤੇ ਬੇਚੈਨ ਕਰਦੀ ਹੈ , ਉਹ ਇਹ ਕਿ ਇੱਕ ਪਾਸੇ ਤਾਂ ਉਹ ਗਰੀਬੀ ਕਰਕੇਨਰਕ ਵਰਗੀ ਜ਼ਿੰਦਗੀ ਭੋਗ ਰਹੇ ਨੇ । ਸਹੂਲਤਾਂ ਤਾਂ ਛੱਡੋ ਜਿਊਣ ਜੋਗੇ ਹਾਲਾਤ ਵੀ ਨਹੀਂ ਹਨ । ਤੇ ਦੂਜੇ ਪਾਸੇ ਧਨਾਡ ਲੋਕ ਮਾਇਆਵਿੱਚ ਖੇਡ ਰਹੇ ਨੇ, ਐਸ਼ ਕਰ ਰਹੇ ਨੇ । ਉਹਦੇ ਮੁਕਾਬਲੇ ਉਨ੍ਹਾਂ ਦੇ ਬੱਚੇ ਦੋ ਡੰਗ ਦੀ ਰੋਟੀ ਖੁਣੋ ਵੀ ਭੁੱਖੇ ਮਰ ਰਹੇ ਨੇ । ਆਸ ਵੀ ਕੋਈ ਨਹੀਂ ਦੀਂਹਦੀ । ਏਨਾ ਜ਼ਿਆਦਾ ਪਾੜਾ , ਵਿਤਕਰਾ, ਇਹ ਪੈਸੇ ਦੀ ਗੈਰ ਕੁਦਰਤੀ ਵੰਡ ਤੇ ਜ਼ਮੀਨ ਅਸਮਾਨ ਦਾ ਫ਼ਰਕ , ਜੋ ਕਿ ਇਨਸਾਨੀਅਤ ਵਿਰੋਧੀ ਹਵਸ ਦੇ ਚਰਮ ਸੀਮਾ ਉੱਤੇ ਪੁੱਜ ਜਾਣ ਦਾ ਸਿੱਟਾ ਹੈ।ਅਜਿਹੀ ਲਾਲਸਾ ਜਿਸ ਵਿੱਚ ਕੋਈ ਬੰਦਾ ਭੁੱਖਨਾਲ ਮਰ ਰਹੇ ਲੋਕਾਂ ਦੇ ਮੂੰਹਾਂ ਵਿੱਚੋਂ ਰੋਟੀ ਦਾ ਆਖਰੀ ਟੁਕੜਾ ਵੀ ਕੱਢ ਕੇ ਡਕਾਰ ਜਾਣਾ ਚਾਹੁੰਦਾ ਹੈ । ਇਸ ਕੌੜੀ ਹਕੀਕਤ ਦਾ ਇਲਮ ਉਸ ਸ਼ੋਸ਼ਿਤ ਬਹੁਗਿਣਤੀ ਨੂੰ ਬੇਚੈਨ ਕਰਦਾ ਹੈ ਤੇ ਇਹ ਅਹਿਸਾਸ ਕਰਾਉਂਦਾ ਹੈ ਬਈ ਉਨ੍ਹਾਂ ਦੀ ਮੰਦਹਾਲੀ ਦੇ ਅਸਲ ਜ਼ਿੰਮੇਵਾਰ ਇਹ ਧਨਾਡ ਅਤੇ ਇਹਨਾ ਦਾ ਉਸਾਰਿਆ ਲੁੱਟ ਢਾਂਚਾ ਹੈ । ਅਤੇ ਇਹ ਬੇਚੈਨੀ , ਇਹ ਅਹਿਸਾਸ ਹੀ ਕਦੇ ਨਾ ਕਦੇ ਇਸਦੇ ਖਿਲਾਫ਼ ਖੜੇ ਹੋਣ ਅਤੇ ਅਨਿਆਈਂ ਤੰਤਰ ਨੂੰ ਖਤਮ ਕਰਨ ਦਾ ਸਬੱਬ ਬਣਦਾ ਹੈ।ਪਰ ਹਾਕਮ ਵੀ ਕੋਈ ਕੱਚੀਆਂ ਗੋਲੀਆਂ ਨਹੀਂ ਖੇਡ੍ਹੇ ।

ਉਹ ਜਾਣਦੇ ਨੇ ਕਿ ਜੇ ਲਿਤਾੜੇ/ਲੁਟੀਂਦੇ/ਨਪੀੜੇ ਤਬਕੇ ਨੂੰ ਵਹਿਮੀ ਤੇ ਅੰਧਵਿਸ਼ਵਾਸੀ ਬਣਾ ਦਿੱਤਾ ਜਾਵੇ ਤੇ ਇਹ ਸੋਚਣ ਲਈ ਪ੍ਰੇਰਿਆ ਜਾਵੇ ਕਿ ਉਨ੍ਹਾਂ ਦੀ ਆਰਥਕ ਮੰਦਹਾਲੀ ਇਸ ਲਈ ਹੈ ਕਿਓਂਕਿ ," ਤੁਹਾਡੀ ਤਾਂ ਕਿਸਮਤ ਹੀ ਖਰਾਬ ਹੈ , ਇਹ ਤਾਂ ਸਾਰੀ ਆਪਣੇ-ਆਪਣੇ ਲੇਖਾਂ ਦੀ ਗੱਲ ਹੈ , ਤੇ ਲੇਖਾਂ ਨੂੰ ਅੱਜ ਤਕ ਕੌਣ ਬਦਲ ਸਕਿਆ ਹੈ ? ,'ਨਸੀਬ ਧਾਡੇ ਲਿਖੇ ਰੱਬ ਨੇ ਕੱਚੀ ਪੈਨਸਲ ਨਾਲ', ਤੁਸੀਂ ਪਿਛਲੇ ਜਨਮ'ਚ ਕੋਈ ਪਾਪ ਜ਼ਰੂਰ ਕੀਤੇ ਹੋਣਗੇ,ਜਿਸ ਕਰਕੇ ਤੁਹਾਡਾ ਇਹ ਹਾਲਹੈ, ਜੋ ਵੀ ਹੁੰਦਾ ਸਭ ਚੰਗੇ ਲਈ ਹੁੰਦਾ , ਤੁਹਾਡੇ ਉੱਤੇ ਫਲਾਣੇ ਦੀ ਕਿਰਪਾ ਨਹੀਂ ਹੈ , ਤੁਹਾਡੇ ਨਾਲ ਜੋ ਬੀਤ ਰਹੀ ਹੈ ਇਹ ਸਭ ਮਾਲਕ ਦੀ ਮਰਜ਼ੀ ਨਾਲ ਹੋ ਰਿਹਾ, ਕਿਉਂਜੋ ਉਹਦੇ ਹੁਕਮ ਤੋਂ ਬਿਨਾ ਤਾਂ ਪੱਤਾ ਵੀ ਨਹੀਂ ਹਿੱਲ ਸਕਦਾ ਇਸ ਲਈ ਉਹਦੀ ਰਜ਼ਾ 'ਚ ਰਾਜ਼ੀ ਰਹੋ।" ਇਹ ਸਿਧਾਂਤ ਜਿਹੜੇ ਕਿ ਜ਼ਿੰਦਗੀ ਦੇਕਿਸੇ ਖਾਸ ਸੰਦਰਭ ਵਿੱਚ ਸਾਕਾਰ-ਾਤਮਕ ਮਾਇਨੇ ਵੀ ਰੱਖਦੇ ਹਨ , ਇਨ੍ਹਾਂ ਦੀ ਗਲਤ ਵਿਆਖਿਆ ਲੋਕਾਂ ਨੂੰ ਭਰਮਿਤ ਕਰਨ, ਮੂਰਖ ਬਣਾ ਕੇ ਉਨ੍ਹਾਂ ਦਾ ਸ਼ੋਸ਼ਣ ਕਰਨ ਅਤੇ ਜ਼ੁਲਮ ਅਨਿਆਂ ਨੂੰ ਸਹਿਣ ਕਰਨ ਦੀ ਆਦਤ ਪਾਉਣ ਲਈ ਵਰਤੀ ਜਾਂਦੀ ਹੈ।

*ਉਦਾਹਰਣ ਦੇ ਤੌਰ ਤੇ , ਭਾਰਤੀ ਦਰਸ਼ਨ ਦਾ ਇੱਕ ਸਿਧਾਂਤ ਹੈ ਕਿ " ਮੌਤ ਅਟੱਲ ਹੈ" । ਸਾਕਾਰਾਤਮਕ ਨਜ਼ਰੀਏ ਤੋਂ ਵੇਖਿਆ ਜਾਵੇ ਤਾਂ ਜੇ ਮੌਤ ਆਉਣੀ ਹੀ ਹੈ ਤਾਂ :*

"ਇਸ ਤੋਂ ਡਰਨਾ ਕਾਹਦਾ ?ਜਿਹੜੇ ਮਰਨ ਤੋਂ ਹੀ ਡਰੀ ਜਾਂਦੇ ਨੇ ਉਹ ਹਰ ਦਿਨ ਮਰਦੇ ਨੇ , ਪੈਸਾ ਸਿਰਫ ਇਸ ਜੀਵਨ ਵਿਚਲੀਆਂ ਲੋੜਾਂ ਨੂੰ ਪੂਰਾ ਕਰਨ ਲਈ ਹੀ ਇੱਕਠਾ ਕਰੋ ਕਿਓਂਜੋ ਮੌਤ ਤੋਂ ਬਾਦ ਇਸ ਨੇ ਨਾਲ ਨਹੀਂ ਜਾਣਾ । ਹਰ ਕਿਸੇ ਨੇ ਇੱਕ ਨਾ ਇੱਕ ਦਿਨ ਇਸ ਮਿੱਟੀ ਵਿੱਚ ਮਿਲ ਜਾਣਾ ਹੈ ਤਾਂ ਹੰਕਾਰ ਕਾਹਦਾ ? ਜਿਹੜੇ ਆਪਣੇ ਆਪ ਨੂੰ ਨਿੱਜ ਤੋਂ ਉੱਤੇ ਉੱਠ ਕੇ ਦੂਜਿਆਂ ਤੋਂਕੁਰਬਾਨ ਕਰਦੇ ਨੇ , ਉਹ ਮਰਨ ਤੋਂ ਬਾਦ ਵੀ ਲੋਕਾਈ ਦੇ ਦਿਲਾਂ ਵਿੱਚ ਰਹਿੰਦੀ ਦੁਨੀਆਂ ਤਕ ਅਮਰ ਹੋ ਜਾਂਦੇ ਨੇ । ਇਸ ਲਈ ਮਰਨਾ ਜੀਊਣਾ ਕੋਈ ਵੱਡੀ ਗੱਲ ਨਹੀਂ ,ਸਗੋਂ ਚੰਗੇ ਕੰਮ ਕਰਨੇ ਵੱਡੀ ਗੱਲ ਹੈ"।

ਪਰ ਇਨ੍ਹਾਂ ਸਾਰੀਆਂ ਦਲੀਲਾਂ ਦੇ ਉਲਟ , ਨੌਜਵਾਨ ਜਿਨ੍ਹਾਂ ਵਿੱਚ ਅਨਿਆਂ ਵਿਰੁੱਧ ਲੜਨ ਦੀ ਹਿੰਮਤ ਤੇ ਜੋਸ਼ ਹੁੰਦਾ ਹੈ , ਉਨ੍ਹਾਂ ਨੂੰ ਗੁਮਰਾਹ ਕਰਕੇ ਭਟਕਾਉਣ ਲਈ ਇਸ ਸਿਧਾਂਤ ਦਾ ਪਰਚਾਰ ਕੁਝ ਇਸ ਤਰਾਂ ਕੀਤਾ ਜਾਂਦਾ ਹੈ ਕਿ "ਹਰ ਕਿਸੇ ਨੇ ਇੱਕ ਨਾ ਇੱਕ ਦਿਨ ਮਰ ਹੀ ਜਾਣਾ ਹੈ , ਇਸ ਲਈ ਇਸ ਜ਼ਿੰਦਗੀ ਵਿੱਚ ਮਰਨ ਤੋਂ ਪਹਿਲਾਂ ਜਿਨੀ ਵੀ ਐਸ਼ ਹੋ ਸਕੇ ਕਰ ਲੈਣੀ ਚਾਹੀਦੀ ਹੈ , ਬਸ ਨੱਚੋ ਗਾਓ,ਖਾਓ ਪੀਓ ਤੇ ਐਸ਼ ਕਰੋ, ਜੀਓ ਤੋ ਹਰ ਪਲ ਐਸੇ ਜੀਓ ਜੈਸੇ ਕਿ ਆਖਰੀ ਪਲ ਹੋ। ਤੇ ਦੂਜੇ ਪਾਸੇ ਸਿਆਣੀ ਉਮਰ ਦੇ ਲੋਕ ਜਿਹੜੇ ਕਿ ਨੌਜਵਾਨਾਂ ਦੇ ਜੋਸ਼ ਨੂੰ ਤਜ਼ਰਬੇਦੀ ਸਹੀ ਦਿਸ਼ਾ ਦੇਣ ਦੇ ਕਾਬਿਲ ਹੁੰਦੇ ਹਨ , ਉਨ੍ਹਾਂ ਨੂੰ ਵਰਗਲਾਉਣ ਲਈ ਇਸ ਨਾਸ਼ਵਾਨਤਾ ਦੇਵਿਚਾਰ ਦੀ ਵਿਆਖਿਆ ਕੁਝ ਇਸ ਤਰਾਂ ਕੀਤੀ ਜਾਂਦੀ ਹੈ ਕਿ "ਇਹ ਜੀਵਨ ਇਹ ਦੁਨੀਆ ਨਾਸ਼ਵਾਨ ਹੈ , ਫਾਨੀ ਹੈ, ਮਾਇਆ ਜਾਲ ਹੈ ਅਤੇ ਝੂਠੀ ਹੈ। ਮੌਤ ਹੀ ਜ਼ਿੰਦਗੀ ਦੀ ਅਸਲ ਸੱਚਾਈ ਹੈ । ਇਸ ਲਈ ਇਸ ਧਰਤੀ ਤੇ ਜੀਊਣ ਦੇ ਹਾਲਾਤ ਸੁਧਾਰਨ ਬਾਰੇ ਜ਼ਿਆਦਾ ਫਿਕਰ-ਫ਼ੁਕਰ ਕਰਨ ਦੀ ਲੋੜ ਨਹੀਂ ਹੈ , ਕਿਓਂਕਿ ਇਹ ਦੁਨੀਆਂ ਤਾਂ ਆਤਮਾ ਦਾ ਅਸਲੀ ਘਰ ਹੈ ਹੀ ਨਹੀਂ , ਆਤਮਾ ਨੇ ਤਾਂ ਮਰਨ ਤੋਂ ਬਾਦਆਪਣੇ ਅਸਲੀ ਘਰ ਜਾਣਾ ਹੈ । ਮਨੁੱਖ ਦੀ ਜ਼ਿੰਦਗੀ ਦਾ ਮਕਸਦ ਸਿਰਫ਼ ਮੌਤ ਤੋਂ ਬਾਅਦ ਵਾਲੇ ਜੀਵਨ ਬਾਰੇ ਕਰਮ-ਕਾਂਡ ਕਰਨਾ ਹੈ , ਹਰ ਕੋਈ ਬਸ ਮਰਨ ਲਈ ਹੀ ਜੰਮਦਾ ਹੈ"।



ਸੀਰਤ ਮੰਡ
ਬੀ.ਏ.-3, ਖਾਲਸਾ ਕਾਲਜ ਗੜ੍ਹਦੀਵਾਲਾ, (ਹੁਸ਼ਿਆਰਪੁਰ)
7652860960

ਖੈਰ ਇਸ ਤਰਾਂ ਇਹੋ ਜਿਹੇ ਸਿਧਾਂਤਾਂ ਦੀ ਗੁਮਰਾਹਕੁੰਨ ਵਿਆਖਿਆ ਕਰ ਕੇ ਆਮ ਲੋਕਾਂ ਨੂੰ ਬੇਵਕੂਫ਼ ਬਣਾਇਆ ਜਾਂਦਾ ਹੈ, ਤਾਂ ਜੋ ਉਹ ਵਿਤਕਰਾ ਵੇਖ ਕੇ,ਸਹਿ ਕੇ ਬੇਚੈਨ ਨਾ ਹੋਣ ,ਹਾਕਮਾਂ ਦਾ ਵਿਰੋਧ ਕਰਨ ਬਾਰੇ ਨਾ ਸੋਚਣ ਅਤੇ ਆਪਣੀ ਗੁਰਬਤ ਲਈ ਆਪਣੇ ਆਪ ਨੂੰ ਜਾਂ ਪਰਮਾਤਮਾ ਨੂੰ ਹੀ ਜ਼ਿੰਮੇਵਾਰ ਸਮਝਣ, ਅਤੇ ਆਪਣੇ ਨਾਲ ਸਦੀਆਂ ਤੋਂ ਹੁੰਦੇ ਆ ਰਹੇ ਧੱਕੇ ਨੂੰ ਆਪਣੀ ਹੋਣੀ ਸਮਝ ਕੇ ਜਰ ਲੈਣ । ਆਮ ਲੋਕਾਂ ਵਿੱਚ ਇਨ੍ਹਾਂ ਵਿਚਾਰਾਂ ਦਾ ਪ੍ਰਸਾਰ ਕਰਨ ਵਿੱਚ ਸਿਰਫ਼ ਲੁੱਟਣ ਵਾਲੀ ਧਿਰ ਦਾ ਹੀ ਫਾਇਦਾ ਹੁੰਦਾ ਹੈ, ਇਸ ਕਰਕੇ ਇਨ੍ਹਾਂ ਗੱਲਾਂ ਦਾ ਪਰਚਾਰ ਹਰ ਸਮਾਜ ਵਿੱਚ ਸਮੇਂ-ਸਮੇਂ ਲੁੱਟ ਦਾ ਸਿਲਸਿਲਾ ਜਾਰੀ ਰੱਖਣ ਲਈ ਕੀਤਾ ਹੈ। ਤੇ ਜੇ ਭਾਰਤ ਦੀ ਗੱਲ ਕੀਤੀਜਾਵੇ ਤਾਂ ਸਾਡੇ ਮੁਲਕ ਦੀਆਂ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਵੀ ਲੋਭੀ ਤਾਕਤਾਂ ਦੇ ਹੱਥਠੋਕੇ ਬਣ ਕੇ ਇਨ੍ਹਾਂ ਗੱਲਾਂ ਨੂੰ ਫੈਲਾਉਣ ਵਿੱਚ ਕੋਈ ਕਸਰ ਨਹੀਂ ਛੱਡੀ । ਰਾਜ ਸੱਤਾ ਦਾ ਆਨੰਦ ਮਾਣਦੇ ਤੇ ਮਾਨਣਾ ਲੋਚਦੇ ਲੋਕਾਂ ਨੇ ਉਨ੍ਹਾਂ ਸੰਸਥਾਵਾਂ, ਡੇਰਿਆਂ ਨੂੰ ਪ੍ਰਫੁਲਿੱਤ ਕੀਤਾ, ਜਿਹੜੇ ਭੁੱਖ ਦੁੱਖ ਲਈ ਰੱਬ ਨੂੰ ਜਾਂ ਆਪਣੇ ਆਪ ਨੂੰ ਹੀ ਦੋਸ਼ੀ ਠਹਿਰਾਉਂਦੇ ਹਨ ।

ਅਸਲ ਵਿੱਚ ਜਿਹੜੇ ਲੋਕ ਧਰਤੀ ਅਤੇ ਸਾਰੀ ਦੌਲਤ ਨੂੰ ਹੜੱਪਣਾ ਲੋਚਦੇ ਨੇ, ਉਹ ਲੋਕਾਈ ਨੂੰ ਅਜਿਹੇ ਵਿਚਾਰ ਸੱਭਿਆਚਾਰਕ ਤੌਰ ਤੇ ਪ੍ਰਵਾਨਤ ਕਰਾਉਂਦੇ ਹਨ , ਕਿਓਂਕਿਸਭਿਆਚਾਰ ਇੱਕ ਇਹੋ ਜਿਹੀ ਸਰਵਵਿਆਪੀ ਮਸ਼ੀਨ ਹੈ ਜੋ ਕਿ ਰਾਜਨੀਤਕ ਤੇ ਆਰਥਕ ਢਾਂਚੇ ਦੇ ਮੁਕਾਬਲੇ ਸਭ ਤੋਂ ਸ਼ਕਤੀਸ਼ਾਲੀ, ਜਟਿਲ, ਤੇ ਸਭ ਤੋਂ ਹੌਲੀ ਬਦਲਦੀ ਹੈ । ਕਾਰਨ ਕੀ ? ਉਹ ਇਹ ਕਿ ਇਹ ਮਨੋਵਿਗਿਆਨਕ ਢੰਗ ਨਾਲ ਕੰਮ ਕਰਕੇ, ਆਪਣੀਆਂ ਕਦਰਾਂ ਕੀਮਤਾਂ ਨੂੰ ਅਗਲੀ ਪੀੜ੍ਹੀ ਵਿੱਚ ਭਰਦੀ ਹੈ। ਤੇ ਕੋਈਵਿਅਕਤੀ ਬਹੁਤੀ ਵਾਰ ਉਨ੍ਹਾਂ ਗੱਲਾਂ ਨੂੰ ਹੀ ਠੀਕ ਜਾਂ ਗਲਤ ਮੰਨਦਾ ਹੈ ਜੋ ਉਸ ਵਿੱਚ ਨਿੱਕੇ ਹੁੰਦੇ ਤੋਂ ਭਰੀਆਂ ਜਾਂਦੀਆਂ ਨੇ । ਇਸ ਤਰਾਂ ਸਮੁੱਚੇ ਸਮਾਜ ਦੀ ਇੱਕ ਸੋਚ ਉਸਰਦੀ ਹੈ । ਤੇ ਸਮਾਜਕ ਪੱਧਰ ਤੇ ਸੋਚ ਨੂੰ ਬਦਲਣ ਦਾ ਜਮੂਦ ਔਖਾ ਹੀ ਟੁੱਟਦਾ ਹੈ, ਖਾਸ ਕਰ ਓਦੋਂ ਜਦੋਂ ਉਸ ਸੋਚ ਸਦਕਾ ਕਿਸੇ ਸ਼ਕਤੀਸ਼ਾਲੀ ਤਬਕੇ ਨੂੰ ਅਥਾਹ ਲਾਭ ਵੀ ਮਿਲ ਰਿਹਾ ਹੋਵੇ। ਜਿਵੇਂ ਉਦਾਹਰਣ ਦੇ ਤੌਰ ਤੇ ਹਰ ਮੁਲਕ ਵਿੱਚ ਰਾਜਿਆਂ ਨੇ ਪਰਜਾ ਉੱਤੇ ਆਪਣੇ ਸ਼ਾਸਨ ਕਰਨ ਦੇ ਅਧਿਕਾਰ ਅਤੇ ਆਪਣੇ ਆਪ ਦੇ ਸਭ ਤੋਂ ਸਰਵਸ਼੍ਰੇਸ਼ਠ ਹੋਣ ਨੂੰ ਜਾਇਜ਼ ਸਾਬਤ ਕਰਨ ਲਈ ਸਮਾਜਕ ਪੱਧਰ ਤੇ ਲੋਕਾਂ ਨੂੰ ਇਹ ਵਿਸ਼ਵਾਸ ਦਵਾਇਆ ਕਿ ਉਨ੍ਹਾਂ ਦਾ ਤਾਂ ਖ਼ੂਨ ਹੀ ਸ਼ਾਹੀ ਹੈ , ਰਾਇਲ ਹੈ, ਬਾਕੀਆਂ ਨਾਲੋਂ ਖਾਸ ਹੈ । ਇਸ ਲਈ ਸਿਰਫ਼ ਉਨ੍ਹਾਂ ਨੂੰ ਹੀ ਲੋਕਾਂ ਉੱਤੇ ਰਾਜ ਕਰਨ ਦਾ ਅਸਲੀ ਹੱਕ ਹੈ । ਉਨ੍ਹਾਂ ਦੀ ਸੇਵਾ ਕਰਨਾ,ਉਨ੍ਹਾਂ ਨੂੰ ਲਗਾਨ ਦੇਣੇ, ਉਨਾਂ ਲਈ ਜੰਗਾਂ ਲੜਨਾ ਮਰਨਾ ਹੀ ਪਰਜਾ ਦਾ ਅਸਲੀ ਕਰਤੱਵ ਹੈ । ਇਸ ਤਰਾਂ ਲੁੱਟ ਤੇ ਰਾਜ ਚੱਲਦਾ ਰਹਿੰਦਾ ਹੈ,ਕਿਓਂਜੋ ਸ਼ੋਸ਼ਿਤ ਧਿਰ ਉਸ ਨੂੰ ਮਾਨਸਿਕ ਤੌਰ ਤੇ ਠੀਕ ਮੰਨਣ ਲੱਗ ਜਾਂਦੀ ਹੈ।

ਸੱਭਿਆਚਾਰਕ ਵਰਤਾਰੇ ਰਾਹੀਂ ਲੋਕਾਂ ਨੂੰ ਮਾਨਸਿਕ ਤੌਰ ਤੇ ਕੰਟਰੋਲ ਕਰਨ ਦੀ ਸਭ ਤੋਂ ਢੁਕਵੀਂ ਉਦਾਹਰਣ ਹੈ ਭਾਰਤੀ ਸਮਾਜ ਦੀ ਜਾਤ ਪ੍ਰਥਾ, ਜਿਸ ਵਿੱਚ ਰਾਜ-ਤੰਤਰ ਵੱਲੋਂ ਸਮਾਜ ਦਾ ਇੱਕ ਇਹੋ ਜਿਹਾ ਮਾਡਲ ਤਿਆਰ ਕੀਤਾ ਗਿਆ, ਜਿਸ ਵਿੱਚ ਜਨਮ ਤੋਂ ਹੀ ਕੋਈ ਬੰਦਾ ਕਿਸੇ ਕਿਸਮ ਦਾ ਕੰਮ ਕਰਨ ਵਾਲੇ ਲੋਕਾਂ ਦੇ ਘਰ ਜੰਮਣ ਕਰਕੇ ਉੱਚਾ ਜਾਂ ਨੀਂਵਾਂ , ਮਹਾਨ ਜਾਂ ਅਛੂਤ ਸੀ। ਜਿਸ ਵਿੱਚ ਕਾਬਜ਼ ਚੁਸਤ ਲੋਕਾਂ ਨੇ ਦੂਜਿਆਂ ਨੂੰ ਨੀਵਾਂ ਕਰਾਰ ਦੇ ਕੇ, ਅੰਧਵਿਸ਼ਵਾਸ ਫੈਲਾ ਕੇ, ਸਵਰਗ ਨਰਕ ਆਤਮਾਵਾਂ ਤੇਰੱਬ ਤੋਂ ਡਰਾ-ਡਰਾ ਕੇ , ਅਤੇਦੂਜੇ ਬੰਨੇ ਆਪ ਰੱਬ ਦੇ ਖਾਸਮਖਾਸ ਬਣ ਕੇ ਸਦੀਆਂ ਤੋਂ ਲੋਕਾਈ ਨੂੰਅਧੀਨ ਰੱਖ ਕੇ ਖੂਬ ਵਰਤਿਆ ਲੁੱਟਿਆ।

ਸਮਾਜਕ ਤੌਰ ਤੇ ਇਸ ਅਨਿਆਈਂ ਸਮਾਜਕ ਵਰਤਾਰੇ ਨੂੰ , ਸੱਭਿਆਚਾਰ ਵਜੋਂ ਪ੍ਰਚਾਰ ਕੇ ਲੋਕਾਂ ਦੀ ਸੋਚ ਦਾ ਹਿਸਾ ਬਣਾ ਦੇਣ ਕਰਕੇ ਹੀ, ਹਿੰਦੋਸਤਾਨ ਵਿਚ ਸ਼ੋਸ਼ਿਤ ਧਿਰ ਲੰਮਾ ਸਮਾਂ ਇਸਨੂੰ ਸਹਿੰਦੀ ਰਹੀ । ਇਹਦੇ ਮੁਕਾਬਲੇ ਜੇ ਵੇਖਿਆ ਜਾਵੇ ਤਾਂ ਪਹਿਲੀ ਸਦੀ (73-74 ਈਸਵੀ)ਦੇ ਯੂਰਪੀ ਰੋਮਨ ਸਾਮਰਾਜ ਵਿੱਚ ਵੀ ਉੱਥੋਂ ਦੇ ਗੁਲਾਮਾਂ ਨੇ ਆਪਣੇ ਨਾਲ ਹੁੰਦੇ ਅਕਹਿ ਸ਼ੋਸ਼ਣ/ਜ਼ੁਲਮ ਤੋਂ ਤੰਗ ਆ ਕੇ ਸਪਾਰਟਕਸ ਦੀ ਅਗਵਾਈ ਹੇਠ ਵਿਸ਼ਾਲ ਵਿਦਰੋਹ ਕੀਤਾ ਸੀ। ਭਾਂਵੇ ਕਿ ਉਸਨੂੰ ਬਹੁਤ ਬੇਰਿਹਮੀ ਨਾਲ ਕੁਚਲ ਦਿੱਤਾ ਗਿਆ ਸੀ, ਪਰ ਇਹੋ ਜਿਹੇ ਵਿਦਰੋਹ ਗੁਲਾਮੀ ਪ੍ਰਥਾ ਦੇ ਖਤਮ ਹੋਣ ਦਾ ਕਾਰਨ ਜ਼ਰੂਰ ਬਣੇ ।

ਭਾਰਤ ਤਾਂ ਸਦੀਆਂ ਪਹਿਲਾਂ ਹੀ ਇੰਗਲੈਂਡ ਫਰਾਂਸ ਜਿਹੇ ਪੂੰਜੀਪਤੀ ਦੇਸ਼ਾਂ ਤੋਂ ਸਾਹਿਤਕ , ਦਾਰਸ਼ਨਿਕ ਪੱਖ ਤੋਂ ਕਿਤੇ ਅੱਗੇ ਨਿਕਲਿਆ ਹੋਇਆ ਸੀ ,ਫਿਰ ਵੀ ਇਹ ਅਨਿਆਈਂ ਸਮਾਜਕ ਮਾਡਲ ਇਥੇ ਏਨਾ ਸਫਲ ਤੇ ਸਥਿਰ ਸਾਬਤ ਹੋਇਆ ਅਤੇ ਸ਼ੋਸ਼ਿਤ ਧਿਰ ਦੇ ਬਹੁਗਿਣਤੀ ਵਿੱਚ ਹੋਣ ਦੇ ਬਾਵਜੂਦ ਵੀ ਕਦੇ ਇਹਦਾ ਵੱਡੇ ਪੱਧਰ ਉੱਤੇ ਵਿਰੋਧ ਹੀ ਨਹੀਂ ਹੋਇਆ?

ਕਿਓਂਕਿ ਸਮਾਜਿਕ ਸੱਭਿਆਚਾਰਕ ਢਾਂਚਾ ਲੋਕਾਂ ਦੇ ਦਿਲੋ ਦਿਮਾਗ ਨੂੰ ਆਪਣੀਆਂ ਕਦਰਾਂ ਨਾਲ ਵਲ੍ਹੇਟ ਮਾਰ ਕੇ ਕਾਬੂ 'ਚ ਰੱਖਦਾ,ਜੇ ਆਰਥਿਕ ਲੁੱਟ ਇਹਦੇ ਪੱਧਰ ਉੱਤੇ ਸ਼ਾਮਿਲ ਹੋ ਜਾਵੇ ਤਾਂ ਉਹਦੀਆਂ ਜੜ੍ਹਾਂ ਹੋਰ ਡੂੰਘੀਆਂ ਚਲੇ ਜਾਂਦੀਆਂ ।ਇਸੇ ਕਰਕੇ ਜਾਤ-ਪ੍ਰਥਾ ਸਾਡੇ ਸਮਾਜ ਦੇ ਜੜ੍ਹੀਂ ਬੈਠੀ ਰਹੀ । ਤੇ ਇਹਦਾ ਵਿਰੋਧ ਇਸ ਲਈ ਨਹੀਂ ਹੋਇਆ ਕਿਓਂਕਿ ਅਖੌਤੀ ਨੀਵੀਆਂ ਗਰਦਾਨੀਆਂ ਜਾਤਾਂ ਨੂੰਨਿੱਕੇ ਹੁੰਦੇ ਤੋਂ ਜਤਾਇਆ ਕਿ "ਤੁਸੀਂ ਨੀਵੇਂ ਹੋ , ਅਛੂਤ ਹੋ , ਇਵੇਂ ਹੀ ਰਹਿਣਾ ।ਅਸੀਂ ਰੱਬ ਦੇ ਸਿਰ ਚੋਂ ਨਿਕਲੇ ਹਾਂ ਤੇ ਤੁਸੀਂ ਪੈਰਾਂ ਚੋਂ , ਤੁਹਾਡੀ ਕਿਸਮਤ ਖਰਾਬ ਹੈ , ਤੁਸੀਂ ਪਿਛਲੇ ਜਨਮ ਵਿੱਚ ਕੋਈ ਪਾਪ ਕੀਤੇ ਸੀ ਤਾਂ ਕਰ ਕੇ ਰੱਬ ਨੇ ਤੁਹਾਨੂੰ ਨੀਵੇ ਪੈਦਾ ਕੀਤਾ, ਤੁਹਾਡੇ ਲੇਖ ਮਾੜੇ ਨੇ," ਆਦਿ ਹੋਰ ਝੂਠ ਪਰਚਾਰ । ਜਿਨ੍ਹਾਂ ਵਿਅਕਤੀਆਂ ਦੀ ਸਕੂਲਿੰਗ ਨਿੱਕੇ ਹੁੰਦੇ ਤੋਂ ਇਨ੍ਹਾਂ ਗੱਲਾਂ ਨਾਲ ਕੀਤੀ ਗਈ ਹੋਵੇ, ਖਾਸ ਕਰ ਜਦੋਂ ਸਕੂਲਿੰਗ ਕਰਨ ਦਾ ਸਮਾਜ ਤੋਂ ਇਲਾਵਾ ਦੂਜਾ ਹੋਰ ਕੋਈ ਸ੍ਰੋਤ ਨਾ ਹੋਵੇ, ਉਨ੍ਹਾਂ ਵਿੱਚੋਂ ਕੋਈ ਟਾਂਵਾ ਹੀ ਜੋਤੀ ਬਾ ਫੂਲੇ ,ਅੰਬੇਦਕਰ ਵਰਗਾ ਅਸਾਧਾਰਨ ਹੋਵੇਗਾਅ, ਜਿਹੜਾ ਆਪਣੀ ਹੀਣਤਾ ਨੂੰ ਸਵੀਕਾਰ ਨਹੀਂ ਕਰੇਗਾ, ਤੇ ਵਿਰੋਧ ਕਰੇਗਾ । ਬਹੁਤੇ ਇਹਨੂੰ ਹੀ ਪੂਰਨ ਸੱਚ ਸਮਝਣਗੇ। ਇਸੇ ਲਈ ਹੀ ਲੋਕ ਸਦੀਆਂ ਤਕ ਅਕਹਿ ਜ਼ੁਲਮ ਸਹਿੰਦੇ ਹੋਏ ਵੀ ਚੁੱਪ ਰਹੇ।

ਹਾਲਾਂਕਿ ਇਹ ਤੰਤਰ ਜਿਹੜਾ ਸਾਡੇ ਸਮਾਜ ਨੂੰ ਸਦੀਆਂ ਤਕ ਚਿੰਜ ਵਾਂਗ ਚਿੰਬੜਿਆ ਰਿਹਾ ਇਹਨੂੰ ਇਤਿਹਾਸ ਵਿੱਚ ਅਨੇਕਾਂ ਮਹਾਂਪੁਰਸ਼ਾਂ ਵੱਲੋਂ ਖਤਮ ਕਰਨ ਦੇ ਯਤਨ ਕੀਤੇ ਗਏ ਤੇ ਕਿਸੇ ਹੱਦ ਤਕ ਕਾਮਯਾਬ ਵੀ ਹੋਏ । ਪਰ ਇਨ੍ਹਾਂ ਸਾਰਿਆਂ ਵਿੱਚੋਂ ਜਿਸ ਘਟਨਾ ਨੇ ਇਸ ਤੰਤਰ ਦੀਆਂ ਜੜ੍ਹਾਂ, ਮਤਲਬ ਕੰਮਾਂ ਧੰਦਿਆਂ ਦੀ ਪੁਸ਼ਤੈਨੀ ਵੰਡ ਤੇ ਮਾਨਸਿਕ ਗੁਲਾਮੀ ਕਰਾਉਣ ਵਾਲੀ ਹੀਣ ਭਾਵਨਾ ਉੱਤੇ ਸਭ ਤੋਂ ਵੱਧ ਸੱਟ ਮਾਰੀ , ਉਹ 1699 ਈ. ਵਿੱਚ ਗੁਰੂ ਨਾਨਕ ਪਰੰਪਰਾ ( ਸਾਂਝੀ ਲੰਗਰ ਪ੍ਰਥਾ, ਸਰੋਵਰ, ਸਰਬ ਸਾਂਝਾ ਸ੍ਰੀ ਗੁਰੂ ਗ੍ਰੰਥ ਸਾਹਿਬ, ਸਭ ਲਈ ਖੁੱਲ੍ਹੇ ਗੁਰਦੁਆਰੇ, ਮਰਦਾਨਾ ਜੀ ਦਾ ਸਾਥ) ਨੂੰ ਅੱਗੇ ਵਧਾਉਂਦਿਆਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕੀਤੀ ਖਾਲਸਾ ਪੰਥ ਦੀ ਸਾਜਨਾ ਸੀ , ਜਿਸ ਵਿੱਚ ਗੁਰੂ ਜੀ ਨੇ ਸਦੀਆਂ ਤੋਂ ਲਿਤਾੜੇ ਲੋਕਾਂ ਨੂੰ ਕਿਹਾ ਕਿ ਅੱਜ ਤੋਂ ਅਸੀਂ ਸਾਰੇ ਬਰਾਬਰ ਹਾਂ , ਮੇਰੇ ਬੱਚਿਆਂ ਦੀ ਜਾਨ ਤੁਹਾਡੇ ਬੱਚਿਆਂ ਦੀ ਜਾਨ ਨਾਲੋਂ ਵੱਧ ਕੀਮਤੀ ਨਹੀਂ, ਸਾਨੂੰ ਕਿਸੇ ਰਾਜੇ ਦੀ ਲੋੜ ਨਹੀਂ , ਅਸੀਂ ਆਮ ਕਿਰਤੀ ਲੋਕਏਨੇ ਕਾਬਲ ਹਾਂ ਕਿ ਆਪਣੇ ਆਪ ਤੇ ਆਪ ਰਾਜ ਕਰ ਸਕਦੇ ਹਾਂ , ਇਕੱਠੇ ਹੋ ਕੇ ਜ਼ੁਲਮ ਦਾ ਟਾਕਰਾ ਕਰ ਸਕਦੇ ਹਾਂ , ਇਸਦਾ ਮੂੰਹ ਭੁਆਂ ਸਕਦੇ ਹਾਂ । ਇਸ ਕਦਮ ਨੇ ਲੋਕਾਂ ਨੂੰ ਹੀਣ ਭਾਵਨਾ ਤੋਂ ਅਜ਼ਾਦ ਕਰ ਦਿੱਤਾ,ਪੰਜਾਬ ਦਾ ਚਰਿੱਤਰ ਮੁੜ ਘੜਿਆ , ਅਣਖੀ ਜੁਝਾਰੂ ਤੇ ਸਵੈ-ਮਾਣ ਵਾਲਾ ਬਣਾ ਦਿੱਤਾ ਅਤੇ ਲੋਕਾਂ ਦਾ ਖੁੱਸਿਆ ਹੋਇਆ ਆਤਮ ਵਿਸ਼ਵਾਸ ਮੁੜ ਸੁਰਜੀਤ ਕਰ ਦਿੱਤਾ। ਇਸ ਦੇ ਨਾਲ ਹੀ ਦਸਮ ਪਿਤਾ ਨੇ ਸਮਾਜ ਦੇ ਇਹੋ ਜਿਹੇ ਮਾਡਲ ਦੀ ਨੀਂਹ ਰੱਖੀ ਜਿਸ ਵਿੱਚ ਉਨ੍ਹਾਂ ਕਿਹਾ ਉਸਾਰੂ ਸੁੱਚੀ ਸੋਚ ਵਾਲੇ ਬਹਾਦੁਰ ਲੋਕ ਜਿਹੜੇ ਕਿ ਹਰ ਦਿਨ ਗੁਰੂ ਦੀ ਬਾਣੀ ਤੋਂ ਸੇਧ ਲੈ ਕੇ ਉੱਚੀਆਂ ਕਦਰਾਂ ਵਾਲਾ ਸੁੱਚਾ ਜੀਵਨ ਜੀਊਣਗੇ, ਬਿਨਾ ਕਿਸੇ ਬਾਹਰੀ ਸ਼ਕਤੀ ਦੇ ਬਰਾਬਰੀ ਦੇ ਅਧਾਰ ਉੱਤੇ ਆਪਣੇ ਆਪ ਉੱਤੇ ਜਮਹੂਰੀ ਢੰਗ ਨਾਲ ਆਪ ਰਾਜ ਕਰਨਗੇ । ਸ਼ਾਇਦ ਇਸੇ ਹੀ ਕਰਕੇ 1699 ਈਸਵੀ ਤੋਂ ਬਾਅਦ ਪਹਾੜੀ ਰਾਜੇ ਅਤੇ ਦਿੱਲੀ ਦੀ ਮੁਗਲ ਹਕੂਮਤ ਦੋਵੇਂ ਹੀਗੁਰੂ ਜੀ ਪਿੱਛੇ ਵੱਧ ਹੱਥ ਧੋ ਕੇ ਪੈ ਗਏ , ਕਿਓਂਕਿ ਉਨ੍ਹਾਂ ਨੂੰ ਆਪਣੀ ਰਾਜਾਸ਼ਾਹੀ ਦਾ ਮਨੋਵਿਗਿਆਨਕ ਢੰਗ ਨਾਲ ਗੁਲਾਮ ਬਣਾ ਕੇ ਰਾਜ ਕਰਨ ਦਾ ਅਧਾਰ ਹੀ ਖੁੱਸਦਾ ਦਿੱਸਿਆ ਹੋਊਗਾ । ਸਮੁੱਚੇ ਰੂਪ ਵਿਚ ਸਿੱਖ ਫ਼ਲਸਫੇ ਦੀ ਆਤਮਾ ਪ੍ਰਗਤੀਸ਼ੀਲ ਹੈ ਜੋ ਅਜੋਕੀਆਂ ਸਭ ਪ੍ਰਗਤੀਸ਼ੀਲ ਲਹਿਰਾਂ ਦੀ ਮਾਣਯੋਗ ਵਿਰਾਸਤ ਅਤੇ ਕਈ ਪੱਖਾਂ ਤੋਂ ਮਾਰਗਦਰਸ਼ਕ ਵੀ ਹੈ । ਇਹ ਅੱਜ ਵੀ ਦੁਨੀਆਂ ਭਰ ਵਿਚ ਧਾਰਮਕ ਕੱਟੜਤਾ ਦੇ ਲਾਂਬੂ ਬਾਲਣ ਦੀਆਂ ਕੋਸ਼ਿਸ਼ਾਂ ਨੂੰ ਠੱਲ੍ਹਣ ਲਈ ਬਦਲਵਾਂ ਸਹਿਣਸ਼ੀਲ ਸਰਬਸਾਂਝਾ ਬਦਲ ਬਣਨ ਦੇ ਸਮਰੱਥ ਵੀ ਹੈ । ਬਸ਼ਰਤੇ ਕਿ ਖੁਦ ਕੱਟੜਤਾ ਤੋਂ ਬਚ ਕੇ ਰਵ੍ਹੇ, ਭਾਵੇਂ ਕਿ ਵਿਰੋਧੀ ਕਿੰਨਾ ਵੀ ਭੜਕਾਉਣ ।

ਸੋ , ਕਹਿਣ ਦਾ ਭਾਵ ਇਹ ਕਿ ਰਾਜ ਕਰਦੀਆਂ ਧਿਰਾਂ ਨਹੀਂ ਚਹੁੰਦੀਆਂ, ਬਈਜਿਹੜੇ ਲੋਕਾਂ ਨੂੰ ਹਰ ਤਰਾਂ ਅਧੀਨ ਕਰਕੇ ਉਹ ਰਾਜ ਕਰ ਰਹੀਆਂ ਨੇ, ਉਨ੍ਹਾਂ ਨੂੰ ਕੋਈ ਅਕਲ ਆ ਜਾਵੇ... ਆਪਣੀ ਅਸਲ ਤਾਕਤ ਦਾ ਪਤਾ ਲੱਗ ਜਾਏ...ਉਨ੍ਹਾਂ ਨਾਲ ਹੋ ਰਹੇ ਧੱਕੇ ਦਾ ਅਹਿਸਾਸ ਹੋ ਜਾਵੇ... ਧੱਕਾ ਕਰਨ ਵਾਲੀ ਧਿਰ ਦਾ ਇਲਮ ਹੋ ਜਾਵੇ...ਉਹ ਲੋਕ ਵੀ ਆਪਣੇ ਆਪ ਉੱਤੇ ਮਾਣ ਮਹਿਸੂਸ ਕਰਨ... ਆਤਮ ਵਿਸ਼ਵਾਸੀ ਬਣਨ... ਕਦੇ ਇਕੱਠੇ ਹੋਣ ਤੇ ਕਿਸੇ ਉਸਾਰੂ ਤਬਦੀਲੀ ਦਾ ਮੁੱਢ ਬੰਨ੍ਹਣ ।

ਪੜ੍ਹਾਈ-ਲਿਖਾਈ ਤੋਂ ਵਾਂਝਾ ਕਰਨਾ , ਮੀਡੀਏ ਵਿਚ ਸੂਚਨਾ / ਗਿਆਨ ਦੀ ਥਾਂ ਅੱਧ ਨੰਗੀਆਂ ਔਰਤਾਂ ਵਾਲੇ ਇਸ਼ਤਿਹਾਰ ਵੱਧ ਲੱਗਣੇ ,ਕਿਤਾਬਾਂ ਦੀ ਥਾਂ ਫੋਨ , ਪਰਚਾਰ ਦੇ ਹਰ ਮਾਧਿਅਮ ਰਾਹੀਂ ਪੂੰਜੀਪਤੀਆਂ/ ਸਰਕਾਰਾਂ ਤੋਂ ਪੈਸੇ ਚੁੱਕ ਕੇ ਨਿੱਜ ਸਵਾਰਥ ਨੂੰ ਪਰਚਾਰਨਾ,ਮਨੋਰੰਜਨ ਦੇ ਮਾਧਿਅਮ ਰਾਹੀਂ ਚੱਤੋ ਪੈਰ ਸਿਰਫ਼ ਇਸ਼ਕ ਮੁਸ਼ਕ,ਲੜਾਈ ਝਗੜਾ ਤੇ ਨੱਚਣ ਗਾਉਣ ਨੂੰ ਹੀ ਉਤਸ਼ਾਹਿਤ ਕਰਨਾ , ਹਰ ਨੁੱਕਰ ਉੱਤੇ ਖੁੱਲ੍ਹੇ ਬਾਬਿਆਂ ਦੇ ਡੇਰਿਆਂ ਰਾਹੀਂ ਅੰਧ-ਵਿਸ਼ਵਾਸ ਤੇ ਕੂੜ ਪਰਚਾਰ ਫੈਲਾਉਣਾ , ਲੋਕਾਂ ਨੂੰ ਧਰਮ ਜਾਤ ਦੇ ਅਧਾਰ ਉੱਤੇ ਵੰਡੀ ਰੱਖਣਾ ਆਦਿ ਸਭ ਵਰਤਾਰਾ ਦੂਰ-ਦ੍ਰਿਸ਼ਟੀ ਪੱਖੋਂ ਆਮ ਲੋਕਾਂ ਦੇ ਹਿੱਤ ਵਿਚ ਨਹੀਂ ।

ਪਰ ਸਾਡਾ ਆਮ ਲੋਕਾਂ ਦਾ ਹਿੱਤ ਲੜ ਭਿੜ ਕੇ ਵੰਡੇ ਜਾਣ ਵਿੱਚ ਨਹੀਂ ਸਗੋਂ ਸਾਡੇ ਏਕੇ ਵਿੱਚ ਹੈ । ਨਿੱਜ ਸਵਾਰਥੀ , ਫੁਕਰੇ ਡਰੂ ਅਤੇ ਇਸ਼ਕਬਾਜ਼ ਬਣ ਜਾਣ ਵਿੱਚ ਨਹੀਂ , ਸਗੋਂ ਸਾਨੂੰ ਮੂਰਖ ਬਣਾਉਣ ਦੀ ਚਲਾਈ ਜਾ ਰਹੀ ਗੰਭੀਰ ਸਾਜਿਸ਼ ਨੂੰ ਸਮਝਣ ਵਿੱਚ ਹੈ । ਪੜ੍ਹਨ ਤੇ ਚਿੰਤਨ ਕਰਨ ਵਿਚ ਹੈ । ਮਾੜੇ ਹਲਾਤਾਂ ਤੋਂ ਘਬਰਾ ਕੇ ਏਥੋਂ ਭੱਜ ਜਾਣ ਵਿੱਚ ਨਹੀਂ, ਸਗੋਂ ਆਪਣੇ ਮਹਾਨ ਵੱਡ ਵਡੇਰਿਆਂ ਵਾਂਗ ਸਮਾਜ ਨੂੰ ਅਗਾਂਹਵਧੂ ਲੀਹਾਂ 'ਤੇ ਚਲਾਉਣ ਖਾਤਰ, ਇਨਸਾਨੀਅਤ ਤੇ ਆਤਮ ਵਿਸ਼ਵਾਸ ਨਾਲ ਇੱਥੇ ਚੰਗੇ ਜੀਵਨ ਲਈ ਸੰਘਰਸ਼ ਕਰਨ ਵਿੱਚ ਹੈ ।

# ਪਰਾਲੀ ਸਾੜਨ ਦਾ ਸਹੀ ਤਰੀਕਾ

ਦਿੱਲੀ-ਐਨਸੀਆਰ ਅਤੇ ਇਸਦੇ ਆਲੇ ਦੁਆਲੇ ਦੇ ਖੇਤਰ ਵਿੱਚ ਵਧ ਰਹੇ ਹਵਾ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ, ਕੇਂਦਰ ਸਰਕਾਰ ਨੇ ਇੱਕ ਨਵੀਂ ਸੰਸਥਾ, ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ ਦਾ ਗਠਨ ਕੀਤਾ ਹੈ, ਪਰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪ੍ਰਦੂਸ਼ਣ ਲਈ ਸਿਰਫ ਪਰਾਲੀ ਸਾੜਨਾ ਹੀ ਅਰਥਾਤ ਫਸਲਾਂ ਦੀ ਰਹਿੰਦ-ਖੂੰਹਦ ਹੈ। ਜ਼ਿੰਮੇਵਾਰ ਨਹੀਂ। ਸਰਕਾਰ ਦੀ ਪ੍ਰਦੂਸ਼ਣ ਮੁਲਾਂਕਣ ਸੰਸਥਾ 'ਸਫਰ' ਦੇ ਅਨੁਸਾਰ, ਇਨ੍ਹਾਂ ਦਿਨਾਂ ਵਿੱਚ, ਦਿੱਲੀ ਵਿੱਚ ਅਕਤੂਬਰ-ਨਵੰਬਰ ਵਿੱਚ ਝੋਨੇ ਦੀ ਕਟਾਈ ਦੇ ਨਾਲ-ਨਾਲ, ਪੰਜਾਬ ਅਤੇ ਹਰਿਆਣਾ ਵਿੱਚ ਪਰਾਲੀ ਸਾੜਨ ਨਾਲ ਹੋਣ ਵਾਲੇ ਪ੍ਰਦੂਸ਼ਣ ਦਾ ਹਿੱਸਾ 20ਸਤਨ 20 ਪ੍ਰਤੀਸ਼ਤ ਹੈ। ਯਾਨੀ ਦਿੱਲੀ-ਐਨਸੀਆਰ ਵਿੱਚ ਬਾਕੀ 80 ਫੀਸਦੀ ਪ੍ਰਦੂਸ਼ਣ ਸਥਾਨਕ ਕਾਰਕਾਂ ਦੇ ਕਾਰਨ ਹੈ. ਇਹ ਸੱਚ ਹੈ ਕਿ ਪਰਾਲੀ ਸਾੜਨ ਕਾਰਨ ਸਮੱਸਿਆ ਵਧਦੀ ਹੈ, ਪਰ ਪਰਾਲੀ ਸਾੜਨਾ ਮੁੱਖ ਤੌਰ 'ਤੇ 15 ਅਕਤੂਬਰ ਤੋਂ 15 ਨਵੰਬਰ ਦੇ ਵਿਚਕਾਰ ਕੀਤਾ ਜਾਂਦਾ ਹੈ, ਜਦੋਂ ਕਿ ਹਵਾ ਪ੍ਰਦੂਸ਼ਣ ਸਰਦੀਆਂ ਦੌਰਾਨ ਰਹਿੰਦਾ ਹੈ।

ਦਰਅਸਲ, ਦਸ ਸਾਲ ਪਹਿਲਾਂ ਤੱਕ, ਪੰਜਾਬ ਅਤੇ ਹਰਿਆਣਾ ਵਿੱਚ, ਝੋਨੇ ਦੀ ਲਵਾਈ ਮਈ ਦੇ ਅਖੀਰ ਵਿੱਚ ਸ਼ੁਰੂ ਹੋ ਗਈ ਸੀ ਅਤੇ ਅਕਤੂਬਰ ਦੇ ਮਹੀਨੇ ਵਿੱਚ ਮੌਸਮ ਦੇ ਬਦਲਾਅ ਤੋਂ ਪਹਿਲਾਂ ਕਟਾਈ ਪੂਰੀ ਹੋ ਗਈ ਸੀ। ਇਹ ਹਵਾ ਪ੍ਰਦੂਸ਼ਣ ਨੂੰ ਘਟਾਉਣ ਲਈ ਵਰਤਿਆ ਜਾਂਦਾ ਸੀ ਅਤੇ ਇਸਦਾ ਪ੍ਰਭਾਵ ਹਵਾ ਦੀ ਦਿਸ਼ਾ, ਤਾਪਮਾਨ, ਨਮੀ ਵਿੱਚ ਅੰਤਰ ਦੇ ਕਾਰਨ ਸੀਮਤ ਸੀ, ਪਰ 2009 ਵਿੱਚ, ਧਰਤੀ ਹੇਠਲੇ ਪਾਣੀ ਦੀ ਸੰਭਾਲ ਲਈ, ਇਨ੍ਹਾਂ ਦੋਵਾਂ ਰਾਜਾਂ ਨੇ ਇੱਕ ਕਾਨੂੰਨ ਬਣਾਇਆ ਅਤੇ ਜੂਨ ਦੇ ਅੱਧ ਤੱਕ ਝੋਨੇ ਦੀ ਬਿਜਾਈ ਤੇ ਪਾਬੰਦੀ ਲਗਾ ਦਿੱਤੀ, ਤਾਂ ਜੋ ਇਹ ਫਸਲ ਦੇ ਚੱਕਰ ਨੂੰ ਰੋਕਿਆ ਗਿਆ ਸੀ। ਹੁਣ ਜ਼ਿਆਦਾਤਰ ਟ੍ਰਾਂਸਪਲਾਂਟਿੰਗ 15-30 ਜੂਨ ਦੇ ਵਿਚਕਾਰ ਹੁੰਦੀ ਹੈ ਅਤੇ ਸਾਰੀ ਫਸਲ ਅਕਤੂਬਰ ਦੇ ਅੱਧ ਦੇ ਆਲੇ ਦੁਆਲੇ ਇੱਕੋ ਸਮੇਂ ਵਾਹੀ ਲਈ ਤਿਆਰ ਹੋ ਜਾਂਦੀ ਹੈ। ਕਿਸਾਨਾਂ ਨੂੰ ਅਕਤੂਬਰ ਵਿੱਚ ਖੇਤ ਖਾਲੀ ਕਰਨ ਦੀ ਵੀ ਕਾਹਲੀ ਹੈ, ਕਿਉਂਕਿ ਉਨ੍ਹਾਂ ਨੂੰ ਆਪਣੀ ਅਗਲੀ ਹਾੜੀ ਦੀਆਂ ਫਸਲਾਂ - ਆਲੂ, ਮਟਰ, ਸਰ੍ਹੋਂ, ਕਣਕ ਆਦਿ ਬੀਜਣ ਲਈ ਆਪਣੇ ਖੇਤਾਂ ਨੂੰ ਤਿਆਰ ਕਰਨ ਲਈ ਬਹੁਤ ਘੱਟ ਸਮਾਂ ਮਿਲਦਾ ਹੈ।

ਇਸ ਸਮੇਂ ਇੱਕ ਵਾਰ ਵਿੱਚ ਲੋੜੀਂਦੀ ਗਿਣਤੀ ਵਿੱਚ ਮਜ਼ਦੂਰ ਪ੍ਰਾਪਤ ਕਰਨਾ ਵੀ ਸੰਭਵ ਨਹੀਂ ਹੈ ਅਤੇ ਇਹ ਬਹੁਤ ਮਹਿੰਗਾ ਵੀ ਹੈ। ਇਸੇ ਕਰਕੇ ਕਿਸਾਨ ਮਸ਼ੀਨਾਂ ਨਾਲ ਵਾਹ ਕਰਨ ਲਈ ਮਜਬੂਰ ਹਨ, ਪਰ ਮਸ਼ੀਨ ਫਸਲ ਨੂੰ ਉੱਪਰੋਂ ਕੱਟ ਦਿੰਦੀ ਹੈ ਅਤੇ ਹੇਠਲਾ ਹਿੱਸਾ ਖੇਤ ਵਿੱਚ ਰਹਿੰਦ -ਖੂੰਹਦ ਦੇ ਰੂਪ ਵਿੱਚ ਰਹਿੰਦਾ ਹੈ। ਖੇਤ ਨੂੰ ਸਾਫ਼ ਕਰਨ ਲਈ ਕਿਸਾਨ ਇਸ ਨੂੰ ਸਾੜਦੇ ਹਨ । ਪਰਾਲੀ ਸਾੜਨ ਨਾਲ ਨਾ ਸਿਰਫ ਪ੍ਰਦੂਸ਼ਣ ਹੁੰਦਾ ਹੈ, ਬਲਕਿ ਖੇਤ ਵਿੱਚੋਂ ਨਾਈਟ੍ਰੋਜਨ, ਫਾਸਫੋਰਸ, ਸਲਫਰ, ਪੋਟਾਸ਼ੀਅਮ ਵਰਗੇ ਪੌਸ਼ਟਿਕ ਤੱਤ ਵੀ ਖਤਮ ਹੋ ਜਾਂਦੇ ਹਨ, ਜਿਸ ਕਾਰਨ ਜ਼ਮੀਨ ਦੀ ਉਪਜਾਊ ਸ਼ਕਤੀ ਘੱਟ ਰਹੀ ਹੈ। ਇਸ ਕਾਰਨ, ਅਗਲੀ ਫਸਲ ਵਿੱਚ ਵਧੇਰੇ ਰਸਾਇਣਕ ਖਾਦਾਂ ਦੀ ਵਰਤੋਂ ਕਰਨੀ ਪੈਂਦੀ ਹੈ। ਇਸ ਨਾਲ ਖਾਦ ਸਬਸਿਡੀ ਦਾ ਬੋਝ ਵਧਦਾ ਹੈ ਅਤੇ ਕਿਸਾਨਾਂ 'ਤੇ ਲਾਗਤ ਵੀ. ਕਿਉਂਕਿ ਅਸੀਂ ਵੱਡੀ ਮਾਤਰਾ ਵਿੱਚ ਖਾਦ ਆਯਾਤ ਕਰਦੇ ਹਾਂ, ਇਹ ਸਾਡੇ ਵਪਾਰ ਘਾਟੇ ਨੂੰ ਵੀ ਵਧਾਉਂਦਾ ਹੈ, ਜਿਸਦੇ ਇਸਦੇ ਆਪਣੇ ਨੁਕਸਾਨ ਹਨ।

ਪਰਾਲੀ ਨੂੰ ਸਾੜਨ ਨਾਲ ਨਿਕਲਣ ਵਾਲੀ ਕਾਰਬਨ ਡਾਈਆਕਸਾਈਡ, ਕਾਰਬਨ ਮੋਨੋਆਕਸਾਈਡ ਅਤੇ ਹੋਰ ਜ਼ਹਿਰੀਲੀਆਂ ਗੈਸਾਂ ਸਿਹਤ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ, ਜਦੋਂ ਕਿ ਖੇਤੀ ਵਿੱਚ ਸਹਾਇਕ ਕੀੜੇ ਸਮੇਤ ਹੋਰ ਸੂਖਮ ਜੀਵ ਵੀ ਇਸ ਦੀ ਅੱਗ ਵਿੱਚ ਨਸ਼ਟ ਹੋ ਜਾਂਦੇ ਹਨ। ਇਸ ਨਾਲ ਫਸਲਾਂ ਦੇ ਝਾੜ ਵਿੱਚ ਕਮੀ ਆਉਣ ਦੀ ਉਮੀਦ ਹੈ। ਮਸ਼ੀਨਾਂ ਦੁਆਰਾ ਪਰਾਲੀ ਦੇ ਪ੍ਰਬੰਧਨ ਲਈ ਸੁਝਾਏ ਗਏ ਉਪਾਵਾਂ ਦੀਆਂ ਆਪਣੀਆਂ ਸਮੱਸਿਆਵਾਂ ਹਨ। ਮਸ਼ੀਨ ਦੀ ਕਟਾਈ ਅਤੇ ਬਾਅਦ ਵਿੱਚ ਹੈਪੀ ਸੀਡਰ ਆਦਿ ਚਲਾਉਣ ਵਿੱਚ ਵੀ ਡੀਜ਼ਲ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਕਾਰਨ ਕਿਸਾਨ ਦਾ ਖਰਚਾ ਵਧਦਾ ਹੈ, ਪ੍ਰਦੂਸ਼ਣ ਵੀ ਵਧਦਾ ਹੈ। ਤੂੜੀ ਤੋਂ ਬਿਜਲੀ ਬਣਾਉਣ ਜਾਂ ਇਸ ਦੀ ਕਿਸੇ ਹੋਰ ਵਰਤੋਂ ਦੇ ਸੁਝਾਅ ਸਿੱਧੇ ਜਾਂ ਅਸਿੱਧੇ ਤੌਰ 'ਤੇ ਪ੍ਰਦੂਸ਼ਣ ਵਧਾਉਂਦੇ ਹਨ। ਕੁੱਲ ਮਿਲਾ ਕੇ, ਤਕਰੀਬਨ 10 ਹਜ਼ਾਰ ਰੁਪਏ ਪ੍ਰਤੀ ਹੈਕਟੇਅਰ ਮਸ਼ੀਨ ਦੁਆਰਾ ਪਰਾਲੀ ਦੇ ਨਿਪਟਾਰੇ ਵਿੱਚ ਕਿਸਾਨਾਂ ਦੁਆਰਾ ਖਰਚ ਕੀਤੇ ਜਾਂਦੇ ਹਨ. ਕਿਸਾਨ ਕੋਲ ਇਹ ਲਾਗਤ ਚੁੱਕਣ ਦੀ ਸਮਰੱਥਾ ਨਹੀਂ ਹੈ, ਕਿਉਂਕਿ ਅਸੀਂ ਦੂਜੇ ਦੇਸ਼ਾਂ ਦੇ ਮੁਕਾਬਲੇ ਝੋਨੇ ਦਾ ਬਹੁਤ ਘੱਟ ਸਮਰਥਨ ਮੁੱਲ ਦਿੰਦੇ ਹਾਂ. ਪਰਾਲੀ ਸਾੜਨ ਦੀ ਸਮੱਸਿਆ ਨੂੰ ਹੱਲ ਕਰਨ ਲਈ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਝੋਨੇ ਦੀਆਂ ਕਈ ਨਵੀਆਂ ਸੁਧਰੀਆਂ ਕਿਸਮਾਂ ਵਿਕਸਤ ਕੀਤੀਆਂ ਹਨ, ਜਿਹੜੀਆਂ ਨਾ ਸਿਰਫ ਵੱਧ ਝਾੜ ਦਿੰਦੀਆਂ ਹਨ, ਬਲਕਿ ਘੱਟ ਪਾਣੀ, ਘੱਟ ਸਮਾਂ ਪੈਦਾ ਕਰਦੀਆਂ ਹਨ ਅਤੇ ਕੀੜਿਆਂ ਜਾਂ ਬਿਮਾਰੀਆਂ ਦੇ ਸ਼ਿਕਾਰ ਵੀ ਹੁੰਦੀਆਂ ਹਨ।ਇਨ੍ਹਾਂ ਪ੍ਰਜਾਤੀਆਂ ਨੂੰ ਉਤਸ਼ਾਹਿਤ ਕਰਨ ਦੀ ਜ਼ਰੂਰਤ ਹੈ, ਕਿਉਂਕਿ ਇਨ੍ਹਾਂ ਦੀ ਵਰਤੋਂ ਕਿਸਾਨ ਨੂੰ ਅਗਲੀ ਫਸਲ ਦੀ ਤਿਆਰੀ ਲਈ ਵਧੇਰੇ ਸਮਾਂ ਦੇਵੇਗੀ।

ਪੰਜਾਬ ਅਤੇ ਹਰਿਆਣਾ ਨੂੰ ਛੱਡ ਕੇ, ਝੋਨੇ ਦੀ ਪਰਾਲੀ ਨੂੰ ਆਮ ਤੌਰ ਤੇ ਹੋਰ ਕਿਤੇ ਨਹੀਂ ਸਾੜਿਆ ਜਾਂਦਾ। ਪੱਛਮੀ ਉੱਤਰ ਪ੍ਰਦੇਸ਼ ਵਿੱਚ, ਜ਼ਿਆਦਾਤਰ ਝੋਨੇ ਦੀ ਕਟਾਈ ਹੱਥਾਂ ਨਾਲ ਕੀਤੀ ਜਾਂਦੀ ਹੈ. ਇਸ ਕਾਰਨ ਪ੍ਰਦੂਸ਼ਣ ਨਹੀਂ ਹੁੰਦਾ ਅਤੇ ਹੋਰ ਮਜ਼ਦੂਰਾਂ ਨੂੰ ਵੀ ਰੁਜ਼ਗਾਰ ਮਿਲਦਾ ਹੈ। ਤੂੜੀ ਨੂੰ ਹਰੇ ਚਾਰੇ ਨਾਲ ਮਿਲਾ ਕੇ ਪਸ਼ੂਆਂ ਨੂੰ ਖੁਆਇਆ ਜਾਂਦਾ ਹੈ। ਪ੍ਰਜਾਤੀਆਂ ਦੀ ਪਰਾਲੀ ਜਿਸ ਨੂੰ ਜਾਨਵਰ ਖਾਣਾ ਪਸੰਦ ਨਹੀਂ ਕਰਦੇ, ਦੀ ਵਰਤੋਂ ਪਸ਼ੂਆਂ ਲਈ ਬਿਸਤਰਾ ਬਣਾਉਣ ਲਈ ਕੀਤੀ ਜਾਂਦੀ ਹੈ। ਪਰਾਲੀ, ਗੋਬਰ ਅਤੇ ਪਿਸ਼ਾਬ ਦਾ ਮਿਸ਼ਰਣ ਵਧੀਆ ਜੈਵਿਕ ਖਾਦ ਬਣਾਉਂਦਾ ਹੈ। ਇਸ ਤਰ੍ਹਾਂ, ਪਰਾਲੀ ਦੀ ਪੂਰੀ ਆਰਥਿਕ ਵਰਤੋਂ ਬਿਨਾਂ ਕਿਸੇ ਪ੍ਰਦੂਸ਼ਣ ਦੇ ਕੀਤੀ ਜਾਂਦੀ ਹੈ। ਪਰਾਲੀ ਦਾ ਪ੍ਰਬੰਧਨ, ਵਰਤੋਂ ਅਤੇ ਨਿਪਟ-ਾਰਾ ਬਹੁਤ ਸਰਲ, ਜੈਵਿਕ ਅਤੇ ਪ੍ਰਦੂਸ਼ਣ ਰਹਿਤ ਤਰੀਕੇ ਨਾਲ ਕੀਤਾ ਜਾ ਸਕਦਾ ਹੈ। ਇਸਦੇ ਲਈ, ਸਰਕਾਰ ਨੂੰ ਖੇਤੀਬਾੜੀ ਲਾਗਤ ਮੁੱਲ ਕਮਿਸ਼ਨ ਦੁਆਰਾ ਨਿਰਧਾਰਤ ਸੀ -2 ਦੀ ਲਾਗਤ ਦੇ ਡੇਢ ਗੁਣਾ ਦੇ ਆਧਾਰ ਤੇ ਝੋਨੇ ਦੇ ਘੱਟੋ ਘੱਟ ਸਮਰਥਨ ਮੁੱਲ ਦਾ ਐਲਾਨ ਕਰਨਾ ਚਾਹੀਦਾ ਹੈ ਅਤੇ ਸਰਕਾਰ ਨੂੰ ਮਨਰੇਗਾ ਰਾਹੀਂ ਝੋਨੇ ਦੀ ਹੱਥੀਂ ਕਟਾਈ ਵਿੱਚ ਲੱਗੇ ਮਜ਼ਦੂਰਾਂ ਨੂੰ ਅਦਾਇਗੀ ਕਰਨੀ ਚਾਹੀਦੀ ਹੈ। ਰਾਜ ਸਰਕਾਰਾਂ ਕੇਂਦਰੀ ਸਹਾਇਤਾ ਨਾਲ ਝੋਨੇ ਦੀ ਹੱਥੀਂ ਕਟਾਈ ਲਈ ਐਮਐਸਪੀ ਤੋਂ ਉੱਪਰ 300 ਰੁਪਏ ਪ੍ਰਤੀ ਕੁਇੰਟਲ ਦੀ ਵੱਖਰੀ ਰਕਮ ਵੀ ਦੇ ਸਕਦੀਆਂ ਹਨ। ਖਾਦ ਸਬਸਿਡੀਆਂ, ਵਪਾਰ ਘਾਟਾ, ਪ੍ਰਦੂਸ਼ਣ, ਵਧਦਾ ਤਾਪਮਾਨ, ਸਿਹਤ ਸਮੱਸਿਆਵਾਂ ਦੇ ਰੂਪ ਵਿੱਚ ਦੇਸ਼ ਇੱਕ ਵੱਡੀ ਕੀਮਤ ਅਦਾ ਕਰ ਰਿਹਾ ਹੈ, ਸਾਡੇ ਦੇਸ਼ ਵਿੱਚ ਸੈਰ - ਸਪਾਟੇ ਦਾ ਇੱਕ ਮੌਸਮ ਵੀ ਹੈ, ਜੋ ਪ੍ਰਦੂਸ਼ਣ ਨਾਲ ਪ੍ਰਭਾਵਿਤ ਹੁੰਦਾ ਹੈ। ਜੇ ਇਸ ਕੀਮਤ ਦਾ ਕੁਝ ਹਿੱਸਾ ਸਿੱਧਾ ਕਿਸਾਨਾਂ ਨੂੰ ਝੋਨੇ ਦੇ ਸਹੀ ਸਮਰਥਨ ਮੁੱਲ ਦੇ ਰੂਪ ਵਿੱਚ ਦਿੱਤਾ ਜਾਂਦਾ ਹੈ, ਮਨਰੇਗਾ ਦੁਆਰਾ ਫਸਲਾਂ ਦੀ ਹੱਥੀਂ ਕਟਾਈ ਲਈ ਮਜ਼ਦੂਰਾਂ ਨੂੰ ਖੁਆਇਆ ਜਾਂਦਾ ਹੈ ਜਾਂ ਪ੍ਰਤੀ ਹੈਕਟੇਅਰ ਸਬਸਿਡੀ ਦਿੱਤੀ ਜਾਂਦੀ ਹੈ, ਤਾਂ ਘੱਟ ਕੀਮਤ ਦੇ ਕੇ ਅਸੀਂ ਪ੍ਰਦੂਸ਼ਣ ਤੋਂ ਬਚ ਸਕਾਂਗੇ. ਪਰਾਲੀ ਸਾੜਨ ਅਤੇ ਬਿਹਤਰ ਵਾਤਾਵਰਣ ਸੁਰੱਖਿਆ ਦੁਆਰਾ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ।*

# ਡਿਜੀਟਲ ਸਿੱਖਿਆ ਦਾ ਉਭਾਰ

-ਵਿਜੈ ਗਰਗ



ਟੈਕਨਾਲੋਜੀ ਦੀ ਤਰੱਕੀ ਦੇ ਨਾਲ, ਰਵਾਇਤੀ ਸਿੱਖਿਆ ਦੇ ਉਲਟ ਡਿਜੀਟਲ ਸਿਖਲਾਈ ਵਧੇਰੇ ਪ੍ਰਭਾਵੀ ਹੁੰਦੀ ਜਾ ਰਹੀ ਹੈ। ਜਾਣਕਾਰੀ ਸਾਡੀਆਂ ਉਂਗਲਾਂ ਦੀ ਨੋਕ 'ਤੇ ਆਸਾਨੀ ਨਾਲ ਪਹੁੰਚਯੋਗ ਹੈ ਅਤੇ ਸਿੱਖਣਾ ਹੁਣ ਸਹਿਜ ਹੈ।ਇਸ ਡਿਜੀਟਲ ਪਰਿਵਰਤਨ ਦੇ ਦੌਰਾਨ ਵਿਦਿਅਕ ਤਕਨਾਲੋਜੀ ਨੇ ਕਈ ਬਦਲਾਅ ਦਿਖਾਏ ਹਨ। ਅਧਿਆਪਨ ਪ੍ਰਕਿਰਿਆ, ਮੁਲਾਂਕਣ ਅਤੇ ਇੱਥੋਂ ਤੱਕ ਕਿ ਕਲਾਸਰੂਮਾਂ ਦੀ ਭੌਤਿਕ ਦਿੱਖ ਵੀ ਡਿਜੀਟਲ ਕ੍ਰਾਂਤੀ ਦੀ ਬਦੌਲਤ ਸੋਧਾਂ ਵਿੱਚੋਂ ਲੰਘੀ ਹੈ। ਇੱਥੇ ਡਿਜੀਟਲ ਸਿੱਖਿਆ 'ਤੇ ਤਕਨਾਲੋਜੀ ਦੇ ਪ੍ਰਭਾਵ ਦੇ ਕੁਝ ਫਾਇਦੇ ਹਨ:

ਵਿਅਕਤੀਗਤ ਸਿਖਲਾਈ:
ਹਰ ਵਿਦਿਆਰਥੀ ਇੱਕੋ ਜਿਹਾ ਨਹੀਂ ਹੁੰਦਾ। ਵੱਖ-ਵੱਖ ਵਿਦਿਆਰਥੀ ਵੱਖ-ਵੱਖ ਰਫ਼ਤਾਰਾਂ ਨਾਲ ਸਿੱਖਦੇ ਹਨ ਅਤੇ ਇਸ ਨੂੰ ਸਮਝਣਾ ਜ਼ਰੂਰੀ ਹੈ। ਈ-ਲਰਨਿੰਗ ਨਾਲ, ਹਰੇਕ ਵਿਦਿਆਰਥੀ ਨੂੰ ਵੱਧ ਤੋਂ ਵੱਧ ਧਿਆਨ ਨਾਲ ਹਾਜ਼ਰ ਕੀਤਾ ਜਾ ਸਕਦਾ ਹੈ ਅਤੇ ਉਹਨਾਂ ਦੀਆਂ ਸਿੱਖਣ ਦੀਆਂ ਲੋੜਾਂ ਨੂੰ ਕੁਸ਼ਲਤਾ ਨਾਲ ਪੂਰਾ ਕੀਤਾ ਜਾ ਸਕਦਾ ਹੈ।

ਬਿਹਤਰ ਸੰਚਾਰ:
ਕਈ ਵਾਰ ਅਧਿਆਪਕ ਅਤੇ ਵਿਦਿਆਰਥੀ ਵਿਚਕਾਰ ਸੰਚਾਰ ਬੇਅਸਰ ਹੋ ਸਕਦਾ ਹੈ ਅਤੇ ਸਿੱਖਣ ਵਿੱਚ ਰੁਕਾਵਟ ਪੈਦਾ ਕਰ ਸਕਦਾ ਹੈ। ਤਕਨਾਲੋਜੀ ਨਾਲ, ਕਲਾਸਰੂਮ ਨੂੰ ਇੱਕ ਨੈਟਵਰਕ ਵਿੱਚ ਬਦਲਿਆ ਜਾ ਸਕਦਾ ਹੈ ਅਤੇ ਅਧਿਆਪਕ ਪ੍ਰਭਾਵਸ਼ਾਲੀ ਢੰਗ ਨਾਲ ਅਸਾਈਨਮੈਂਟ ਪੋਸਟ ਕਰ ਸਕਦੇ ਹਨ। ਇਸ ਤੋਂ ਇਲਾਵਾ, ਵਿਦਿਆਰਥੀ ਸੰਦਰਭ ਲਈ ਆਪਣੇ ਸਵਾਲਾਂ ਨੂੰ ਆਪਣੇ ਸਹਿਪਾਠੀਆਂ ਅਤੇ ਅਧਿਆਪਕਾਂ ਨੂੰ ਪਿਛਲੀਆਂ ਚਰਚਾਵਾਂ ਦੇ ਰਿਕਾਰਡ ਨਾਲ ਦੱਸ ਸਕਦੇ ਹਨ।

ਈ-ਕਿਤਾਬਾਂ ਅਤੇ ਤਤਕਾਲ ਜਾਣਕਾਰੀ
ਵੱਡੀਆਂ-ਵੱਡੀਆਂ ਕਿਤਾਬਾਂ ਨੂੰ ਵੇਖਣ, ਜਾਣਕਾਰੀ ਦੀ ਭਾਲ ਕਰਨ ਦੇ ਦਿਨ ਗਏ ਹਨ। ਵਧੇਰੇ ਅਸਾਨੀ ਨਾਲ ਉਪਲਬਧ ਜਾਣਕਾਰੀ ਦੇ ਨਾਲ, ਸਰੋਤਾਂ ਦੀ ਵਿਸ਼ਾਲ ਸ਼੍ਰੇਣੀ ਦੇ ਕਾਰਨ, ਬਹੁਤ ਸਾਰਾ ਸਮਾਂ ਬਚ ਜਾਂਦਾ ਹੈ ਅਤੇ ਵਧੇਰੇ ਲਾਭਕਾਰੀ ਢੰਗ ਨਾਲ ਵਰਤਿਆ ਜਾ ਸਕਦਾ ਹੈ। ਅਤੇ ਈ-ਪੁਸਤਕਾਂ ਦੇ ਨਾਲ, ਵਿਦਿਆਰਥੀ ਬਹੁਤ ਸਾਰਾ ਪੈਸਾ ਅਤੇ ਊਰਜਾ ਬਚਾਉਂਦੇ ਹਨ ਜੋ ਕਿ ਉਹਨਾਂ ਦੀਆਂ ਕਲਾਸਾਂ ਲਈ ਕਿਤਾਬਾਂ ਦੇ ਢੇਰਾਂ ਨਾਲ ਥੱਕ ਜਾਂਦਾ ਹੈ।

ਪ੍ਰਭਾਵੀ ਮੁਲਾਂਕਣ:
ਡਿਜੀਟਲ ਸਾਧਨਾਂ ਰਾਹੀਂ ਵਿਦਿਆਰਥੀਆਂ ਦੇ ਕੰਮ ਦਾ ਮੁਲਾਂਕਣ ਅਧਿਆਪਕ ਦੇ ਸੰਦਰਭ ਲਈ ਦਸਤਾਵੇਜ਼ੀ ਰੂਪ ਵਿੱਚ ਕੀਤਾ ਜਾ ਸਕਦਾ ਹੈ। ਇਸ ਡੇਟਾ ਦੀ ਪੂਰੀ ਕਲਾਸ ਵਿੱਚ ਵਿਦਿਆਰਥੀਆਂ ਵਿੱਚ ਰੁਝਾਨਾਂ ਦਾ ਵਿਸ਼ਲੇਸ਼ਣ ਕਰਨ ਲਈ ਕਰਾਸ-ਚੈੱਕ ਕੀਤਾ ਜਾ ਸਕਦਾ ਹੈ। ਨਾਲ ਹੀ, ਅਜਿਹੀ ਜਾਣਕਾਰੀ ਦੇ ਨਾਲ, ਉਹਨਾਂ ਨੂੰ ਵਿਦਿਆਰਥੀ ਦੀ ਤਰੱਕੀ ਦਾ ਬਹੁਤ ਸਪੱਸ਼ਟ ਵਿਚਾਰ ਮਿਲਦਾ ਹੈ ਅਤੇ ਉਹ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਦਖਲ ਦੇ ਸਕਦੇ ਹਨ।

ਮਲਟੀਪਲ ਡਿਵਾਈਸ ਐਕਸੈਸ
ਈ-ਲਰਨਿੰਗ ਦੇ ਨਾਲ, ਵਿਦਿਆਰਥੀ ਆਪਣੇ ਸਾਰੇ ਕਲਾਸਵਰਕ ਜਿਵੇਂ ਕਿ ਨੋਟਸ, ਮੁਲਾਂਕਣ ਅਤੇ ਪਾਠ, ਕਈ ਡਿਵਾਈਸਾਂ ਵਿੱਚ ਐਕਸੈਸ ਕਰ ਸਕਦੇ ਹਨ। ਇਸਦਾ ਧੰਨਵਾਦ, ਉਹ ਆਪਣੀ ਕਲਾਸ ਲਈ ਇੱਕ ਵਿਸ਼ੇਸ਼ ਡਿਵਾਈਸ ਲਿਆਉਣ ਦੇ ਵਿਕਲਪ ਤੱਕ ਸੀਮਤ ਨਹੀਂ ਹਨ ਅਤੇ ਪਾਠਕ੍ਰਮ ਨੂੰ ਇੱਕ ਹੀ ਸਮੇਂ ਵਿੱਚ ਕਈ ਡਿਵਾਈਸਾਂ ਵਿੱਚ ਵੀ ਖੋਲ੍ਹਿਆ ਜਾ ਸਕਦਾ ਹੈ, ਜੇਕਰ ਲੋੜ ਹੋਵੇ।

ਵੰਡ ਕੁਸ਼ਲਤਾ:
ਔਨਲਾਈਨ ਕੋਰਸਾਂ ਨੂੰ ਆਸਾਨੀ ਨਾਲ ਵੱਖ-ਵੱਖ ਡਿਵਾਈਸਾਂ ਵਿੱਚ ਸਕਰੀਨ ਦੇ ਆਕਾਰਾਂ ਲਈ ਅਨੁਕੂਲਿਤ ਕੀਤਾ ਜਾ ਸਕਦਾ ਹੈ। ਕੋਰਸ ਡਿਵੈਲਪਰ ਆਸਾਨੀ ਨਾਲ ਤਬਦੀਲੀਆਂ ਕਰ ਸਕਦੇ ਹਨ ਕਿਉਂਕਿ ਤਬਦੀਲੀਆਂ ਪ੍ਰਭਾਵਸ਼ਾਲੀ ਢੰਗ ਨਾਲ ਸਾਰੇ ਸੰਸਕਰਣਾਂ ਵਿੱਚ ਪ੍ਰਤੀਬਿੰਬਤ ਹੋਣਗੀਆਂ।

ਨਤੀਜੇ ਵਜੋਂ, ਸੰਸਥਾਵਾਂ ਔਨਲਾਈਨ ਕੋਰਸਾਂ ਨਾਲ ਵਧੇਰੇ ਲਚਕਦਾਰ ਬਣ ਰਹੀਆਂ ਹਨ। ਟੈਕਨੋਲੋਜੀ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਨਵੇਂ ਮੌਕਿਆਂ ਤੱਕ ਪਹੁੰਚ ਦੇ ਕੇ ਉਨ੍ਹਾਂ ਲਈ ਇੱਕ ਕੀਮਤੀ ਸਰੋਤ ਸਾਬਤ ਹੋ ਸਕਦੀ ਹੈ। ਵਿਸਲਿੰਗ ਵੁਡਸ ਇੰਟਰਨੈਸ਼ਨਲ ਸਿੱਖਿਆ ਵਿੱਚ ਤਕਨਾਲੋਜੀ ਦੇ ਉਭਾਰ ਨੂੰ ਸਮਝਦਾ ਹੈ ਅਤੇ ਰਚਨਾਤਮਕ ਕਲਾਵਾਂ ਦੇ ਖੇਤਰ ਵਿੱਚ ਉਤਸ਼ਾਹੀਆਂ ਲਈ ਆਪਣਾ ਨਵਾਂ ਈ-ਲਰਨਿੰਗ ਪ੍ਰੋਗਰਾਮ ਤਿਆਰ ਕੀਤਾ ਹੈ- ਵਰਚੁਅਲ ਅਕੈਡਮੀ। ਇੱਥੇ ਕਲਿੱਕ ਕਰਕੇ ਆਨਲਾਈਨ ਸਿੱਖਿਆ ਦੀ ਮੁੜ ਪਰਿਭਾਸ਼ਾ ਦੇ ਗਵਾਹ ਬਣੋ।

# ਗ਼ਦਰੀ ਬਾਬਿਆਂ ਦੀ ਯਾਦ ਵਿੱਚ ਮੋਢੀ ਸੰਸਥਾ ਖ਼ਾਲਸਾ ਦੀਵਾਨ ਸੁਸਾਇਟੀ ਸਟਾਕਟਨ ਵੱਲੋਂ ਦੋ ਦਿਨਾ ਕਾਨਫਰੰਸ ਯਾਦਗਾਰੀ ਹੋ ਨਿੱਬੜੀ





ਦੋ ਦਿਨਾ ਕਾਨਫ਼ਰੰਸ ਮੌਕੇ ਬੁਲਾਰਿਆਂ ਅਤੇ ਸੰਗਤਾਂ ਦੀਆਂ ਤਸਵੀਰਾਂ ਅਤੇ ਸਨਮਾਨਤ ਕੀਤੇ ਜਾਣ ਦੇ ਦ੍ਰਿਸ਼।

ਸੈਕਰਾਮੈਂਟੋ, 13 ਅਕਤੂਬਰ ( ਹੁਸਨ ਲੜੋਆ ਬੰਗਾ)- ਗ਼ਦਰ ਲਹਿਰ ਦਾ ਬੂਟਾ ਲਾਉਣ ਵਾਲੀ ਮੋਢੀ ਸੰਸਥਾਪਕ ਪੈਸੀਫਿਕ ਕੋਸਟ ਖਾਲਸਾ ਦੀਵਾਨ ਸੁਸਾਇਟੀ ਸਟਾਕਟਨ ਵੱਲੋਂ 110ਵੇਂ ਸਥਾਪਨਾ ਦਿਹਾੜੇ ਮੌਕੇ, ਦੋ ਦਿਨਾ ਕਾਨਫਰੰਸ ਕਰਵਾਈ। ਇਸ ਮੌਕੇ 'ਤੇ ਵੱਖ- ਵੱਖ ਵਿਸ਼ਿਆਂ 'ਤੇ ਲੈਕਚਰ ਕਰਵਾਏ ਗਏ ਅਤੇ ਸੰਗਤਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਇਸ ਮੌਕੇ ਤੇ ਬੁਲਾਰਿਆਂ ਨੇ ਗ਼ਦਰ ਲਹਿਰ ਦੇ ਇਤਿਹਾਸ ਨੂੰ ਵਿਗਾੜਨ ਵਾਲੇ ਬਿਰਤਾਂਤ ਬਾਰੇ ਸੰਗਤਾਂ ਨੂੰ ਜਾਣੂੰ ਕਰਵਾਇਆ। ਬੀਸੀ ਤੋਂ ਪਹੁੰਚੇ ਸਿੱਖ ਵਿਦਵਾਨ ਡਾ ਗੁਰਵਿੰਦਰ ਸਿੰਘ, ਚਿੰਤਕ ਸ. ਅਮਰੀਕ ਸਿੰਘ, ਪ੍ਰਿੰਸੀਪਲ ਸਵਰਨਜੀਤ ਸਿੰਘ ਤੋਂ ਇਲਾਵਾ ਅਮਰੀਕਾ ਦੇ ਜੰਮਪਲ ਡਾ ਅੰਮ੍ਰਿਤ ਕੌਰ ਦਿਓਲ ਅਤੇ ਗ਼ਦਰ 'ਤੇ ਪੀਐਚ ਡੀ ਕਰ ਰਹੇ ਤੇਜਪਾਲ ਸਿੰਘ ਸਣੇ ਕਈ ਵਿਦਵਾਨਾਂ ਨੇ ਵਿਚਾਰ ਸਾਂਝੇ ਕੀਤੇ। ਬੁਲਾਰਿਆਂ ਨੇ ਇਤਿਹਾਸਕ ਹਵਾਲਿਆਂ ਨਾਲ ਇਹ ਸਿੱਧ ਕੀਤਾ ਕਿ ਗ਼ਦਰ ਲਹਿਰ ਦੇ ਅਸਲ ਬਿਰਤਾਂਤ ਨੂੰ ਗੁਰਬਾਣੀ, ਸਿੱਖ ਇਤਿਹਾਸ ਅਤੇ ਵਿਰਾਸਤ ਨਾਲੋਂ ਤੋੜ ਕੇ ਖੱਬੇ ਪੱਖੀ ਧਾਰਨਾਵਾਂ ਨਾਲ ਜਬਰੀ ਜੋੜਿਆ ਜਾਣਾ ਇੱਕ ਸਾਜ਼ਿਸ਼ ਹੈ। ਦੂਜੀ ਤੇ ਆਖ਼ਰੀ ਦਿਨ ਦੀ ਕਾਨਫ਼ਰੰਸ ਮੌਕੇ ਡਾ ਗੁਰਵਿੰਦਰ ਸਿੰਘ ਵੱਲੋਂ ਪੰਜ ਮਤੇ ਸੰਗਤਾਂ ਦੇ ਸਨਮੁੱਖ ਪੇਸ਼ ਕੀਤੇ ਗਏ, ਜੋ ਸਰਬਸੰਮਤੀ ਨਾਲ ਪਾਸ ਕੀਤੇ ਗਏ। ਮਤਿਆਂ ਵਿਚ ਸਿੰਘ ਸਭਾ ਲਹਿਰ ਦੇ 150ਵੇਂ ਸਥਾਪਨਾ ਦਿਵਸ ਮਨਾਉਣ, ਗਿਆਨੀ ਦਿੱਤ ਸਿੰਘ ਦੀ ਤਸਵੀਰ ਲੰਗਰ ਹਾਲ ਵਿਚ ਸਜਾਉਣ, ਉਨ੍ਹਾਂ ਦੀ ਲਿਖਤ 'ਸਾਧੂ ਦਯਾਨੰਦ ਨਾਲ ਮੇਰੇ ਸੰਵਾਦ' ਪ੍ਰਕਾਸ਼ਤ ਕਰਨ, ਖ਼ਾਲਸਾ ਦੀਵਾਨ ਸੰਸਥਾਵਾਂ ਦੇ ਸੰਵਿਧਾਨ ਦੇ ਰਚੇਤਾ 'ਪ੍ਰੋਫ਼ੈਸਰ ਤੇਜਾ ਸਿੰਘ ਦਿਹਾੜਾ' ਘੋਸ਼ਿਤ ਕਰਵਾਉਣ, ਬੱਬਰ ਅਕਾਲੀ ਲਹਿਰ ਦੇ ਯੋਧਿਆਂ ਦੀ ਸ਼ਤਾਬਦੀ ਮਨਾਉਣ ਅਤੇ ਵਿਸ਼ੇਸ਼ ਕਰਕੇ, ਗ਼ਦਰੀ ਬਾਬਿਆਂ ਵੱਲੋਂ ਸ਼ੁਰੂ ਕੀਤੇ ਗਏ ਗੁਰੂ ਗੋਬਿੰਦ ਸਿੰਘ ਸਾਹਿਬ ਸਕਾਲਰਸ਼ਿਪ ਮੁੜ ਆਰੰਭ ਕਰਨ ਦੇ ਲਈ, ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ ਗਈ। ਇਸ ਦੌਰਾਨ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਨੂੰ ਦੇ ਸੰਬੰਧ 'ਚ ਮਰਹੂਮ ਸ. ਪਾਲ ਸਿੰਘ ਪੁਰੇਵਾਲ ਦੀ ਪੁਸਤਕ ਲੋਕ ਅਰਪਣ ਕੀਤੀ ਗਈ। ਸੰਗਤਾਂ ਅਤੇ ਪ੍ਰਬੰਧਕਾਂ ਵੱਲੋਂ ਲੇਖਕਾਂ ਅਤੇ ਬੁੱਧੀਜੀਵੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਸਮਾਗਮ ਯਾਦਗਾਰੀ ਹੋ ਨਿਬੜਿਆ।

# ਤਰਨਜੀਤ ਸਿੰਘ ਸੰਧੂ ਨੇ ਕਿਹਾ: ਸਿਹਤ ਸੰਭਾਲ ਦੇ ਖੇਤਰ ਵਿੱਚ ਭਾਰਤ ਅਤੇ ਅਮਰੀਕਾ ਦਰਮਿਆਨ ਸਹਿਯੋਗ ਇੱਕ ਨਵੇਂ ਪੱਧਰ 'ਤੇ ਪਹੁੰਚੇਗਾ

ਵਾਸ਼ਿੰਗਟਨ, 13 ਅਕਤੂਬਰ (ਪੋਸਟ ਬਿਊਰੋ): ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਕਿਹਾ ਹੈ ਕਿ ਸਿਹਤ ਸੰਭਾਲ ਦੇ ਖੇਤਰ ਵਿੱਚ ਭਾਰਤ ਅਤੇ ਅਮਰੀਕਾ ਦਰਮਿਆਨ ਸਹਿਯੋਗ ਇੱਕ ਨਵੇਂ ਪੱਧਰ 'ਤੇ ਪਹੁੰਚਣ ਜਾ ਰਿਹਾ ਹੈ। ਸੰਧੂ ਨੇ ਭਾਰਤ-ਅਮਰੀਕਾ ਵੈਕਸੀਨ ਐਕਸ਼ਨ ਪ੍ਰੋਗਰਾਮ (ਵੀਏਪੀ) ਦੇ ਸਾਂਝੇ ਕਾਰਜ ਸਮੂਹ ਦੀ 34ਵੀਂ ਬੈਠਕ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਜ਼ਬੂਤ ਅਤੇ ਪੁਰਾਣੀ ਹੋ ਚੁੱਕੀ ਵੀਏਪੀ ਸ਼ਾਇਦ ਉਸ ਪਹਿਲ ਦਾ ਸਭ ਤੋਂ ਵਧੀਆ ਉਦਾਹਰਣ ਹੈ ਜਿਸ ਤਹਿਤ ਭਾਰਤ ਅਤੇ ਅਮਰੀਕਾ ਨਾ ਸਿਰਫ ਆਪਣੇ-ਆਪਣੇ ਦੇਸ਼ਾਂ ਬਲਕਿ ਦੁਨੀਆ ਭਰ ਦੇ ਦੇਸ਼ਾਂ ਦੀ ਬਿਹਤਰੀ ਲਈ ਮਿਲ ਕੇ ਕੰਮ ਕਰ ਰਹੇ ਹਨ।



"ਮੈਂ ਇਸ ਪ੍ਰੋਗਰਾਮ ਦੇ ਆਯੋਜਨ ਲਈ ਸੰਯੁਕਤ ਰਾਜ ਅਮਰੀਕਾ ਅਤੇ ਭਾਰਤ ਦੀਆਂ ਪਾਰਟੀਆਂ ਦੀ ਸ਼ਲਾਘਾ ਕਰਦਾ ਹਾਂ। ਸਿਹਤ ਸੰਭਾਲ ਦੇ ਖੇਤਰ ਵਿੱਚ ਸਾਡਾ ਸਹਿਯੋਗ ਇੱਕ ਨਵੇਂ ਪੱਧਰ 'ਤੇ ਪਹੁੰਚਣ ਜਾ ਰਿਹਾ ਹੈ ਕਿਉਂਕਿ ਦੋਹਾਂ ਦੇਸ਼ਾਂ ਅਤੇ ਰਾਜਨੀਤਕ ਲੀਡਰਸ਼ਿਪ ਦੇ ਇੱਕੋ ਇਰਾਦੇ ਨਾਲ ਸਭ ਤੋਂ ਵਧੀਆ ਪੂਰਕ ਹਨ। ਸੰਧੂ ਨੇ ਕਿਹਾ ਕਿ ਭਾਰਤ ਵੱਲੋਂ ਦਵਾਈਆਂ ਅਤੇ ਮੈਡੀਕਲ ਉਪਕਰਣਾਂ ਦੇ ਖੇਤਰ ਵਿੱਚ ਉਤਪਾਦਨ ਨਾਲ ਜੁੜੇ ਪ੍ਰੋਤਸਾਹਨ ਅਤੇ ਵੱਡੇ ਪੱਧਰ 'ਤੇ ਟੀਕਾਕਰਨ ਪ੍ਰੋਗਰਾਮਾਂ ਦੇ ਤਜ਼ਰਬੇ ਵਰਗੇ ਸੁਧਾਰਾਂ ਰਾਹੀਂ ਸਿਹਤ ਸੰਭਾਲ ਵਿੱਚ ਤਕਨਾਲੋਜੀ ਨੂੰ ਅਪਣਾਉਣ ਨਾਲ ਦੋਵਾਂ ਦੇਸ਼ਾਂ ਨੂੰ ਸਿਹਤ ਸੰਭਾਲ ਖੇਤਰ ਵਿੱਚ ਸਹਿਯੋਗ ਨੂੰ ਅਗਲੇ ਪੱਧਰ ਤੱਕ ਲਿਜਾਣ ਵਿੱਚ ਮੱਦਦ ਮਿਲੇਗੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਕੀ ਤੁਸੀਂ ਕਰਜ਼ੇ ਵਿੱਚ ਹੋ?
ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?
BOOK YOUR FREE CONSULTATION
ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ
ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382
-Collection Calls
-Personal Taxes
-GST/HST
-Credit Card Debts
-Personal Loans
-Pay Day Loans
-Student Loans
-Wage Garnishment
-Writ on your property
-Frozen Bank Accounts
CONTACT US:
Goma Sandhu
(416)-731-6382
gomasandhu@hotmail.com
WE HELP...
-Save your Assets
-Avoid Bankruptcy
-Small monthly payments
-Rebuild your credit
YOUR DEBT $ MY SOLUTION

BOOKKEEPER WANTED
GROVER CPA PROFESSIONAL CORPORATION IS LOOKING FOR A BOOKKEEPER FOR THE FOLLOWING RESPONSIBILITIES AND QUALIFICATIONS
Responsibilities:
1. Maintain and balance various accounts for clients using Computerized bookkeeping systems.
2. Prepare trial balance and Financial Statements using excel, and software.
3. Prepare payroll for various clients and prepare payroll journal entries and enter in books.
4. Preparing and entering various adjusting entries to close the books and financial statements.
5. Prepare bank and various reconciliations of client's books.
6. Other bookkeeping duties as assigned.
7. Analysis of Tax Accounts to reconcile with CRA balances.
8. Preparing GST/HST returns and making journal entries in books for tax payments and refunds.
Qualifications:
The candidate must have experience using accounting principles and use of book keeping, payroll, and other software.Excellent knowledge of Excel, Word, Outlook etc. Must have a College Diploma in Accounting/ Finance and good communication and presentation skills. Knowledge of Hindi, Punjabi & Urdu will be an asset.
Please apply with confidence with cover letter and resume at info@grovercpa.ca

ਪਲਾਟ ਵਿਕਾਊ
ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।
ਫੋਨ ਨੰਬਰ 917837596119
647-760-2769

We are looking for:
* General Labours
* Forklift Operators
* Window assemblers
* Production Line Workers
* Machine Operators
* AZ Driver, Shippers/Receivers Packagers
WE ARE HIRING
Only Full Time Position Available
Must be eligible to work in Canada & communication in English
Please call us: 416-514-0733

ਕੇਅਰ ਗਿਵਰ ਦੀ ਲੋੜ
ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
204-333-9000, 416-818-3777

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਨੋਆ

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com
Follow Us:
CALL JAG FOR A QUICK & FREE HOME EVALUATION
www BramptonTopRealtor.com www BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA

HOUSE FOR LEASE IN CALEDON
KENNEDY/ NEW HOUSE/ DOUGALL AVE.
* 2500-3000 sq feet ਦਾ Detached ਘਰ
* $3,700/month (4 ਬੈੱਡਰੂਮ + 1 ਡੇਨ+ 4 ਵਾਸ਼ਰੂਮ)
* ਮੇਨ ਫਲੋਰ ਤੇ 10 ਫੁੱਟ ਦੀ ਸੀਲੀਂਗ
* 2nd ਫਲੋਰ ਤੇ 9 ਫੁੱਟ ਦੀ ਸੀਲੀਂਗ
* ਪੂਰਾ ਘਰ $4700/month with unfurnished ਬੇਸਮੇਂਟ
* HWY 410, ਸਕੂਲ, ਬਸ ਸਟੋਪ ਅਤੇ ਪਲਾਜ਼ੇ ਦੇ ਨੇੜੇ
* 1ਸਾਲ ਦੀ Lease, Credit Report, Full Rental App.
* First & Last month + Key Deposit

LISTED IN BRAMPTON
MAYFIELD / MCLAUGHLIN
* Detached ਘਰ ਬਹੁਤ ਹੀ ਸੁੰਦਰ ਏਰੀਏ ਵਿੱਚ
* 3+1 ਬੈੱਡਰੂਮ + 4 ਵਾਸ਼ਰੂਮ
* 1 ਬੈੱਡਰੂਮ Legal Finished Basement with Seperate Entrance
* 9 ਫੁੱਟ ਦੀ ਸੀਲੀਂਗ
* ਸਟੈਂਡਰਡ ਓਕ ਸਟੈਅਰ ਕੇਸ
* ਮੇਨ ਕਮਰੇ ਵਿਚ ਸਟੇਨਡ ਹਾਰਡਵੁੱਡ
* ਗ੍ਰੇਨਾਈਟ ਕਾਊਂਟਰਟੌਪਸ ਨਾਲ ਅਪਗ੍ਰੇਡ ਕੀਤੀ ਕਿਚਨ
* ਮਾਸਟਰ ਬੈੱਡਰੂਮ ਵਿਚ 4 ਪੀਸੀ ਐਨਸੂਏਟ ਅਤੇ ਵਾਕ ਇਨ ਅਲਮਾਰੀ
* HWY 410, ਸਕੂਲ, ਬਸ ਸਟੋਪ ਅਤੇ ਪਲਾਜ਼ੇ ਦੇ ਨੇੜੇ

LISTED IN BRAMPTON
CASTLEMORE/ HUMBERWEST/AIRPORT
* 1500-2000 sq feet ਦਾ ਘਰ
* 3+1 ਬੈੱਡਰੂਮ + 4 ਵਾਸ਼ਰੂਮ + 2 ਕਿਚਨ with Legal Finished ਬੇਸਮੈਂਟ ਅਪਾਰਟਮੈਂਟ with Seperate Entrance
* ਬੇਸਮੈਂਟ $1300 ਦੇ ਕਰਿਾਏ' ਤੇ ਦਿਤੀ ਹੈ
* Extended ਡਰਾਈਵਵੇਅ
* ਮਾਸਟਰ ਬੈੱਡਰੂਮ ਵਿਚ 4 ਪੀਸੀ ਐਨਸੂਏਟ ਅਤੇ ਵਾਕ ਇਨ ਅਲਮਾਰੀ

FREE
✓ Full MLS Services
✓ Consistently Marketing Your Property Until SOLD
✓ Staging Consultation
✓ Billboard, Flyer, Newspaper
✓ Online Promotion
✓ Professional Pictures and Virtual Tour
✓ Social media & Radio Advertisement
✓ Open House Until Sold
✓ Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022

# ਪੀਲ ਸਕੂਲ ਬੋਰਡ ਵਿੱਚ ਮੁੱਦਿਆਂ ਉਪਰ ਨਿੱਠ ਕੇ ਕੰਮ ਕਰਨ ਵਾਲੇ ਟਰੱਸਟੀ ਦੀ ਜ਼ਰੂਰਤ : ਸਤਪਾਲ ਸਿੰਘ ਜੌਹਲ

*** ਜੌਹਲ ਦੀ ਚੋਣ ਮੁਹਿੰਮ ਨੂੰ ਭਾਈਚਾਰੇ ਵਲੋਂ ਆਪ ਮੁਹਾਰੇ ਸਾਥ ਮਿਲਣਾ ਜਾਰੀ ***
**14 ਅਤੇ 15 ਅਕਤੂਬਰ ਨੂੰ ਐਡਵਾਂਸ ’ਚ ਵੋਟਾਂ ਪਾਉਣ ਦੀ ਅਪੀਲ**



ਬਰੈਂਪਟਨ ਵਿਖੇ ਵਾਰਡ 9-10 ਵਿੱਚ ਚੋਣ ਪ੍ਰਚਾਰ ਸਮੇਂ ਸਤਪਾਲ ਸਿੰਘ ਜੌਹਲ ਦੇ ਨਾਲ਼ ਟੋਰਾਂਟੋ ਪੀਅਰਸਨ ਰਨਰਜ਼ ਕਲੱਬ ਦੀ ਟੀਮ।

ਬਰੈਂਪਟਨ, 13 ਅਕਤੂਬਰ (ਹਰਜੀਤ ਸਿੰਘ ਬਾਜਵਾ)-ਮਿਊਂਸਪਲ ਇਲੈਕਸ਼ਨ ਦੇ ਚੱਲ ਰਹੇ ਚੋਣ ਪ੍ਰਚਾਰ ਦੌਰਾਨ ਬਰੈਂਪਟਨ ਦੇ ਵਾਰਡ 9-10 ਤੋਂ ਪੀਲ ਪਬਲਿਕ ਸਕੂਲ ਬੋਰਡ ਟਰੱਸਟੀ ਉਮੀਦਵਾਰ ਸਤਪਾਲ ਸਿੰਘ ਜੌਹਲ ਨੇ ਕਿਹਾ ਕਿ ਇਸ ਸਮੇਂ ਕਮਿਊਨਿਟੀ ਨੂੰ ਮੁੱਦਿਆਂ ਉਪਰ ਨਿੱਠ ਕੇ ਕੰਮ ਕਰਨ ਵਾਲੇ ਟਰੱਸਟੀ ਦੀ ਜਰੂਰਤ ਹੈ। ਉਨ੍ਹਾਂ ਕਿਹਾ ਕਿ ਬੱਸਾਂ, ਨਸਲਵਾਦ, ਡਰੱਗ, ਬੁਲਿੰਗ ਅਤੇ ਸਕੂਲਾਂ ਵਿੱਚ ਸਹੂਲਤਾਂ ਦੀ ਘਾਟ ਅਜਿਹੇ ਮੁੱਦੇ ਹਨ ਜਿਨ੍ਹਾਂ ਨੂੰ ਹੱਲ ਕੀਤੇ ਬਿਨਾ ਮਾਪਿਆਂ, ਬੱਚਿਆਂ ਅਤੇ ਟੀਚਰਾਂ ਸਮੇਤ ਸਕੂਲ ਸਟਾਫ ਦਾ ਜੀਵਨ ਸੌਖਾ ਕਰਨਾ ਸੰਭਵ ਨਹੀਂ ਹੈ। ਸ. ਜੌਹਲ ਨੇ ਇਕ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਸਕੂਲ ਟੱਰਸਟੀ ਵਲੋਂ ਵਿਦਿਅਕ ਸਿਸਟਮ ਅਤੇ ਕਮਿਊਨਿਟੀ ਵਿੱਚਕਾਰ ਇਕ ਕੜੀ ਵਜੋਂ ਕੰਮ ਕੀਤਾ ਜਾਣਾ ਹੁੰਦਾ ਹੈ ਅਤੇ ਉਹ ਕੜੀ ਮਜਬੂਤ ਹੋਣਾ ਸਮੇਂ ਦੀ ਲੋੜ ਹੈ ਜਿਸ ਦਾ ਭਾਵ ਹੈ ਕਿ ਸਕੂਲ ਟੱਰਸਟੀ ਜਿੰਨਾ ਲੋਕਾਂ ਦੀ ਭਾਵਨਾਵਾਂ ਨੂੰ ਸਮਝਣ ਅਤੇ ਉਨ੍ਹਾਂ ਦੀ ਕਦਰ ਕਰਨ ਵਾਲਾ ਹੋਵੇਗਾ ਓਨਾ ਹੀ ਉਹ ਲੋਕਹਿੱਤ ਨੀਤੀਆਂ ਬਣਾਉਣ ਵਿੱਚ ਸਹਾਈ ਹੋ ਸਕੇਗਾ। ਇਸੇ ਦੌਰਾਨ ਬੀਤੇ ਦਿਨੀਂ ਵਾਰਡ 9 ਅਤੇ 10 ਵਿੱਚ ਸਤਪਾਲ ਸਿੰਘ ਜੌਹਲ ਦਾ ਚੋਣ ਪ੍ਰਚਾਰ ਧੜੱਲੇ ਨਾਲ਼ ਚੱਲਦਾ ਰਿਹਾ ਅਤੇ ਇਹ ਵੀ ਕਿ ਕਮਿਊਨਿਟੀ ਵਲੋਂ ਉਨ੍ਹਾਂ ਦਾ ਆਪਮੁਹਾਰੇ ਸਾਥ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੀ ਵਲੰਟੀਅਰ ਟੀਮ ਵੀ ਵੱਡੀ ਹੈ ਜਿਨ੍ਹਾਂ ਵਲੋਂ ਲੋਕਾਂ ਨਾਲ਼ ਸੰਪਰਕ ਕਰਕੇ ਉਨ੍ਹਾਂ ਨੂੰ ਸ. ਜੌਹਲ ਦੀ ਉਮੀਦਵਾਰੀ ਬਾਰੇ ਦੱਸਿਆ ਜਾਣਾ ਜਾਰੀ ਹੈ। ਬੀਤੇ ਦਿਨ ਟੋਰਾਂਟੋ ਪੀਅਰਸਨ ਏਅਰਪੋਰਟ ਰਨਰਜ਼ ਕਲੱਬ ਦੇ ਚੇਅਰਮੈਨ ਸੰਧੂਰਾ ਸਿੰਘ ਬਰਾੜ ਨੇ ਆਪਣੀ ਟੀਮ ਸਮੇਤ ਸਤਪਾਲ ਸਿੰਘ ਜੌਹਲ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ। ਇਸ ਮੌਕੇ ’ਤੇ ਸ. ਬਰਾੜ, ਗੁਰਦੇਵ ਸਿੰਘ ਗਿੱਲ, ਗੈਰੀ ਗਰੇਵਾਲ, ਕੁਲਵੰਤ ਸਿੰਘ ਧਾਲੀਵਾਲ, ਅਤੇ ਉਨ੍ਹਾਂ ਦੀ ਟੀਮ ਦੇ ਮੈਂਬਰਾਂ ਨੇ ਆਖਿਆ ਕਿ ਉਹ ਸ. ਜੌਹਲ ਦੀ ਕੰਪੇਨ ਦੇ ਨਾਲ਼ ਡਟੇ ਹੋਏ ਹਨ ਕਿਉਂਕਿ ਬੀਤੇ ਸਮੇਂ ਵਿੱਚ ਸਤਪਾਲ ਸਿੰਘ ਜੌਹਲ ਨੇ ਲੋਕਾਂ ਦੀਆਂ ਨਿਸ਼ਕਾਮ ਸੇਵਾਵਾਂ ਕੀਤੀਆਂ ਅਤੇ ਕਈ ਜਟਿੱਲ ਸਮਿੱਸਆਵਾਂ ਹੱਲ ਕਰਕੇ ਚੰਗੇ ਸਿੱਟੇ ਕੱਢੇ ਹਨ। ਸ. ਬਰਾੜ ਨੇ ਕਿਹਾ ਕਿ ਸ. ਜੌਹਲ ਕੋਲ਼ ਕਮਿਊਨਿਟੀ ਵਾਸਤੇ ਨਿੱਠ ਕੇ ਕੰਮ ਕਰਨ ਦਾ ਹੁਨਰ ਅਤੇ ਗਹਿਰਾ ਤਜ਼ਰਬਾ ਹੈ। ਸ. ਜੌਹਲ ਨੇ ਵੋਟਰਾਂ ਨੂੰ ਅਪੀਲ ਕਰਦਿਆਂ ਆਖਿਆ ਕਿ ਚੋਣਾਂ ਦਾ ਦਿਨ 24 ਅਕਤੂਬਰ ਦਿਵਾਲੀ ਤੇ ਬੰਦੀ ਛੋੜ ਹੈ ਜਿਸ ਕਰਕੇ 14 ਅਤੇ 15 ਅਕਤੂਬਰ ਨੂੰ ਐਡਵਾਂਸ ਪੋਲਿੰਗ ਵਿੱਚ ਹੁਮਹੁਮਾ ਕੇ ਵੋਟਾਂ ਪਾਈਆਂ ਜਾਣ। ਵਾਰਡ 9 ਵਿੱਚ ਡਿਕਸੀ ਰੋਡ ਤੇ ਸੰਦਲਵੁੱਡ ਦੀ ਨੁੱਕਰ ’ਤੇ ਸਥਿਤ ਸੇਵ ਮੈਕਸ ਸੈਂਟਰ (ਸਾਕਰ ਸੈਂਟਰ) ਅਤੇ ਵਾਰਡ 10 ਵਿੱਚ ਗੋਰਮੀਡੋ ਕਮਿਊਨਿਟੀ ਸੈਂਟਰ ਵਿਖੇ ਐਡਵਾਂਸ ਦੋ ਦਿਨ ਪੋਲਿੰਗ ਹੋਵੇਗੀ।

## ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦਾ ਮਹੀਨਾਵਾਰ ਸਮਾਗ਼ਮ 15 ਅਕਤੂਬਰ ਨੂੰ

ਬਰੈਂਪਟਨ, (ਡਾ. ਝੰਡ)- ਬਰਲਿੰਗਟਨ ਤੋਂ ਡਾ. ਪਰਗਟ ਸਿੰਘ ਬੱਗਾ ਅਤੇ ਜਰਨੈਲ ਸਿੰਘ ਮੱਲ੍ਹੀ ਵੱਲੋਂ ਆਏ ਮੋਹ ਭਰੇ ਸੱਦੇ ਨੂੰ ਸਵੀਕਾਰਦਿਆਂ ਹੋਇਆਂ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਗੁਰੂ ਨਾਨਕ ਦੇਵ ਜੀ ਦੇ 553'ਵੇਂ ਪ੍ਰਕਾਸ਼-ਪੁਰਬ ਨੂੰ ਸਮਰਪਿਤ ਆਪਣਾ ਦੂਸਰਾ ਸਮਾਗ਼ਮ 15 ਅਕਤੂਬਰ ਨੂੰ ਬਰਲਿੰਗਟਨ ਵਿਖੇ ਕਰਵਾਉਣ ਦਾ ਫ਼ੈਸਲਾ ਕੀਤਾ ਹੈ ਜਿਸ ਵਿਚ ਪੰਜਾਬੀ, ਹਿੰਦੀ ਤੇ ਉਰਦੂ ਤਿੰਨਾਂ ਭਾਸ਼ਾਂ ਦਾ ਕਵੀ-ਦਰਬਾਰ ਹੋਵੇਗਾ। ਇਹ ਸਮਾਗ਼ਮ ਬਰਲਿੰਗਟਨ (ਓਨਟਾਰੀਓ) ਦੇ 1377 ਵੱਾਕਰ ਲਾਈਨ ਸਥਿਤ ਫ਼ੈਲੋਸ਼ਿਪ ਹਾਲ ਵਿਚ 15 ਅਕਤੂਬਰ ਨੂੰ ਸ਼ਨੀਵਾਰ ਬਾਅਦ ਦੁਪਹਿਰ 2.00 ਵਜੇ ਤੋਂ 5.00 ਵਜੇ ਤੀਕ ਹੋਵੇਗਾ ਜਿਸ ਵਿਚ ਬਰੈਂਪਟਨ, ਮਿਸੀਸਾਗਾ, ਹੈਮਿਲਟਨ, ਨਿਆਗਰਾ, ਓਕਵਿਲ ਤੇ ਆਸ-ਪਾਸ ਦੇ ਹੋਰ ਸ਼ਹਿਰਾਂ ਦੇ ਸਥਾਨਕ ਕਵੀਆਂ ਤੋਂ ਇਲਾਵਾ ਭਾਰਤ ਤੋਂ ਆਏ ਉਸਤਾਦ ਗ਼ਜ਼ਲਗੋ ਗੁਰਦਿਆਲ ਰੌਸ਼ਨ, ਅੰਜੁਮ ਲੁਧਿਆਣਵੀ ਅਤੇ ਵਰਿਆਮ ਮਸਤ ਵੀ ਆਪਣੀਆਂ ਕਵਿਤਾਵਾਂ, ਗ਼ਜ਼ਲਾਂ ਤੇ ਗੀਤ ਸੁਨਾਉਣਗੇ। ਬਰੈਂਪਟਨ ਤੋਂ ਬਰਲਿੰਗਟਨ ਜਾਣ ਦੇ ਚਾਹਵਾਨ ਕਵੀ ਅਤੇ ਸਾਹਿਤ-ਪ੍ਰੇਮੀ ਡਿਕਸੀ ਗੁਰੂਘਰ ਦੇ ਨਿਸ਼ਾਨ ਸਾਹਿਬ ਦੇ ਨੇੜੇ ਆਉਂਦੇ ਸ਼ਨੀਵਾਰ ਨੂੰ ਪਾਰਕਿੰਗ ਵਿਚ ਬਾਅਦ ਦੁਪਹਿਰ 12.00 ਵਜੇ ਇਕੱਤਰ ਹੋਣ ਦੀ ਖੇਚਲ ਕਰਨ। ਸਾਰੇ ਇਕੱਠੇ ਹੋ ਕੇ ਉੱਥੋਂ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਮੈਂਬਰਾਂ ਦੀਆਂ ਜਾਂ ਆਪਣੀਆਂ ਨਿੱਜੀ ਕਾਰਾਂ ਵਿਚ ਕਾਫ਼ਲੇ ਦੇ ਰੂਪ ਵਿਚ ਠੀਕ 12.30 ਵਜੇ ਬਰਲਿੰਗਟਨ ਨੂੰ ਰਵਾਨਾ ਹੋਣਗੇ।
ਇਸ ਸਬੰਧੀ ਹੋਰ ਜਾਣਕਾਰੀ ਹਾਸਲ ਕਰਨ ਲਈ ਡਾ. ਪਰਗਟ ਸਿੰਘ ਬੱਗਾ (905-531-8901), ਜਰਨੈਲ ਸਿੰਘ ਮੱਲ੍ਹੀ (905-399-7799), ਤਲਵਿੰਦਰ ਸਿੰਘ ਮੰਡ (416-904-3500), ਮਲੂਕ ਸਿੰਘ ਕਾਹਲੋਂ (905-497-1216) ਜਾਂ ਸੁਖਦੇਵ ਸਿੰਘ ਝੰਡ (647-567-9128) 'ਤੇ ਸੰਪਰਕ ਕੀਤਾ ਜਾ ਸਕਦਾ ਹੈ।




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

VOTE TO RE-ELECT
# Paul Vicente
☑ Brampton Regional Councillor Wards 1&5

VOTE TO RE-ELECT
# Rowena Santos
☑ Brampton City Councillor Wards 1&5




paulvicente.ca



rowenasantos.ca

*Vote Vicente and Santos for a Brighter Future for Brampton*




WARDS 1&5

**bramptonvotes.ca 647.501.8683**
For dates, times, voting locations, rides and reminders




*A trusted voice for our community*

Elect
# JOHAL SATPAUL SINGH
your
Peel District School Board Trustee
Brampton Wards 9 - 10

**I will work for you to:**

- Advocate to build a partnership with City to provide free Transit for Peel students
- Strengthen relationships in school communities
- Build an inclusive environment free of racism, bullying & drugs
- Decrease congestion around schools
- Advocate for more Regional Programs Funding
- Ensure fair funding for Peel Schools

**Phone: 416-895-3784 | Email: satpaulsinghjohal@gmail.com**




**Advance Polling:**
from 10:00 am - 8:00 pm
October 7, 8, 9, 14 and 15

*Elect Satpaul Singh Johal*
*Trustee for Peel District School Board*

**Election Day:**
**October 24, 2022**

**My Name is on the Ballot Paper**
ਇਲੈਕਸ਼ਨ ਦਾ ਦਿਨ 24 ਅਕਤੂਬਰ
ਐਡਵਾਂਸ ਵੋਟਾਂ :
7, 8, 9, 14 ਤੇ 15 ਅਕਤੂਬਰ
ਵੋਟਾਂ ਪਾਉਣ ਦਾ ਸਮਾਂ 10 ਤੋਂ 8 ਵਜੇ ਤੱਕ

Mark X or ✓ in front of:
**JOHAL, SATPAUL SINGH**
Peel District School Board Trustee
Brampton Wards 9 - 10

**Phone: 416-895-3784 | Email: satpaulsinghjohal@gmail.com**
Authorised by Satpaul Singh Johal Campaign

# PROVEN LEADERSHIP VS DIRTY POLITICS

Dear constituents,
You may have recently received a negative flyer targeting me.
THIS IS A CLEAR POLITICAL ATTACK AGAINST ME, MY FAMILY, AND MY CONSTITUENTS.

## I want to provide you the simple facts:

- ✓ There were NEVER any criminal charges laid
- ✓ There was NEVER a criminal conviction
- ✓ There was NEVER a finding of guilt
- ✓ I was NEVER interviewed by any law enforcement agency
- ✓ I was NEVER interviewed by the Integrity Commissioner
- ✓ There was NO taxpayer money EVER used as “hush money” as confirmed by the City Solicitor
- ✓ The Integrity Commissioner was since TERMINATED from the position

## ‘Back Home’ politics has no place here

This attack is a clear case of a political defamation and a desperate attempt to thwart democracy by those with no plan, no record, and no regard for the residents of Wards 9 & 10. They will not succeed. We will be commencing legal action and will keep you updated.

My commitment and service to my constituents will never waver regardless of any personal attack against me and my family.



Re-elect Gurpreet Singh DHILLON for Regional Councillor Wards 9 & 10 on October 24th.

# ਸਾਬਤ ਹੋਈ ਲੀਡਰਸ਼ਿਪ ਬਨਾਮ ਗੰਦੀ ਰਾਜਨੀਤੀ

ਪਿਆਰੇ ਵੋਟਰੋ,
ਹੋ ਸਕਦਾ ਹੈ ਕਿ ਤੁਹਾਨੂੰ ਹਾਲ ਹੀ ਵਿੱਚ ਮੈਨੂੰ ਨਿਸ਼ਾਨਾ ਬਣਾ ਕੇ ਇੱਕ ਬਦਨਾਮੀ ਵਾਲਾ ਫਲਾਇਰ ਮਿਲਿਆ ਹੋਵੇ।
ਇਹ ਮੇਰੇ, ਮੇਰੇ ਪਰਿਵਾਰ ਅਤੇ ਮੇਰੇ ਹਲਕੇ ਦੇ ਖਿਲਾਫ ਸਪੱਸ਼ਟ ਸਿਆਸੀ ਹਮਲਾ ਹੈ।

## ਮੈਂ ਤੁਹਾਨੂੰ ਸਧਾਰਨ ਤੱਥ ਪ੍ਰਦਾਨ ਕਰਨਾ ਚਾਹੁੰਦਾ ਹਾਂ:

- ✓ ਕਦੇ ਵੀ ਕੋਈ ਅਪਰਾਧਿਕ ਦੋਸ਼ ਨਹੀਂ ਸਨ, ਨਾ ਹੀ ਕੋਈ ਦੋਸ਼ੀ ਸੀ
- ✓ ਮੇਰੀ ਕਦੇ ਵੀ ਕਿਸੇ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਦੁਆਰਾ ਇੰਟਰਵਿਊ ਨਹੀਂ ਕੀਤੀ ਗਈ ਸੀ
- ✓ ਮੇਰੀ ਕਦੇ ਵੀ Integrity ਕਮਿਸ਼ਨਰ ਦੁਆਰਾ ਇੰਟਰਵਿਊ ਨਹੀਂ ਕੀਤੀ ਗਈ ਸੀ
- ✓ ਟੈਕਸਦਾਤਾ ਦਾ ਕੋਈ ਪੈਸਾ ਕਦੇ "ਹਸ਼ ਮਨੀ" ਵਜੋਂ ਵਰਤਿਆ ਨਹੀਂ ਗਿਆ ਸੀ ਜਿਵੇਂ ਕਿ ਸਿਟੀ ਵਕੀਲ ਦੁਆਰਾ ਪੁਸ਼ਟੀ ਕੀਤੀ ਗਈ ਹੈ
- ✓ Integrity ਕਮਿਸ਼ਨਰ ਨੂੰ ਅਹੁਦੇ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ

## ਇੱਥੇ ‘ਬੈਕ ਹੋਮ’ ਰਾਜਨੀਤੀ ਦੀ ਕੋਈ ਥਾਂ ਨਹੀਂ ਹੈ।

ਇਹ ਹਮਲਾ ਸਿਆਸੀ ਬਦਨਾਮੀ ਦਾ ਸਪੱਸ਼ਟ ਕੇਸ ਹੈ ਅਤੇ ਵਾਰਡ 9 ਅਤੇ 10 ਦੇ ਨਿਵਾਸੀਆਂ ਦੀ ਕੋਈ ਵੀ ਯੋਜਨਾ, ਕੋਈ ਰਿਕਾਰਡ ਅਤੇ ਕੋਈ ਪਰਵਾਹ ਨਾ ਕਰਨ ਵਾਲਿਆਂ ਦੁਆਰਾ ਲੋਕਤੰਤਰ ਨੂੰ ਅਸਫਲ ਕਰਨ ਦੀ ਇੱਕ ਕੋਝੀ ਕੋਸ਼ਿਸ਼ ਹੈ। ਉਹ ਸਫਲ ਨਹੀਂ ਹੋਣਗੇ। ਅਸੀਂ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਅਤੇ ਤੁਹਾਨੂੰ ਅਪਡੇਟ ਕਰਦੇ ਰਹਾਂਗੇ।

ਮੇਰੇ ਅਤੇ ਮੇਰੇ ਪਰਿਵਾਰ 'ਤੇ ਕਿਸੇ ਵੀ ਨਿੱਜੀ ਹਮਲੇ ਦੀ ਪਰਵਾਹ ਕੀਤੇ ਬਿਨਾਂ ਮੇਰੇ ਹਲਕੇ ਪ੍ਰਤੀ ਮੇਰੀ ਵਚਨਬੱਧਤਾ ਅਤੇ ਸੇਵਾ ਕਦੇ ਵੀ ਡਗਮਗਾ ਨਹੀਂ ਸਕਦੀ।



ਗੁਰਪ੍ਰੀਤ ਸਿੰਘ ਢਿੱਲੋਂ ਨੂੰ ਖੇਤਰੀ ਕੌਂਸਲਰ ਵਾਰਡ 9 ਅਤੇ 10 ਲਈ 24 ਅਕਤੂਬਰ ਨੂੰ ਦੁਬਾਰਾ ਚੁਣੋ।